


These Books are printed and distributed free of cost by the :

WILLIAM BRANHAM GOOD NEWS SOCIETY
Glady's Dauch Memorial Building
PB. No. 5304
No. 13, Subbarayan Nagar I Street,
Kodambakkam, Chennai - 600 024. S.INDIA.
Phone : 2473 0634
Visit us at www.wbgns.org

**PUNJABI**

# *The Spoken Word*

*By*

## WILLIAM MARRION BRANHAM

# ਦੂਜੀ ਮੋਹਰ

## THE SECOND SEAL

19 ਮਾਰਚ 1963

ਜੈਫਰਸਨਵਿਲੇ, ਇੰਡਿਆਨਾ, ਯੂ. ਐਸ. ਏ

ਬੋਲਿਆ ਹੋਇਆ ਵਚਨ ਹੀ ਮੂਲ ਬੀਜ ਹੈ

# ਦੂਜੀ ਮੋਹਰ
# THE SECOND SEAL

WILLIAM MARRION BRANHAM

These books are printed & distributed free of cost by the :


**WILLIAM BRANHAM GOOD NEWS SOCIETY**
Glady's Dauch Memorial Building,
Post Box No. 5304
No. 13, Dr. Subbarayan Nagar I Street,
Kodambakkam, Chennai - 600 024, South India.
Phone : 044-2473 0634
Web : www.wbgns.org

ਹੈ ਕਿ ਤੁਹਾਨੂੰ ਪਵਿੱਤਰ ਆਤਮਾ ਦੀ ਲੋੜ ਹੈ ਅਤੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਨੂੰ ਦੁਆ ਵਿੱਚ ਯਾਦ ਰੱਖੀਏ। ਕੀ ਤੁਸੀਂ ਖੜੇ ਹੋ ਜਾਵੋਗੇ ਤਾਂ ਕਿ ਸਾਨੂੰ ਇਹ ਪਤਾ ਲੱਗ ਜਾਵੇ ਕਿ ਤੁਸੀਂ ਕੌਣ ਹੋ? ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ। ਲੋੜ? ਪ੍ਰਭੂ ਤੁਹਾਨੂੰ ਬਰਕਤ ਦੇਵੇ।

358 ਮੇਰੇ ਅਨੁਸਾਰ ਕੋਈ ਡੇਢ ਕੁ ਸੌ ਇੱਥੇ ਖੜੇ ਹੋਏ ਹਨ।ਕਾਸ਼ ਕਿ ਅਜਿਹਾ ਹੁੰਦਾ ਕਿ ਮੈਂ ਸਭਨਾਂ ਨੂੰ ਦੇਖ ਸੱਕਦਾ। ਮੈਂ ਨਹੀਂ ਜਾਣਦਾ ਹਾਂ ਕਿ ਕਿੰਨੇ ਲੋਕ ਕਮਰੇ ਵਿੱਚ ਅਤੇ ਕਿੰਨੇ ਬਾਹਰ ਚਾਰੇ-ਪਾਸੇ ਆਪਣੇ ਹੱਥ ਉੱਪਰ ਉਠਾਏ ਹੋਏ ਖੜੇ ਹਨ।ਤੁਹਾਨੂੰ ਪਵਿੱਤਰ ਆਤਮਾ ਦੀ ਲੋੜ ਹੈ।

ਹੁਣ ਆਓ ਅਸੀਂ ਦੁਆ ਕਰੀਏ।

359 ਹੁਣ, ਤੁਸੀਂ ਜੋ ਉਨ੍ਹਾਂ ਲੋਕਾਂ ਨੂੰ ਦੇਖਦੇ ਹੋ ਜਿਹੜੇ ਤੁਹਾਡੇ ਲਾਗੇ ਖੜੇ ਹਨ।ਅਤੇ ਉਹ ਮਸੀਹ ਦੇ ਸਾਹਮਣੇ ਇੱਕ ਗਵਾਹ ਦੇ ਰੂਪ ਵਿੱਚ ਹਨ, " ਪ੍ਰਭੂ ਮੈਨੂੰ ਤੇਰੀ ਲੋੜ ਹੈ । ਮੈਨੂੰ ਤੇਰੀ ਲੋੜ ਹੈ।ਮੈਂ ਨਿਹਚਾ ਕਰਦਾ ਹਾਂ ਕਿ ਮੈਂ ਉਨ੍ਹਾਂ ਵਿੱਚੋਂ ਇੱਕ ਹਾਂ ਜਿਨ੍ਹਾਂ ਨੇ ਅੱਜ ਰਾਤ ਆਪਣੇ ਨਾਮ ਨੂੰ ਜੋ ਕਿ ਧਰਤੀ ਦੀ ਨੀਂਹ ਧਰਨ ਤੋਂ ਪਹਿਲਾਂ ਲੇਲੇ ਦੀ ਜੀਵਨ ਦੀ ਪੋਥੀ ਵਿੱਚ ਲਿਖ ਦਿੱਤਾ ਗਿਆ ਸੀ ਉਸ ਮੋਹਰ ਵਿੱਚ ਵੇਖਿਆ ਹੈ।ਪ੍ਰਭੂ ਕਿਸੇ ਚੀਜ਼ ਨੇ ਮੇਰੇ ਦਿਲ ਨੂੰ ਛੂਹਿਆ ਹੈ, ਅਤੇ ਹੁਣ ਮੈਂ ਖੜਾ ਹੋਇਆ ਹਾਂ।ਕੀ ਇਹ ਮੈਂ ਹਾਂ ਜਿਹਨੂੰ ਤੂੰ ਬੁਲਾ ਰਿਹਾ ਹੈਂ? ਕੀ ਇਹ ਮੈਂ ਹੀ ਹਾਂ? ਮੈਂ ਚਾਹੁੰਦਾ ਹਾਂ ਕਿ ਤੂੰ ਮੇਰੇ ਤੇ ਪ੍ਰਗਟ ਕਰ ਕਿ ਮੇਰਾ ਨਾਮ ਉਸ ਵਿੱਚ ਲਿਖਿਆ ਹੋਇਆ ਹੈ।ਤੂੰ ਮੈਨੂੰ ਪਾਕ ਰੂਹ ਨਾਲ ਭਰ ਦੇ ਅਤੇ ਆਪਣੇ ਵਿੱਚ ਪਵਿੱਤਰ ਆਤਮਾ ਦੇ ਰਾਹੀਂ ਮੈਨੂੰ ਮੋਹਰਬੰਦ ਕਰ ਦੇ।"ਤੁਸੀਂ ਜਿਹੜੇ ਪਹਿਲਾਂ ਹੀ ਮੋਹਰਬੰਦ ਹੋ ਚੁੱਕੇ ਹੋ ਮੈਂ ਚਾਹੁੰਦਾ ਹਾਂ ਕਿ ਤੁਸੀਂ ਖੜੇ ਹੋ ਜਾਓ।ਤੁਸੀਂ ਉਹਨਾਂ ਦੇ ਕੋਲ ਜਾਓ ਜਿਹੜੇ ਤੁਹਾਡੇ ਆਲੇ-ਦੁਆਲੇ ਖੜੇ ਹਨ ਅਤੇ ਉਨ੍ਹਾਂ ਦੇ ਉੱਤੇ ਹੱਥ ਰੱਖ ਕੇ ਉਨ੍ਹਾਂ ਲਈ ਦੁਆ ਕਰੋ। [ਭਾਈ ਬ੍ਰਾਨਹਾਮ ਚੁੱਪ ਹੋ ਜਾਂਦੇ ਹਨ।] ਹੁਣ ਪੂਰੀ ਇਮਾਨਦਾਰੀ ਨਾਲ ਗੰਭੀਰ ਹੋਵੋ। [ਸਾਰੀ ਸੰਗਤ ਦੁਆ ਕਰਨੀ ਅਰੰਭ ਕਰ ਦਿੰਦੀ ਹੈ-ਸੰਪਾ]

360 ਸੁਰਗੀ ਪਿਤਾ, ਪ੍ਰਭੂ ਯਿਸੂ ਦੇ ਨਾਮ ਵਿੱਚ ਹੋਣ ਦੇ ਕਿ ਮਹਾਨ ਪਵਿੱਤਰ ਆਤਮਾ ਸਰੋਤਿਆਂ ਦੀ ਇਸ ਹਾਜ਼ਰ ਸਭਾ ਤੇ ਤੇਜ਼ ਹਨੇਰੀ ਗੂੰਜ ਵਾਂਗੂੰ ਮੰਡਰਾਏ, ਅਤੇ ਪ੍ਰਭੂ ਹਰ ਇੱਕ ਦਿਲ ਨੂੰ ਸੱਦ ਜੋ ਇੱਥੇ ਹੈ। ਇਨ੍ਹਾਂ ਲੋਕਾਂ ਤੇ ਪਵਿੱਤਰ ਆਤਮਾ ਦਾ ਬਪਤਿਸਮਾ ਭੇਜ।

ਅਤੇ ਉੱਧਰ ਪਾਣੀ ਇੰਤਜ਼ਾਰ ਕਰ ਰਿਹਾ ਹੈ।

361 "ਜਦ ਪਤਰਸ ਇਨ੍ਹਾਂ ਗੱਲਾਂ ਨੂੰ ਕਹਿ ਹੀ ਰਿਹਾ ਸੀ ਤਾਂ ਪਵਿੱਤਰ ਆਤਮਾ ਉਹਨਾਂ ਲੋਕਾਂ ਤੇ ਉੱਤਰਿਆ ਜੋ ਵਚਨ ਸੁਣ ਰਹੇ ਸਨ ਅਤੇ ਉਹ ਪਵਿੱਤਰ ਆਤਮਾ ਨਾਲ ਭਰ ਗਏ ਸਨ।"

*[ਸਾਰੀ ਸੰਗਤ ਲਗਾਤਾਰ ਦੁਆ ਕਰਨੀ ਜਾਰੀ ਰੱਖਦੀ ਹੈ-ਸੰਪਾ]*

# ਦੂਜੀ ਮੋਹਰ
# THE SECOND SEAL

ਮਿੱਤਰੋ, ਸ਼ਾਮ ਦੇ ਵੇਲੇ ਦਾ ਸਲਾਮ । ਆਓ ਕੁਝ ਪਲਾਂ ਲਈ ਅਸੀਂ ਸੱਭ ਦੁਆ ਵਾਸਤੇ ਖੜੇ ਹੋ ਜਾਈਏ ।

2 ਸਾਡੇ ਸਵਰਗੀ ਪਿਤਾ, ਅੱਜ ਰਾਤ ਅਸੀਂ ਫਿਰ ਇਸ ਪਵਿੱਤਰ ਸੰਗਤ ਵਿੱਚ ਪ੍ਰਮੇਸ਼ੁਰ ਦੀ ਭਗਤੀ ਲਈ ਇੱਕਠੇ ਹੋਏ ਹਾਂ।ਅਤੇ ਤੂੰ ਸਾਡੇ ਨਾਲ ਵਾਇਦਾ ਕੀਤਾ ਹੈ ਕਿ ਅਸੀਂ ਜਿੱਥੇ ਕਿਤੇ ਵੀ ਭਾਵੇਂ ਥੋੜੇ ਦੋ ਜਾਂ ਤਿੰਨ ਤੇਰੇ ਨਾਮ ਵਿੱਚ ਇਕੱਠੇ ਹੋਵਾਂਗੇ ਤੂੰ ਸਾਡੇ ਵਿੱਚਕਾਰ ਹੋਵੇਂਗਾ।ਅਤੇ ਅਸੀਂ ਅਸੀਂ ਪੱਕੀ ਨਿਹਚਾ ਕਰਦੇ ਹਾਂ ਕਿ ਤੂੰ ਸਾਡੇ ਵਿੱਚਕਾਰ ਹੈਂ, ਕਿਉਂਕਿ ਅਸੀਂ ਉਸੇ ਦੇ ਨਾਮ ਵਿੱਚ ਇੱਕਠੇ ਹੋਏ ਹਾਂ।

3 ਹੁਣ ਅਸੀਂ ਦੁਆ ਕਰਦੇ ਹਾਂ ਕਿ ਪਿਤਾ ਤੂੰ ਆਪ ਆ ਅਤੇ ਸਾਡੇ ਲਈ ਇਸ ਦੂਸਰੀ ਮੋਹਰ ਨੂੰ ਖੋਲ੍ਹ ਦੇ ਅਤੇ ਜਿਵੇਂ ਕਿ ਕਵੀ ਨੇ ਆਖਿਆ ਹੈ ਕਿ ਉਹ ਸਮੇਂ ਦੇ ਪਰਦੇ ਦੇ ਪਿੱਛੇ ਝਾਤੀ ਮਾਰਨਾ ਚਾਹੁੰਦਾ ਹੈ ।ਅਤੇ ਪ੍ਰਭੂ ਇਹੋ ਹੀ ਸਾਡੀ ਵੀ ਇੱਛਾ ਹੈ ਕਿ ਅਸੀਂ ਵੀ ਪਿਛਲੇ ਸਮੇਂ ਤੇ ਪਿੱਛੇ ਝਾਤੀ ਮਾਰ ਕੇ ਦੇਖ ਸਕੀਏ ਕਿ ਅੱਗੇ ਕੀ ਹੋਣਾ ਹੈ। ਅਤੇ ਅਸੀਂ ਬੇਨਤੀ ਕਰਦੇ ਹਾਂ ਕਿ ਹੁਣ ਕੋਹਿਆ ਹੋਇਆ ਲੇਲਾ ਸਾਡੇ ਵਿੱਚ ਆਵੇ ਅਤੇ ਮੋਹਰ ਨੂੰ ਤੋੜੇ, ਅਤੇ-ਅਤੇ ਸਾਡੇ ਉੱਤੇ ਉਹਨਾਂ ਗੱਲਾਂ ਨੂੰ ਪ੍ਰਗਟ ਕਰੇ ਜਿਨ੍ਹਾਂ ਦੀ ਸਾਨੂੰ ਲੋੜ ਹੈ।

4 ਪ੍ਰਭੂ ਇੱਥੇ ਕੁਝ ਅਜਿਹੇ ਲੋਕ ਵੀ ਹਨ ਜਿਨ੍ਹਾਂ ਨੇ ਹਾਲੇ ਤੱਕ ਮਸੀਹ ਦੇ ਦੁਆਲੇ ਉਸ ਮਹਾਨ ਸੰਗਤੀ ਵਿੱਚ ਪ੍ਰਵੇਸ਼ ਨਹੀਂ ਕੀਤਾ ਹੈ।ਅਸੀਂ ਦੁਆ ਕਰਦੇ ਹਾਂ ਕਿ ਅੱਜ ਰਾਤ ਉਹ ਇਸ ਅਨੰਤ ਫੈਸਲੇ ਨੂੰ ਲੈਣ, ਤਾਂ ਕਿ ਉਹ ਪ੍ਰਮੇਸ਼ੁਰ ਦੇ ਆਤਮਾ ਨਾਲ ਭਰਪੂਰ ਹੋਣ।

5 ਪਿਤਾ ਜੀ ਜੇ ਕੋਈ ਇੱਥੇ ਬਿਮਾਰ ਹੈ ਤਾਂ ਸਾਡੀ ਬੇਨਤੀ ਹੈ ਕਿ ਤੂੰ ਉਸ ਨੂੰ ਚੰਗਾ ਕਰ ਦੇ।ਇੱਥੇ ਬਹੁਤ ਸਾਰੇ ਰੁਮਾਲ ਪਏ ਹੋਏ ਹਨ ਜਿਨ੍ਹਾਂ ਤੇ ਮੈਂ ਆਪਣੇ ਹੱਥ ਰੱਖ ਰਿਹਾਂ ਹਾਂ-ਸੰਤ ਪੌਲੂਸ ਦੀ ਖੁਸ਼ਖਬਰੀ ਦੀ ਯਾਦ ਅਨੁਸਾਰ ਜਦ ਕਿ ਲੋਕ ਉਸਦੇ ਸ਼ਰੀਰ ਨਾਲ ਰੁਮਾਲਾਂ ਅਤੇ ਕੱਪੜਿਆਂ ਨੂੰ ਛੁਆ ਕੇ ਲੈ ਜਾਂਦੇ ਸਨ ।ਭ੍ਰਿਸ਼ਟ ਆਤਮੇ ਲੋਕਾਂ ਵਿੱਚੋਂ ਨਿੱਕਲ ਜਾਂਦੇ ਅਤੇ ਲੋਕ ਨਿਰੋਗ ਹੋ ਜਾਂਦੇ ਸਨ।

6 ਅਸੀਂ ਪ੍ਰਭੂ ਦੀ ਆਮਦ ਨੂੰ ਨੇੜੇ ਆਉਂਦਿਆਂ ਦੇਖ ਰਹੇ ਹਾਂ।ਅਸੀਂ ਜਾਣਦੇ ਹਾਂ ਕਿ ਸਮਾਂ ਨੇੜੇ ਆ ਪੁੱਜਾ ਹੈ,ਅਤੇ ਇਹ ਗੱਲਾਂ ਉੱਨੀ ਸੌ ਸਾਲ ਬਾਦ ਕਲੀਸਿਯਾ ਵਿੱਚ ਮੁੜ ਪਰਤ ਆਈਆਂ ਹਨ।

7 ਹੁਣ ਪਿਤਾ ਅਸੀਂ ਪ੍ਰਾਰਥਨਾ ਕਰਦੇ ਹਾਂ, ਤੂੰ ਸਾਨੂੰ ਉਹ ਚੀਜ਼ਾਂ ਬਖਸ਼ ਦੇਵੇਂਗਾ ਜਿਹਨਾਂ ਦੀ ਅਸੀਂ ਮੰਗ ਕੀਤੀ ਹੈ । ਆਪਣੇ ਸੇਵਕ ਨੂੰ ਸਾਮਰਥ ਦੇ, ਅਤੇ ਜਿੱਥੇ ਕਿਤੇ ਵੀ ਤੇਰੇ ਸੇਵਕ ਪਾਏ ਜਾਂਦੇ ਹਨ ਤੂੰ ਉਹਨਾਂ ਦੀ ਮੱਦਦ ਕਰ, ਅਤੇ ਖਾਸ ਤੋਰ ਤੇ ਸਾਡੀ ਮੱਦਦ ਕਰ ਜਦ ਅੱਜ ਰਾਤ

ਇਸ ਜਗ੍ਹਾ ਤੇ ਇੱਕਠੇ ਹੋਏ ਹਾਂ ਕਿ ਅਸੀਂ ਵਚਨ ਨੂੰ ਕਬੂਲ ਕਰਨ ਦੇ ਯੋਗ ਹੋਈਏ । ਅਸੀਂ ਇਹ ਦੁਆ ਪ੍ਰਭੂ ਯਿਸੂ ਦੇ ਨਾਮ ਵਿੱਚ ਮੰਗਦੇ ਹਾਂ ।ਆਮੀਨ।

8 ਅੱਜ ਰਾਤ ਖੁਦਾ ਦੇ ਭਵਨ ਵਿੱਚ ਆਉਣਾ ਸੱਚ-ਮੁੱਚ ਕੇਡੀ ਵਧੀਆ ਗੱਲ ਹੈ।ਮੈਂ ਜਾਣਦਾ ਹਾਂ ਕਿ ਤੁਹਾਡੇ ਵਿੱਚੋਂ ਬਹੁਤ ਸਾਰਿਆਂ ਨੂੰ ਖੜੇ ਹੋਣਾ ਪੈ ਰਿਹਾ ਹੈ, ਮੈਨੂੰ ਇਸਦੇ ਲਈ ਅਫਸੋਸ ਹੈ, ਪ੍ਰੰਤੂ ਮੁਸ਼ਕਿਲ ਦੇ ਨਾਲ ਹੀ ਅਸੀਂ ਕੁਝ ਕਰ ਸੱਕਦੇ ਹਾਂ। ਅਸੀਂ ਗਿਰਜੇ ਨੂੰ ਵਧਾਇਆ ਹੈ ਤਾਂ ਕਿ ਤਿੰਨ ਜਾਂ ਚਾਰ ਸੋ ਲੋਕ ਹੋਰ ਆ ਸਕਣ ।ਪਰ ਜਦੋਂ ਇਸ ਤਰ੍ਹਾਂ ਦੀਆਂ ਖਾਸ ਸੰਗਤਾਂ ਹੁੰਦੀਆਂ ਹਨ ਤਾਂ ਥੋੜੀ ਭੀੜ ਹੋਰ ਵੱਧ ਜਾਂਦੀ ਹੈ।

9 ਹੁਣ, ਇਹ ਮੇਰੇ ਲਈ ਬਹੁਤ ਹੀ ਵਧੀਆ ਸਮਾਂ ਹੈ ਜਿਸ ਵਿੱਚ ਮੈਂ ਦੁਆ ਕਰ ਰਿਹਾਂ ਹਾਂ ਅਤੇ ਇਹਨਾਂ ਮੋਹਰਾਂ ਦਾ ਅਧਿਐਨ ਕਰ ਰਿਹਾਂ ਹਾਂ।ਮੈਂ ਆਸ ਕਰਦਾ ਹਾਂ ਕਿ ਤੁਹਾਡੇ ਸਭਨਾਂ ਲਈ ਵੀ ਇਹ ਬਹੁਤ ਵਧੀਆ ਸਮਾਂ ਹੈ? [ਸੰਗਤ ਆਖਦੀ ਹੈ "ਆਮੀਨ।"-ਸੰਪਾ] ਮੈਨੂੰ ਪੂਰਾ ਯਕੀਨ ਹੈ ਕਿ ਇਸੇ ਤਰ੍ਹਾਂ ਹੀ ਹੈ।ਅਤੇ ਜੇ ਇਸਦਾ ਮਹੱਤਵ ਤੁਹਾਡੇ ਲਈ ਓਨਾ ਹੀ ਹੈ ਜਿੰਨਾ ਕਿ ਮੇਰੇ ਲਈ ਤਾਂ ਤੁਸੀਂ ਬਹੁਤ ਹੀ ਭਾਗਸ਼ਾਲੀ ਲੋਕ ਹੋ।

10 ਇਸ ਸੰਗਤ ਤੋਂ ਬਾਦ ਮੈਂ ਆਪਣੀ ਮਿੱਤਰ ਨੂੰ ਬੁਲਾਉਣਾ ਚਾਹੁੰਦਾ ਹਾਂ। ਅਤੇ ਅੱਜ ਉਸਦਾ ਜਨਮ ਦਿਨ ਹੈ।ਅੱਜ ਉਹ ਬਾਰ੍ਹਾਂ ਸਾਲਾਂ ਦੀ ਹੋ ਗਈ ਹੈ ਉਹ ਮੇਰੀ ਬੇਟੀ ਸਾਰਾਹ ਹੈ।ਅਤੇ ਇਸ ਤੋਂ ਬਾਦ ਪਰਸੋਂ ਨੂੰ ਮੈਂ ਇੱਕ ਹੋਰ ਨਾਮ ਬੁਲਾਉਣਾ ਹੈ ਕਿਉਂਕਿ ਪਰਸੋਂ ਨੂੰ ਬੈਕੀ ਦਾ ਜਨਮ ਦਿਨ ਹੈ।

11 ਅਤੇ ਹੁਣ, ਅੱਜ ਰਾਤ ਅਸੀਂ ਦੂਸਰੀ ਮੋਹਰ ਦਾ ਅਧਿਐਨ ਕਰਨ ਵਾਲੇ ਹਾਂ।ਅਤੇ ਪਹਿਲੀਆਂ ਚਾਰ ਮੋਹਰਾਂ ਵਿੱਚ ਚਾਰ ਘੋੜਸਵਾਰ ਹਨ।ਅਤੇ ਮੈਂ ਤੁਹਾਨੂੰ ਦੱਸਦਾ ਹਾਂ ਕਿ ਅੱਜ ਫਿਰ ਕੁਝ ਵਾਪਰਿਆ ਹੈ।ਅਤੇ ਮੈਂ-ਮੈਂ ਕੁਝ ਅਜਿਹਾ ਸੀ ਜੋ .........ਮੈਂ ਗਿਆ ਅਤੇ ਮੈਂ ਕੁਝ ਪੁਰਾਣੇ ਲੇਖਾਂ ਨੂੰ ਜੋ ਮੇਰੇ ਕੋਲ ਸਨ ਲਿਆ, ਜਿਸਦੇ ਬਾਰੇ ਵਿੱਚ ਮੈਂ ਕਾਫੀ ਸਮਾਂ ਪਹਿਲਾਂ ਬੋਲਿਆ ਸੀ।ਅਤੇ ਮੈਂ ਉੱਥੇ ਬੈਠ ਗਿਆ, " ਚੰਗਾ, ਮੈਂ-ਮੈਂ ਜਿੰਨਾ ਵਧੀਆ ਕਰ ਸੱਕਦਾ ਸਾਂ ਕੀਤਾ ਹੈ।" ਅਤੇ ਬਹੁਤ ਸਾਰੇ ਲੇਖਕਾਂ ਦੀਆਂ ਵਿਆਖਿਆਵਾਂ ਵੀ ਪੜ੍ਹੀਆਂ, ਅਤੇ ਮੈਂ ਸੋਚਿਆ, " ਅੱਛਾ, ਮੈਂ ਥੋੜਾ ਹੋਰ ਪੜ੍ਹਾਂਗਾ, ਅਤੇ *ਇਸ* ਅਤੇ *ਉਸ* ਨੂੰ ਪੜ੍ਹਾਂ।" ਤੁਹਾਨੂੰ ਪਤਾ ਹੋਵੇ ਕਿ ਇੱਕ ਘਟਨਾ ਵਾਪਰੀ ਅਤੇ ਇਹ ਬਿਲਕੁੱਲ ਵੱਖਰੀ ਕਿਸਮ ਦੀ ਘਟਨਾ ਸੀ।ਇਹ ਇੱਕ ਵੱਖਰੇ ਢੰਗ ਨਾਲ ਆਈ । ਅਤੇ ਮੈਂ ਪੈੱਨ ਚੁੱਕਿਆ ਅਤੇ ਜਿੰਨੀ ਕਾਹਲੀ ਲਿਖ ਸੱਕਦਾ ਸੀ, ਲਿਖਣ ਲੱਗਾ, ਜਦਕਿ ਉਹ ਉੱਥੇ ਹਾਜ਼ਰ ਸੀ।

12 ਐਂਹ, ਅਜੇ ਕੋਈ ਡੂਢ ਕੁ ਘੰਟਾ ਹੀ ਹੋਇਆ ਜਦ ਇਹ ਘਟਨਾ ਵਾਪਰੀ ਹੈ।ਕੁਝ ਦੇਰ ਪਹਿਲਾਂ ਭਾਈ ਵੁੱਡ ਨੂੰ ਮੈਂ ਇਹ ਦੱਸ ਰਿਹਾ ਸੀ ਤੁਸੀਂ ਜਾਣਦੇ ਹੋ ਕਿ ਕੋਈ ਘਟਨਾ ਘਟੀ ਹੈ ।ਵੇਖੋ, ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਹੁੰਦੀਆਂ ਹਨ ਜਿਸਦੇ ਬਾਰੇ ਵਿੱਚ ਤੁਸੀਂ ਦੱਸ ਨਹੀਂ ਸੱਕਦੇ ਹੋ।ਪ੍ਰੰਤੂ ਕੋਈ ਅਜਿਹੀ ਘਟਨਾ ਵਾਪਰੀ ਹੈ ਜਿਸ ਤੋਂ ਮੈਨੂੰ ਬਹੁਤ ਸਹਾਇਤਾ ਮਿਲੀ ਹੈ।

13 ਇਸ ਇਮਾਰਤ ਵਿੱਚ ਮੇਰਾ ਇੱਕ ਦੋਸਤ ਹੈ । ਅਸਲ ਵਿੱਚ ਤੁਸੀਂ ਸਾਰੇ ਹੀ ਮੇਰੇ ਮਿੱਤਰ ਹੋ।ਪ੍ਰੰਤੂ ਮੇਰਾ ਉਹ ਦੋਸਤ ਭਾਈ ਲੀ ਵੇਲ ਹੈ ।ਉਹ ਬਹੁਤ ਹੀ ਵਧੀਆ ਭਾਈ ਹਨ ਅਤੇ ਵਚਨ ਦਾ ਅਧਿਐਨ ਕਰਨ ਵਾਲੇ ਹਨ।ਡਾਕਟਰ ਵੇਲ ਪਵਿੱਤਰ ਆਤਮਾ ਪਾਏ ਹੋਏ ਹਨ ਤੇ ਬੈਪਟਿਸਟ



353 ਜਦ ਪੋਲੂਸ ਉੱਪਰ ਦੇ ਇਲਾਕਿਆਂ ਥਾਣੀਂ ਹੁੰਦਾ ਹੋਇਆ ਅਫਸੁਸ ਨੂੰ ਆਇਆ ਤਾਂ ਉਸਨੂੰ ਉੱਥੇ ਕੁਝ ਚੇਲੇ ਮਿਲੇ ਜੋ ਜ਼ੋਰ-ਜ਼ੋਰ ਨਾਲ ਚਿਲਾ ਰਹੇ ਸਨ।ਉਸਨੇ ਉਨ੍ਹਾਂ ਤੋਂ ਪੁੱਛਿਆ "ਜਦ ਤੁਸਾਂ ਨਿਹਚਾ ਕੀਤੀ ਕੀ ਤੁਸਾਂ ਪਵਿੱਤਰ ਆਤਮਾ ਪਾਇਆ?"ਉਹ ਨਹੀਂ ਜਾਣਦੇ ਸਨ ਕਿ ਕੋਈ ਹੋਰ ਵੀ ਬਪਤਿਸਮਾ ਹੈ ।ਪੋਲੂਸ ਨੇ ਉਨ੍ਹਾਂ ਨੂੰ ਪੁੱਛਿਆ, "ਤਾਂ ਫਿਰ ਤੁਸਾਂ ਕਾਹਦਾ ਬਪਤਿਸਮਾ ਲਿਆ?" ਅਤੇ ਉਨ੍ਹਾਂ ਨੇ ਉਸ ਮਹਿਮਾ ਭਰਪੂਰ ਨਬੀ ਦੇ ਹੱਥੋਂ ਬਪਤਿਸਮਾ ਲਿਆ ਹੋਇਆ ਸੀ।ਪਰ ਉਹਨਾਂ ਨੇ ਕੇਵਲ ਤੋਬਾ ਦਾ ਬਪਤਿਸਮਾ ਲਿਆ ਸੀ ਅਤੇ ਫਿਰ ਉਨ੍ਹਾਂ ਨੇ ਯਿਸੂ ਮਸੀਹ ਦੇ ਨਾਮ ਵਿੱਚ ਦੁਬਾਰਾ ਬਪਤਿਸਮਾ ਲਿਆ ਜਿਵੇਂ ਪੋਲੂਸ ਨੇ ਹੁਕਮ ਕੀਤਾਕਿ ਉਹ ਦੁਬਾਰਾ ਬਪਤਿਸਮਾ ਲੈਣ।ਪ੍ਰਭੂ ਤੇਰੇ ਵਚਨ ਦੀ ਰੋਸ਼ਨੀ ਵਿੱਚ !

354 ਮੈਂ ਹਰ ਇੱਕ ਉਸ ਆਦਮੀ ਨੂੰ ਜਿਹਨੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਨਹੀਂ ਲਿਆ ਹੈ ਹੁਕਮ ਦਿੰਦਾ ਹਾਂ ਕਿ ਉਹ ਜਲਦੀ ਤੋਂ ਜਲਦੀ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੇ ਜਦਕਿ ਅਜੇ ਮੌਕਾ ਹੈ।

355 ਤੁਸੀਂ ਜਿਹੜੇ ਪਵਿੱਤਰ ਆਤਮਾ ਨਾਲ ਨਹੀਂ ਭਰੇ ਹੋ ਮੈਂ ਯਿਸੂ ਮਸੀਹ ਦੇ ਨਾਮ ਵਿੱਚ ਤੁਹਾਨੂੰ ਗੋਡਿਆਂ ਤੇ ਝੁਕਣ ਦੀ ਆਗਿਆ ਦਿੰਦਾ ਹਾਂ ਅਤੇ ਤੁਸੀਂ ਆਪਣੇ ਗੋਡਿਆਂ ਭਾਰ ਤਦ ਤੱਕ ਹੋਏ ਰਹੋ ਜਦ ਤੱਕ ਪਵਿੱਤਰ ਆਤਮਾ ਪੂਰੀ ਤਰ੍ਹਾਂ ਨਾਲ ਤੁਹਾਨੂੰ ਸ਼ੁੱਧ ਨਹੀਂ ਕਰ ਦਿੰਦਾ ਹੈ ਅਤੇ ਤੁਹਾਨੂੰ ਪਰਮੇਸ਼ੁਰ ਦੀ ਭਲਾਈ ਅਤੇ ਪਿਆਰ ਨਾਲ ਭਰ ਨਹੀਂ ਦਿੰਦਾ ਹੈ ਅਤੇ ਤੁਹਾਡੇ ਪ੍ਰਾਣ ਪਰਮੇਸ਼ੁਰ ਦੀ ਹਜ਼ੂਰੀ ਤੋਂ ਸੰਤੁਸ਼ਟ ਨਹੀਂ ਹੋ ਜਾਂਦੇ ਹਨ ਕਿ ਤੁਹਾਡੇ ਵਿੱਚ ਸਿਰਫ ਇੱਕ ਹੀ ਲਗਨ ਹੋਵੇ ਕਿ ਤੁਸੀਂ ਆਪਣਾ ਬਾਕੀ ਦਾ ਜੀਵਨ ਉਸਦੀ ਸੇਵਕਾਈ ਵਿੱਚ ਬਿਤਾਉਣਾ ਹੈ ਉਸਦੇ ਨਾਲ ਚੱਲਣਾ ਹੈ ਅਤੇ ਉਸ ਲਈ ਕੰਮ ਕਰਨਾ ਹੈ।

356 ਪ੍ਰਭੂ ਤੂੰ ਇਸ ਦੁਆ ਨੂੰ ਕਬੂਲ ਕਰ।ਮੈਂ ਯਿਸੂ ਮਸੀਹ ਦੇ ਨਾਮ ਵਿੱਚ ਬੇਨਤੀ ਕਰਦਾ ਹਾਂ ਕਿ ਪਰਮੇਸ਼ੁਰ ਤੁਹਾਨੂੰ ਇਹ ਸੱਭ ਕਰਨ ਦਾ ਹੋਂਸਲਾ ਦੇਵੇ।

ਮੈਂ ਉਸਦੇ ਨਾਲ ਪਿਆਰ ਕਰਦਾ ਹਾਂ, ਮੈਂ ਉਸਦੇ ਨਾਲ ਪਿਆਰ ਕਰਦਾ ਹਾਂ,
ਕਿਉਂਕਿ ਉਸਨੇ ਪਹਿਲਾਂ ਮੇਰੇ ਨਾਲ ਪਿਆਰ ਕੀਤਾ ਕੀ ਤੁਸੀਂ ਸੱਚ-ਮੁੱਚ ਉਸਨੂੰ
ਪਿਆਰ ਕਰਦੇ ਹੋ? ਹੁਣ ਆਪਣੇ ਹੱਥ ਉੱਪਰ ਖੜੇ ਕਰੋ।
ਅਤੇ ਮੇਰੀ ਮੁਕਤੀ ਨੂੰ ਕਲਵਰੀ ਦੇ ਰੁੱਖ ਤੇ ਖਰੀਦਿਆ।

357 [ਭਾਈ ਬ੍ਰਾਨਹਾਮ, ਮੈਂ ਉਸਦੇ ਨਾਲ ਪਿਆਰ ਕਰਦਾ ਹਾਂ ਗੀਤ ਗੁਣਗੁਣਾਉਂਦੇ ਹਨ-ਸੰਪਾ] ਜੇ ਕੋਈ ਇਸ ਜਗ੍ਹਾ ਤੇ ਅਜਿਹਾ ਹੋਵੇ ਜੋ ਕਿਸੇ ਲੋੜ ਨੂੰ ਮਹਿਸੂਸ ਕਰਦਾ ਹੋਵੇ, ਮਹਿਸੂਸ ਕਰਦਾ ਹੋਵੇ ਕਿ ਉਸਨੂੰ ਬਪਤਿਸਮਾ ਅਰਥਾਤ ਪਵਿੱਤਰ ਆਤਮਾ ਲੈਣਾ ਚਾਹੀਦਾ ਹੈ ਤੁਸੀਂ ਆਪਣੀ ਲੋੜ ਨੂੰ ਜਾਣਦੇ ਹੋ ; ਤੁਹਾਡੀ ਲੋੜ ਤੁਹਾਡੇ ਉੱਤੇ ਪ੍ਰਗਟ ਕਰ ਦਿੱਤੀ ਗਈ ਹੈ। ਕੀ ਤੁਸੀਂ ਚਾਹੁੰਦੇ ਹੋ ਕਿ ਤੁਹਾਨੂੰ ਦੁਆ ਵਿੱਚ ਯਾਦ ਕੀਤਾ ਜਾਵੇ। ਸਾਡੇ ਵਿੱਚੋਂ ਕੋਈ ਵੀ ਤੁਹਾਨੂੰ ਇਹ ਨਹੀਂ ਦੇ ਸੱਕਦਾ ਹੈ। ਅਸੀਂ ਤਾਂ ਬਸ ਤੁਹਾਨੂੰ ਬਪਤਿਸਮਾ ਦੇ ਸੱਕਦੇ ਹਾਂ । ਪ੍ਰੰਤੂ ਪਵਿੱਤਰ ਆਤਮਾ ਹੀ ਇੱਕ ਅਜਿਹੀ ਚੀਜ਼ ਹੈ ਜਿਹੜੀ ਅਸੀਂ ਤੁਹਾਨੂੰ ਨਹੀਂ ਦੇ ਸੱਕਦੇ ਹਾਂ। ਸਿਰਫ ਪਰਮੇਸ਼ੁਰ ਹੀ ਤੁਹਾਨੂੰ ਇਹ ਦੇ ਸੱਕਦਾ ਹੈ। ਪ੍ਰੰਤੂ ਤੁਸੀਂ ਆਪਣੀ ਲੋੜ ਨੂੰ ਮਹਿਸੂਸ ਕੀਤਾ ਹੈ ਕਿ ਖੁਦਾ ਤੁਹਾਡੇ ਦਿਲ ਨਾਲ ਗੱਲ ਕਰ ਰਿਹਾ

ਲਿਖਿਆ ਹੋਇਆ ਵੇਖਦੇ ਹਨ ਅਤੇ ਪਾਕ ਰੂਹ ਉਨ੍ਹਾਂ ਦੇ ਨਾਲ ਗੱਲ ਬਾਤ ਕਰਦਾ ਹੈ।ਉਹ ਕਿਵੇਂ ਨਾ ਕਿਵੇਂ ਆ ਰਹੇ ਹਨ ਕਿਉਂਕਿ ਤੂੰ ਉਨ੍ਹਾਂ ਦੀ ਅਗੁਵਾਈ ਉਸੇ ਤਰ੍ਹਾਂ ਹੀ ਕਰ ਰਿਹਾਂ ਹੈਂ ਜਿਵੇਂ ਤੂੰ ਉਨ੍ਹਾਂ ਪੰਛੀਆਂ ਅਤੇ ਪਸ਼ੂਆਂ ਅਤੇ ਭੇਡਾਂ ਦੀ ਕੀਤੀ ਸੀ। ਤੂੰ ਹਾਲੇ ਵੀ ਉਹ ਹੀ ਖੁਦਾ ਹੈਂ!ਉਨ੍ਹਾਂ ਪਸ਼ੂਆਂ ਦੇ ਕੋਲ ਕੋਈ ਕੁਦਰਤੀ ਸੂਝ ਸੀ ਉਹ ਜਾਣਦੇ ਸਨ ਕਿ ਉਨ੍ਹਾਂ ਨੂੰ ਭੱਜ ਜਾਣਾ ਚਾਹੀਦਾ ਹੈ।ਜੇ ਕੁਦਰਤੀ ਸੂਝ ਪਸ਼ੂਆਂ ਨੂੰ ਖਤਰੇ ਤੋਂ ਦੂਰ ਭੱਜਣ ਲਈ ਪਰੇਰ ਸੱਕਦੀ ਹੈ ਤਾਂ ਪਾਕ ਰੂਹ ਨੂੰ ਉਸ ਕਲੀਸਿਯਾ ਲਈ ਕੀ ਕਰਨਾ ਚਾਹੀਦਾ ਹੈ ਜੋ ਪਵਿੱਤਰ ਆਤਮਾ ਦੇ ਨਾਲ ਭਰੀ ਹੋਣ ਦਾ ਦਾਅਵਾ ਕਰਦੀ ਹੈ।

348 ਪ੍ਰਮੇਸ਼ੁਰ ਸਾਡੇ ਤੇ ਦਯਾ ਕਰ।ਪ੍ਰਭੂ ਸਾਡੇ ਅਪਰਾਧਾਂ ਨੂੰ ਮੁਆਫ ਕਰ।ਅਸੀਂ ਇਹ ਨਹੀਂ ਚਾਹੁੰਦੇ ਕਿ ਮੈਂ ਇੱਥੇ ਪੁਲਪਿਟ ਤੇ ਖੜਾ ਹੋਵਾਂ ਤੇ ਲੋਕ ਆਲੇ ਦੁਆਲੇ ਕੰਧਾਂ ਨਾਲ ਖੜੇ ਹੋਣ ਤੇ ਉਨ੍ਹਾਂ ਦੇ ਗਿੱਟੇ-ਗੋਡੇ ਦੁੱਖਦੇ ਤੇ ਦੁੱਖਦੇ ਹੀ ਰਹਿਣ ਅਤੇ ਉਹ ਜਾਣ ਲੱਗੇ ਕਹਿਣ "ਭਈ ਇਹ ਗੱਲਾਂ ਬੜੀਆਂ ਹੀ ਵਧੀਆ ਸਨ।" ਪ੍ਰੰਤੂ ਪ੍ਰਭੂ ਅਸੀਂ ਤਾਂ ਕੁਝ ਕਰਨਾ ਚਾਹੁੰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਤੂੰ ਸਾਡੇ ਦਿਲਾਂ ਨੂੰ ਜਾਂਚ।ਜੇ ਕੋਈ ਗਲਤੀ ਪਾਈ ਜਾਂਦੀ ਹੈ ਤਾਂ ਤੂੰ ਪ੍ਰਭੂ ਉਸਨੂੰ ਸਾਡੇ ਉੱਤੇ ਹੁਣੇ ਹੀ ਪ੍ਰਗਟ ਕਰ।ਪ੍ਰਭੂ, ਕਿਰਪਾ ਕਰ ਕਿ ਅਸੀਂ ਉਸ ਘੜੀ ਤੇ ਨਾ ਪਹੁੰਚ ਜਾਈਏ ਜਿੱਥੇ ਕਿ ਬਹੁਤ ਦੇਰ ਹੋ ਗਈ ਹੋਵੇ।ਪ੍ਰਭੂ ਮੈਨੂੰ ਜਾਂਚ । ਮੈਨੂੰ ਪਰਖ, ਪ੍ਰਭੂ।

349 ਮੈਂ ਪਰਮੇਸ਼ੁਰ ਦੀ ਕਿਰਪਾ ਨਾਲ ਇੱਥੇ ਖੜਾ ਹਾਂ ਅਤੇ ਉਨ੍ਹਾਂ ਮੋਹਰਾਂ ਨੂੰ ਉੱਥੇ ਖੁੱਲ੍ਹਦਾ ਹੋਇਆ ਵੇਖਦਾ ਹਾਂ ਅਤੇ ਫਿਰ ਇੱਥੇ ਆ ਕੇ ਲੋਕਾਂ ਨੂੰ ਦੱਸਦਾ ਹਾਂ। ਪ੍ਰਭੂ ਤੂੰ ਕਈ ਹਫਤੇ ਪਹਿਲਾਂ ਇਹਨਾਂ ਗੱਲਾਂ ਬਾਰੇ ਅਗੇਤਾ ਹੀ ਦੱਸਿਆ ਕਿ ਇਹ ਹੋਣਗੀਆਂ।ਅਤੇ ਪਿਤਾ ਹੁਣ ਇਹ ਸੱਭ ਕੁਝ ਸਾਡੇ ਸਾਹਮਣੇ ਹੈ।

350 ਹੁਣ, ਪ੍ਰਭੂ ਮੈਨੂੰ ਪਰਖ।ਮੈਨੂੰ ਜਾਂਚ।ਮੇਰੇ ਹਿਰਦੇ ਨੂੰ ਜਾਂਚ। ਪ੍ਰਭੂ ਅਸੀਂ ਚਾਹੁੰਦੇ ਹਾਂ ਕਿ ਤੂੰ ਸਾਡੇ ਜੀਵਨਾਂ ਤੇ ਝਾਤੀ ਮਾਰ।ਅਤੇ ਜੇ ਕੋਈ ਅਜਿਹੀ ਚੀਜ ਹੈ ਜੋ ਕਿ ਠੀਕ ਨਹੀਂ ਹੈ ਤਾਂ ਤੂੰ ਉਸ ਬਾਰੇ ਸਾਡੇ ਨਾਲ ਗੱਲ ਕਰ।ਅਸੀਂ ਇਸ ਨੂੰ ਇਸੇ ਵਕਤ ਠੀਕ ਕਰ ਲੈਣਾ ਚਾਹੁੰਦੇ ਹਾਂ ਕਿਉਂਕਿ ਹਾਲੇ ਵੀ ਉੱਥੇ ਲਹੂ ਨਾਲ ਭਰਿਆ ਸੋਤਾ ਹੈ ਹਾਲੇ ਵੀ ਉੱਥੇ ਸਾਡੇ ਦੋਸ਼ਾਂ ਅਤੇ ਅਵਿਸ਼ਵਾਸ਼ ਲਈ ਰੰਗਕਾਟ ਮੌਜੂਦ ਹੈ ।ਅਸੀਂ ਆਪਣੀਆਂ ਜਿੰਦਗੀਆਂ ਨੂੰ ਸਾਰੀ ਬੇਪ੍ਰਤੀਤੀ ਸਮੇਤ ਉਸਦੇ ਵਿੱਚ ਡੁਬੋ ਦੇਣਾ ਚਾਹੁੰਦੇ ਹਾਂ।ਪ੍ਰਮੇਸ਼ੁਰ ਸਾਡੀ ਬੇਪ੍ਰਤੀਤੀ ਦਾ ਇਲਾਜ਼ ਕਰ ; ਇਹਨੂੰ ਸਾਡੇ ਤੋਂ ਦੂਰ ਕਰ ਦੇ।

351 ਅਸੀਂ ਸੁਰਗ ਤੇ ਉਠਾਏ ਜਾਣ ਵਾਲੀ ਕਿਰਪਾ ਚਾਹੁੰਦੇ ਹਾਂ। ਅਸੀਂ ਇਸ ਯੋਗ ਹੋਣਾ ਚਾਹੁੰਦੇ ਹਾਂ ਕਿ ਜਦ ਉਹ ਭੇਤਭਰੀ ਗਰਜ਼ ਹੁੰਦੀ ਹੈ ਅਰ ਕਲੀਸਿਯਾ ਨੂੰ ਉੱਪਰ ਉਠਾ ਲਿਆ ਜਾਂਦਾ ਹੈ ਤਾਂ ਅਸੀਂ ਉਠਾਏ ਜਾਣ ਲਈ ਤਿਆਰ ਪਾਏ ਜਾਈਏ।ਪ੍ਰਭੂ ਇਹ ਬਖਸ਼ ਦੇ।

352 ਪ੍ਰਭੂ ਤੂੰ ਆਪਣੇ ਵਚਨ ਨਾਲ ਸਾਨੂੰ ਪਰਖ । ਅਸੀਂ ਆਪਣੇ ਆਪ ਨੂੰ ਵਚਨ ਵਿੱਚ ਵੇਖੀਏ, ਅਤੇ ਵੇਖੀਏ ਕਿ ਕਿਸੇ ਗੱਲ ਵਿੱਚ ਅਸੀਂ ਅਸਫਲ ਤਾਂ ਨਹੀਂ ਪਾਏ ਜਾਂਦੇ ......ਪ੍ਰਭੂ ਜੇ ਕੋਈ ਇੱਥੇ ਅਜਿਹਾ ਹੈ ਜਿਹਨੇ ਅਹੁਦਿਆਂ ਵਿੱਚ ਬਪਤਿਸਮਾ ਲਿਆ ਹੈ ਅਤੇ ਉਹ ਸੱਚੇ ਬਪਤਿਸਮੇ ਦੇ ਬਾਰੇ ਵਿੱਚ ਕੁਝ ਨਹੀਂ ਜਾਣਦਾ ਹੈ ! ਹੋਣ ਦੇ ਪ੍ਰਭੂ ਕਿ ਮੈਂ ਪੌਲੁਸ ਵਾਂਗੂੰ ਵਫਾਦਾਰ ਠਹਿਰ ਸਕਾਂ।



ਹਨ। ਮੈਂ ਇਹ ਗੱਲ ਐਂਵੇ ਹੀ ਉਹਨਾਂ ਦੀ ਵਡਿਆਈ ਲਈ ਨਹੀਂ ਕਹਿੰਦਾ ਪਰ ਇਸ ਲਈ ਕਹਿੰਦਾ ਹਾਂ ਕਿਉਂਕਿ ਮੈਂ ਇਸਦੀ ਨਿਹਚਾ ਕਰਦਾ ਹਾਂ। ਮੈਂ ਸੋਚਦਾ ਹਾਂ ਕਿ ਜਿੱਥੇ ਤੱਕ ਮੈਂ ਜਾਣਦਾ ਹਾਂ, ਸਾਡੇ ਵਾਲੇ ਦਰਜੇ ਵਿੱਚੋਂ ਸੱਭ ਤੋਂ ਵੱਧ ਪਵਿੱਤਰ ਲਿਖਤਾਂ ਦੇ ਜਾਣਕਾਰ ਹਨ, ਅਤੇ ਉਹਨਾਂ ਨੇ ਇੱਥੇ ਮੇਰੇ ਲਈ ਇੱਕ ਛੋਟਾ ਜਿਹਾ ਲੇਖ ਲਿਖਿਆ ਸੀ ਅਤੇ ਉਹ ਬਿਲੀ ਪਾੱਲ ਕੋਲ ਮੇਰੇ ਕੋਲ ਭੇਜ ਦਿੱਤਾ ਸੀ। ਅਤੇ ਬਿਲੀ ਮੁਸ਼ਕਿਲ ਨਾਲ ਹੀ ਮੈਨੂੰ ਉਹ ਦੇ ਸਕਿਆ ਸੀ।ਅਤੇ ਮੈਂ ਸੋਚਦਾ ਹਾਂ ..........ਮੈਂ ਇਸਨੂੰ ਚੰਗੀ ਤਰ੍ਹਾਂ ਨਹੀਂ ਪੜ੍ਹਿਆ ਸੀ, ਪ੍ਰੰਤੂ ਮੈਂ ਓਹ ਕਹਣਿ ਲੱਗਾਂ ਹਾਂ ਜੋ ਉਹਨਾਂ ਨੇ ਕਿਹਾ ਸੀ। ਅਤੇ ਮੈਂ ਬਸ ਇਸਨੂੰ ਪੜ੍ਹਿਆ ਸੀ।ਭਾਈ ਲੀ ਵੇਲ, ਕੀ ਤੁਸੀਂ ਇੱਥੇ ਹੋ? ਮੈਂ ਲੱਗ-ਭੱਗ ਛੇ ਮਹੀਨੇ ਪਹਿਲਾਂ ਇਸਨੂੰ ਪੜ੍ਹਿਆ ਸੀ।

14 ਉਹਨਾਂ ਨੇ ਕਿਹਾ ਸੀ, "ਮੈਂ ਪੱਕਾ ਦਾਅਵਾ ਤਾਂ ਨਹੀਂ ਕਰਦਾ ", "ਭਾਈ ਬਿਲ ਪਰ ਮੈਂ ਪ੍ਰਤੀਤ ਕਰਦਾ ਹਾਂ ਕਿ ਪਾੱਲੀਕਾਰਪ ਸੰਤ ਯੂਹੰਨਾ ਤੋਂ ਸਿੱਖਿਆ ਪ੍ਰਾਪਤ ਮਨੁੱਖ ਸੀ।"ਇਹ ਠੀਕ ਹੈ।ਉਹ ਯੂਹੰਨਾ ਦਾ ਚੇਲਾ ਸੀ। ਅਤੇ ਉਸਨੇ ਕਿਹਾ," ਮੈਂ ਸੋਚਦਾ ਹਾਂ ਇਰੇਨੀਅਸ ਪਾੱਲੀਕਾਰਪ ਦਾ ਚੇਲਾ ਸੀ ।" ਇਹ ਬਿਲਕੁੱਲ ਸਹੀ ਗੱਲ ਹੈ। "ਇਰੇਨੀਅਸ ਨੇ ਕਿਹਾ ਸੀ, ਜਦ ਮਸੀਹ ਦੀ ਦੇਹ ਦਾ ਚੁਣਿਆ ਹੋਇਆ ਆਖਰੀ ਮੈਂਬਰ ਆ ਜਾਵੇਗਾ ਤਾਂ ਮਸੀਹ ਵਾਪਿਸ ਆ ਜਾਵੇਗਾ।"

15 ਅਜਿਹਾ ਇਰੇਨੀਅਸ ਨੇ ........ਮਸੀਹ ਦੀ ਮੌਤ ਤੋਂ ਲੱਗ-ਭੱਗ ਚਾਰ ਸੋ ਸਾਲ ਬਾਦ ਕਿਹਾ ਸੀ। ਉਸਨੇ ਕਿਹਾ, " ਜਦ ਇਹ ਆਖਰੀ ਯੁੱਗ ਆ ਜਾਵੇਗਾ ......" ਅਜਿਹਾ ਸ਼ੁਰੂ ਦੀ ਨੀਸੀਆ ਸਭਾ ਵਿੱਚ ਕਿਹਾ ਗਿਆ ਸੀ।ਹੁਣ ਤੁਸੀਂ ਜਿਹੜੇ .......ਵਚਨ ਪੜ੍ਹਦੇ, ਅਤੇ ਪੜ੍ਹਦੇ ਹੋ ......ਮੇਰਾ ਮਤਲਬ ਬਾਈਬਲ ਦਾ ਇਤਿਹਾਸ ਪੜ੍ਹਦੇ ਹੋ, ਤੁਸੀਂ ਪਾਓਗੇ ਕਿ ......ਤੁਹਾਨੂੰ ਅਰੰਭਿਕ ਨੀਸੀਆ ਸਭਾ ਵਿੱਚ ਲੱਭ ਪਵੇਗਾ । ਅਤੇ ਮੈਂ ਸੋਚਦਾ ਹਾਂ ਕਿ ਇਹ ਪਹਿਲੀ ਜਾਂ ਦੂਸਰੀ ਕਿਤਾਬ ਹੈ। ਤੁਸੀਂ ਇਸਨੂੰ ਉਸ ਵਿੱਚ ਲੱਭ ਲਵੋਗੇ। ਹੁਣ ਵੇਖੋ ਕਿ ਇਰੇਨੀਅਸ ਨੇ ਇਹ ਕਈ ਸਾਲ ਪਹਿਲਾਂ ਵੇਖ ਲਿਆ ਸੀ ਅਤੇ ਉਸਨੇ ਕਿਹਾ, "ਜਦ ਅੰਤ ਵਿੱਚ -ਆਖਰੀ ਜਨ ਜੋ ਚੁਣਿਆ ਹੋਇਆ ਹੈ ਆ ਜਾਵੇਗਾ।"

16 ਲੋਕ ਸੋਚਦੇ ਹਨ ਕਿ ਚੁਣੇ ਜਾਣਾ ਕੋਈ ਅਜਿਹੀ ਸਿੱਖਿਆ ਹੈ ਜੋ ਇਹਨਾਂ ਆਖਰੀ ਦਿਨਾਂ ਵਿੱਚ ਘੜੀ ਗਈ ਹੈ।ਮੇਰੇ ਪ੍ਰਭੂ ! ਇਹ ਸੱਭ ਤੋਂ ਪੁਰਾਣੀਆਂ ਸਿੱਖਆਵਾਂ ਬੁਲਾਏ ਜਾਣਾ ਅਤੇ ਚੁਣੇ ਜਾਣਾ ; ਵਿੱਚੋਂ ਇੱਕ ਹੈ।ਅਤੇ ਇਸ ਲਈ ਇਰੇਨੀਅਸ ਜੋ ਕਿ ਬਾਈਬਲ ਦਾ ਸੱਚਾ ਅਧਿਐਨ ਕਰਨ ਵਾਲਾ ਸੀ, ਯਕੀਨਨ ਹੀ ਚੁਣੇ ਜਾਣ ਵਿੱਚ ਵਿਸ਼ਵਾਸ਼ ਕਰਦਾ ਸੀ।

17 ਅਤੇ ਜਿਵੇਂ ਕਿ ਅਸੀਂ ਵੇਖਿਆ ਹੈ ਅਤੇ ਅਧਿਐਨ ਕੀਤਾ ਹੈ ਕਿ ਇਰੇਨੀਅਸ ਕਲੀਸਿਯਾਈ ਯੁੱਗਾਂ ਦੇ ਦੂਤਾਂ ਵਿੱਚੋਂ ਇੱਕ ਦੂਤ ਸੀ।ਹੁਣ ਅਸੀਂ ਨਿਹਚਾ ਕਰਦੇ ਹਾਂ ਕਿ ਹਕੀਕਤ ਵਿੱਚ ਇਹ ਸਾਰੇ ਦੂਤ ਭੇਤ ਸਨ।ਤੁਸੀਂ ਵੇਖੋ ਕਿ ਇਹ ਸਾਰੇ ਦੂਤ ਭੇਤ ਦੇ ਤੌਰ ਤੇ ਇਹਨਾਂ ਮੋਹਰਾਂ ਵਿੱਚ ਛੁਪੇ ਹੋਏ ਸਨ।ਅਤੇ ਉਹਨਾਂ ਨੇ ਇਹਨਾਂ ਅੰਤ ਦੇ ਦਿਨਾਂ ਵਿੱਚ ਪ੍ਰਗਟ ਹੋਣਾ ਹੈ।ਅੰਤ ਦੇ ਦਿਨਾਂ ਵਿੱਚ ਇਹ ਪ੍ਰਗਟ ਹੋਣਾ ਹੈ ਕਿ ਇਹ ਕਲੀਸਿਯਾਈ ਯੁੱਗ ਪੌਲੁਸ ਤੋਂ ਅਤੇ ਇਰੇਨੀਅਸ ਅਤੇ ਮਾਰਟਿਨ ਅਤੇ ਦੂਸਰੇ ਦੂਤਾਂ ਤੋਂ ਹੁੰਦੇ ਹੋਏ ਕਿਸ ਤਰ੍ਹਾਂ ਆਖਰੀ ਕਲੀਸਿਯਾ ਦੇ ਯੁੱਗ ਤੱਕ ਆਉਂਦੇ ਹਨ।

18 ਅਤੇ ਹੁਣ ਅਸੀਂ ਵਿਸ਼ਵਾਸ਼ ਕਰਦੇ ਹਾਂ ਕਿ ਅੱਜ ਰਾਤ ਪ੍ਰਭੂ ਸਾਡੇ ਇਹਨਾਂ ਯਤਨਾਂ ਤੇ ਬਰਕਤ ਦੇਵੇ।ਹੁਣ ਅਸੀਂ ਪਹਿਲੀ ਮੋਹਰ ਨੂੰ ਵੇਖ ਚੁੱਕੇ ਹਾਂ ਸੱਚ-ਮੁੱਚ ਹੀ ਮੈਂ ਉਸਦਾ ਅਨੰਦ ਲਿਆ ਸੀ। ਪਹਿਲੀ ਮੋਹਰ ਦੇ ਨਾਲ ਮੈਨੂੰ ਜੋ ਬਰਕਤਾਂ ਮਿਲੀਆਂ ਹਨ ਮੈਂ ਉਸਦਾ ਅਨੰਦ ਲਿਆ ਹੈ !

19 ਅਤੇ ਹੁਣ ਮੈਂ ਤੁਹਾਨੂੰ ਬਹੁਤੀ ਦੇਰ ਤੱਕ ਰੋਕ ਕੇ ਨਹੀਂ ਰੱਖਣਾ ਚਾਹੁੰਦਾ ਹਾਂ ।ਪ੍ਰੰਤੂ ਤੁਸੀਂ ਵੇਖੋ ਮੈਂ -ਮੈਂ ਇਹਨਾਂ ਮੋਹਰਾਂ ਦੇ ਪ੍ਰਚਾਰ ਤੋਂ ਕੁਝ ਰਾਤਾਂ ਬਾਦ ਫਿਰ ਬਾਹਰ ਜਾ ਰਿਹਾ ਹਾਂ।ਅਤੇ ਸਾਨੂੰ ਥੋੜੀ ਕੁ ਦੇਰ ਕਸ਼ਟ ਸਹਿਣਾ ਹੀ ਪੈਣਾ ਹੈ।ਅਤੇ ਮੈਂ ਪ੍ਰਸ਼ੰਸਾਂ ਕਰਦਾ ..............

20 ਮੈਂ ਭਾਈ ਜੂਨੀਅਰ ਜੈਕਸਨ ਨੂੰ ਇੱਥੇ ਖੜੇ ਵੇਖਦਾ ਹਾਂ।ਮੈਂ .....ਅਤੇ ਮੈਂ ਸੋਚਦਾ ਹਾਂ, ਭਾਈ ਰੁਡਲ ਹੋਰਾਂ ਨੂੰ ਵੀ ਕੁਝ ਸਮਾਂ ਪਹਿਲਾਂ ਇੱਥੇ ਕਿਤੇ ਵੇਖਿਆ ਸੀ।ਅਤੇ ਮੈਂ ਇੱਥੇ ਉਹਨਾਂ ਕਲੀਸਿਯਾਵਾਂ ਦੇ ਭਾਈਆਂ ਨੂੰ ਜੋ ਸਾਡੀ ਕਲੀਸਿਯਾ ਦੇ ਅੰਗ ਹਨ, ਅਤੇ ਦੂਸਰੇ ਭਾਈਆਂ ਨੂੰ ਵੇਖਦਾ ਹਾਂ।ਸੱਚ-ਮੁੱਚ ਹੀ ਅਸੀਂ ਕਹਨਾਂ ਦੀ ਤਾਰੀਫ ਕਰਦੇ ਹਾਂ।ਅਤੇ ਮੈਂ ਭਾਈ ਹੂਪਰ ਨੂੰ ਵੇਖਦਾ ਹਾਂ।ਮੇਰਾ ਵਿਸ਼ਵਾਸ਼ ਹੈ ਕਿ ਉਹ ਕੰਧ ਦੇ ਨਾਲ ਖੜੇ ਹਨ, ਉਹ ਯੂਟੀਕਾ ਦੀ ਕਲੀਸਿਯਾ ਵਿੱਚੋਂ ਆਏ ਹਨ।ਅਤੇ ਯਕੀਨਨ ਹੀ ਅਸੀਂ ਇਸ ਸੰਗਤ ਵਿੱਚ ਤੁਹਾਡੇ ਸਹਿਯੋਗ ਲਈ ਤੁਹਾਡੀ ਸਾਰਿਆਂ ਦੀ ਪ੍ਰਸ਼ੰਸ਼ਾਂ ਕਰਦੇ ਹਾਂ।

21 ਕੱਲ ਸ਼ਾਮ, ਜਿਵੇਂ ਕਿ ਸਾਨੂੰ ਸਾਰਿਆਂ ਨੂੰ ਇਹ ਗੱਲ ਚੰਗੀ ਲੱਗਦੀ ਹੈ -ਅਸਾਂ ਮੋਹਰਾਂ ਦੇ ਬਾਰੇ ਉਸੇ ਤਰ੍ਹਾਂ ਹੀ ਸਿਖਾਵਾਂਗੇ ਜਿਵੇਂ ਕਿ ਅਸੀਂ ਕਲੀਸਿਯਾਈ ਯੁੱਗਾਂ ਬਾਰੇ ਸਿਖਾਇਆ ਹੈ।ਅਤੇ ਜਦ ਅਸੀਂ ਕਲੀਸਯਾ ਦੇ ਯੁੱਗਾਂ ਦਾ ਖਾਤਮਾ ਕੀਤਾ ਸੀ, ਅੰਤ ਵਿੱਚ ਜਦ ਮੈਂ ਬੋਰਡ ਤੇ ਨਕਸ਼ਾ ਵਾਹ ਕੇ ਸਿਖਾ ਰਿਹਾ ਸੀ, ਤਾਂ ਕਿੰਨਿਆਂ ਨੂੰ ਯਾਦ ਹੈ ਕਿ ਕੀ ਹੋਇਆ ਸੀ? ਉਹ ਆਪ ਹੇਠਾਂ ਉੱਤਰਿਆ ਅਤੇ ਇੱਕ ਜੋਤੀ ਦੇ ਰੂਪ ਵਿੱਚ ਸਿੱਧਾ ਉਸ ਕੰਧ ਤੇ ਪਹੁੰਚਿਆ, ਅਤੇ ਉਸਨੇ ਆਪ ਸਾਡੇ ਸਾਰਿਆਂ ਦੇ ਸਾਹਮਣੇ ਕੰਧ ਤੇ ਉਸ ਨਕਸ਼ੇ ਨੂੰ ਵਾਹ ਕੇ ਦੱਸਿਆ।ਪ੍ਰਮੇਸ਼ੁਰ ਦਾ ਦੂਤ ਸੈਂਕੜੇ ਲੋਕਾਂ ਦੇ ਸਾਹਮਣੇ ਇੱਥੇ ਖੜਾ ਹੋਇਆ ਸੀ।

22 ਅਤੇ ਹੁਣ ਵੀ ਉਹ ਕੋਈ ਅਲੋਕਿਕ ਕੰਮ ਕਰ ਰਿਹਾ ਹੈ, ਅਤੇ ਇਸ ਲਈ ਅਸੀਂ ਕਿਸੇ ਮਹਾਨ ਕੰਮ ਦੀ ਆਸ ਕਰ ਰਹੇ ਹਾਂ।ਅਸੀਂ ਨਹੀਂ ਜਾਣਦੇ ਹਾਂ .......ਤੁਸੀਂ ਉਸ ਮਹਾਨ ਕੰਮ ਹੋਣ ਦੀ ਉਡੀਕ ਕਰੋ।ਅਸੀਂ ਨਹੀਂ ਜਾਣਦੇ ਹਾਂ ਕਿ ਅਗਲਾ ਕੰਮ ਕੀ ਹੋਣਾ ਹੈ ।ਤੁਸੀਂ ਤਾਂ ਜਾਣਦੇ ਹੋ ਅਸੀਂ ਬਸ ਉਡੀਕ ਕਰ ਰਹੇ ਹਾਂ।ਹੁਣ, ਖੁਦਾ ਸਾਡੇ ਲਈ ਕਿੰਨਾ ਮਹਾਨ ਅਤੇ ਅਦਭੁਤ ਹੈ !ਅਸੀਂ ਉਸ ਦੀ ਬਹੁਤ ਮਹਿਮਾ ਕਰਦੇ ਹਾਂ !

23 ਹੁਣ ਕੁਝ ਪਿਛੋਕੜ ਕਾਇਮ ਕਰਨ ਲਈ ਮੈਂ ਪਹਿਲੀ ਅਤੇ ਦੂਸਰੀ ਆਇਤ ਤੁਹਾਡੇ ਅੱਗੇ ਪੜ੍ਹਾਂਗਾ।ਅਤੇ ਫਿਰ ਦੂਸਰੀ ਮੋਹਰ ਲਈ ਅਸੀਂ ਤੀਸਰੀ ਅਤੇ ਚੋਥੀ ਆਇਤ ਪੜ੍ਹਾਂਗੇ।ਫਿਰ 5ਵੀਂ ਅਤੇ ਛੇਵੀਂ ਆਇਤ ਵਿੱਚ ਤੀਸਰੀ ਮੋਹਰ ਹੈ।ਅਤੇ 7ਵੀਂ ਅਤੇ 8ਵੀਂ ਆਇਤ .......ਦੋ ਦੋ ਆਇਤਾਂ ਇੱਕ ਘੋੜੇ ਦੇ ਸਵਾਰ ਲਈ ਹੈ।ਅਰ ਮੈਂ ਚਾਹੁੰਦਾ ਹਾਂ ਕਿ ਤੁਸੀਂ ਧਿਆਨ ਦਿਓ ਕਿਵੇਂ ਇਹ ਘੋੜਿਆਂ ਦੇ ਸਵਾਰਾਂ ........ਤੁਸੀਂ ਇਸ ਕੁੱਲੇ (ਯਰਦ ) ਘੋੜੇ ਤੇ ਨਿਗਾਹ ਰੱਖੋ ........ਇੱਥੇ ਇਹ ਆਉਂਦਾ ਹੈ, ਜਿਉਂ-ਜਿਉਂ ਉਹ ਅੱਗੇ ਵੱਧਦਾ ਹੈ, ਉਹ ਬਦਲਦਾ ਜਾਂਦਾ ਹੈ।

24 ਅਤੇ ਫਿਰ ਇਸ ਤੋਂ ਬਾਦ ਅਗਲੇ ਐਤਵਾਰ ਦੀ ਰਾਤ ਨੂੰ ਜੇ ਪ੍ਰਭੂ ਨੇ ਚਾਹਿਆ ਤਾਂ ਉਹ ਮਹਾਨ ਆਖਰੀ ਮੋਹਰ ਖੁੱਲ੍ਹਣੀ ਹੈ !ਜਦ ਉਹ ਖੁੱਲ੍ਹਦੀ ਹੈ ਤਾਂ ਇੱਕ ਗੱਲ ਜੋ ਹੁੰਦੀ ਹੈ, "ਅੱਧੇ ਘੰਟੇ ਦੀ ਸਵਰਗ ਵਿੱਚ ਚੁੱਪ-ਚਾਣ ਛਾ ਜਾਂਦੀ ਹੈ।" ਖੁਦਾਵੰਦ ਸਾਡੀ ਸਹਾਇਤਾ ਕਰ।



342 ਕਿਉਂ? ਕੀ ਤੁਸੀਂ ਵਿਸ਼ਵਾਸ਼ ਨਹੀਂ ਕਰਦੇ ਕਿ ਜਿਸ ਪਰਮੇਸ਼ੁਰ ਨੇ ਉਨ੍ਹਾਂ ਪੰਛੀਆਂ, ਪਸ਼ੂਆਂ ਅਤੇ ਭੇਡਾਂ ਨੂੰ ਉਸ ਕਿਸ਼ਤੀ ਵਿੱਚ ਪਹੁੰਚਾਇਆ ਸੀ ਉਹ ਹਾਲੇ ਵੀ ਉਹੀ ਪਰਮੇਸ਼ੁਰ ਹੈ ਜੋ ਉਨ੍ਹਾਂ ਪੰਛੀਆਂ ਨੂੰ ਸੁਰੱਖਿਅਤ ਜਗ੍ਹਾ ਤੇ ਖੜ੍ਹਾ ਕਰ ਸੱਕਦਾ ਹੈ? ਕੀ ਇਹ ਸੱਚ ਹੈ? [ਸੰਗਤ ਆਖਦੀ ਹੈ, "ਆਮੀਨ।"-ਸੰਪਾ]

343 ਹੁਣ ਭਾਈਓ ਮੈਂ ਤੁਹਾਨੂੰ ਦੱਸਦਾ ਹਾਂ ਕਿ ਕੁਝ ਹੋਣ ਵਾਲਾ ਹੈ । ਅਤੇ ਇਹ ਕਲੀਸਿਯਾਈ ਕੰਧਾਂ ਢਹਿ ਢੇਰੀ ਹੋ ਜਾਣਗੀਆਂ ਤੇ ਲੋਕ ਉਸ ਪੁਰਾਣੀ ਕੈਥੋਲਿਕ ਕਲੀਸਿਯਾ ਨਾਲ ਸਹਿਮਤ ਹੋ ਜਾਣਗੇ। ਕਿਉਂਕਿ ਉਹ ਇਸ ਤਰ੍ਹਾਂ ਹੀ ਕਰਨ ਜਾ ਰਹੇ ਹਨ ਇਹ ਗੱਲ ਏਨੀ ਹੀ ਪੱਕੀ ਹੈ ਜਿੰਨਾ ਕਿ ਮੇਰਾ ਇੱਥੇ ਖੜੇ ਹੋਣਾ ਪੱਕਾ ਹੈ।ਉੱਥੇ "ਉਸ ਦਰਿੰਦੇ ਦੀ ਮੋਹਰ " ਹੈ, ਅਤੇ ਇਹ ਕੋਮਾਂ ਦਰਿੰਦੇ ਦੀ ਮੋਹਰ ਦੇ ਅਧੀਨ ਹਨ ਅਤੇ ਇਹ ਗੱਲ ਏਨੀ ਪੱਕੀ ਹੈ ਜਿੰਨਾ ਕਿ ਮੇਰਾ ਇੱਥੇ ਹੋਣਾ ਹੈ, ਅਤੇ ਇਹ ਗੱਲ ਪ੍ਰਭੂ ਦੇ ਵਚਨ ਦੇ ਅਨੁਸਾਰ ਹੈ।ਸੁਣੋ ਜਦ ਤੁਸੀਂ ਘਬਰਾਹਟ ਦਾ ਅਹਿਸਾਸ ਹੋਵੇ ਤਾਂ ਤੁਸੀਂ ਇੱਕ ਦਮ ਨਿੱਕਲ ਜਾਓ ਨਹੀਂ ਤਾਂ ਤੁਸੀਂ ਮਾਰੇ ਜਾਓਗੇ। ਤੁਸੀਂ ਉਹਨਾਂ ਕੰਧਾਂ ਦੇ ਸਹਾਰੇ ਖੜੇ ਨਾ ਰਹਿਣਾ ਤੁਸੀਂ ਉੱਥੋਂ ਬਾਹਰ ਨਿੱਕਲ ਆਓ।ਤੁਸੀਂ ਇਨ੍ਹਾਂ ਫਾਲਤੂ ਦੀਆਂ ਜਗ੍ਹਾ ਤੋਂ ਦੂਰ ਚਲੇ ਜਾਓ । ਜਿੰਨੀ ਜਲਦੀ ਤੁਸੀਂ ਕਿਸੇ ਸੁਰੱਖਿਅਤ ਥਾਂ ਤੇ ਪਹੁੰਚ ਸੱਕਦੇ ਹੋ ਪਹੁੰਚ ਜਾਓ।ਪਮੇਸ਼ੁਰ ਤੋਂ ਕਿਰਪਾ ਮੰਗੋ।

344 ਕੋਈ ਵੀ ਇਸ ਤਰ੍ਹਾਂ ਨਾ ਆਖੇ, "ਚੰਗਾ, ਮੇਰੀ ਮਾਂ ਮੈਥੋਡਿਸਟ ਸੀ ਕਸ ਲਈ ਮੈਨੂੰ ਵੀ ਮੈਥੋਡਿਸਟ ਹੋਣਾ ਚਾਹੀਦਾ ਹੈ। ਮੇਰੇ ਪਿਤਾ ਬੈਪਟਿਸਟ ਸਨ ਸੋ ਮੈਨੂੰ ਵੀ ਬੈਪਟਿਸਟ ਹੀ ਰਹਿਣਾ ਚਾਹੀਦਾ ਹੈ।" ਤੁਸੀਂ ਅਜਿਹਾ ਨਾ ਕਰੋ।ਤੁਸੀਂ ਕਿਸੇ ਵੀ ਤਰ੍ਹਾਂ ਦਾ ਕੋਈ ਖਤਰਾ ਨਾ ਲਓ।

345 ਮੈਂ ਇਹਦੀ ਕੋਈ ਪ੍ਰਵਾਹ ਨਹੀਂ ਕਰਦਾ ਕਿ ਇਹ ਗੱਲ ਤੁਹਾਨੂੰ ਕਿੰਨੀ ਸਿੱਧ ਪੱਧਰੀ ਅਤੇ ਨਿਮਾਣੀ ਜਿਹੀ ਲੱਗਦੀ ਹੈ ; ਇਹ ਖੁਦਾ ਦਾ ਵਚਨ ਹੈ।ਜਿੰਨੀ ਛੇਤੀ ਹੋ ਸਕੇ ਤੁਸੀਂ ਯਿਸੂ ਮਸੀਹ ਵੱਲ ਭੱਜੋ, ਅਤੇ ਉੱਥੇ ਤਦ ਤੱਕ ਟਿਕੇ ਰਹੋ ਜਦ ਤੱਕ ਤੁਹਾਨੂੰ ਪਵਿੱਤਰ ਆਤਮਾ ਨਹੀਂ ਮਿਲ ਜਾਂਦਾ ਹੈ। ਕਿਉਂਕਿ ਇੱਕ ਅਜਿਹਾ ਸਮਾਂ ਛੇਤੀ ਆ ਰਿਹਾ ਹੈ ਜਦੋਂ ਤੁਸੀਂ ਉਸਨੂੰ ਭਾਲੋਗੇ ਪਰ ਉਹ ਤੁਹਾਨੂੰ ਨਾ ਮਿਲ ਸਕੇਗਾ।ਇਸ ਕੰਮ ਨੂੰ ਕਰਨ ਦਾ ਫੈਸਲਾ ਕਰੋ।

ਆਓ ਕੁਝ ਪਲਾਂ ਲਈ ਆਪਣੇ ਸਿਰਾਂ ਨੂੰ ਦੁਆ ਲਈ ਝੁਕਾਈਏ ।

346 ਸੁਰਗੀ ਪਿਤਾ, ਔਹ, ਮੈਂ-ਮੈਂ ਕਈ ਵਾਰ ਇੱਥੇ ਖੜਾ ਹੋ ਕੇ ਕੰਬਦਾ ਹਾਂ।ਮੈਂ ਉਸ ਭਿਆਨਕ ਘੜੀ ਦੇ ਬਾਰੇ ਸੋਚਦਾ ਜੋ ਭੱਜੀ ਆ ਰਹੀ ਹੈ ਅਤੇ ਮੈਂ .......ਉਸ ਘੜੀ ਨੂੰ ਰੋਕਣ ਦਾ ਕੋਈ ਵੀ ਢੰਗ ਨਹੀਂ।ਇਹਦੀ ਤਾਂ ਭਵਿੱਖਬਾਣੀਕੀਤੀ ਜਾ ਚੁੱਕੀ ਹੈ ਕਿ ਇਹ ਘੜੀ ਆਵੇਗੀ। ਅਤੇ ਮੈਂ ਇਹਦੇ ਬਾਰੇ ਸੋਚਦਾ ਹਾਂ ਕਿ "ਕਿਉਂ ਲੋਕ ਆ ਕੇ ਇਸਨੂੰ ਨਹੀਂ ਸੁਣਦੇ ਹਨ ?ਉਹ ਕਿਉਂ ਨਹੀਂ ਆਉਂਦੇ ਤੇ ਇਸ ਸੰਦੇਸ਼ ਨੂੰ ਕਬੂਲ ਨਹੀਂ ਕਰਦੇ?" ਪਰ ਅਸਲ ਵਿੱਚ ਮੈਂ ਜਾਣਦਾ ਹਾਂ ਕਿ ਤੂੰ ਕਿਹਾ ਸੀ ਕਿ ਉਹ ਅਜਿਹਾ ਨਹੀਂ ਕਰਨਗੇ, ਉਹ ਨਹੀਂ ਮੰਨਣਗੇ।

347 ਪ੍ਰੰਤੂ ਕੁਝ ਅਜਿਹੇ ਲੋਕ ਵੀ ਹਨ ਜਿਨ੍ਹਾਂ ਦੇ ਨਾਮ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਹਨ।ਅਤੇ ਜਦ ਉਹ ਮੋਹਰਾਂ ਖੋਲ੍ਹੀਆਂ ਜਾਂਦੀਆਂ ਹਨ ਤਾਂ ਉਹ ਆਪਣੇ ਨਾਮਾਂ ਨੂੰ ਉੱਥੇ

334 ਭਾਰਤ ਵਿੱਚ ਜਾਲੀਦਾਰ ਕੰਧਾਂ ਨਹੀਂ ਹੁੰਦੀਆਂ ਹਨ ਜਿਵੇਂ ਕਿ ਇਹ ਸਾਡੇ ਇੱਧਰ ਹਨ।ਉਹ ਪੱਥਰਾਂ ਨੂੰ ਲੈ ਕੇ ਕੰਧਾਂ ਬਣਾਉਂਦੇ ਹਨ।ਅਤੇ ਜਿਆਦਾਤਰ ਆਪਣੇ ਘਰ ਬਣਾਉਂਦੇ ਪੱਥਰਾਂ ਨਾਲ ਹੀ ਬਣਾਉਂਦੇ ਹਨ।ਅਤੇ ਉਹ ਪੱਥਰਾਂ ਨੂੰ ਇੱਕ ਦੇ ਉੱਤੇ ਇੱਕ ਕਰਕੇ ਰੱਖਦੇ ਰਹਿੰਦੇ ਹਨ।ਅਤੇ ਤੁਸੀਂ ਭਾਰਤ ਵਿੱਚ ਚਾਰੇ ਪਾਸੇ ਕਿਤੇ ਵੀ ਜਾਓ ਉੱਥੇ ਗਰਮੀ ਹੀ ਹੈ, ਜਦ ਤੱਕ ਕਿ ਤੁਸੀਂ ਉੱਪਰ ਪਹਾੜਾਂ ਤੇ ਨਾ ਚਲੇ ਜਾਓ।ਅਤੇ ਸਾਰੇ ਕਲਕੱਤੇ ਅਤੇ ਸਾਰੀਆਂ ਜਗ੍ਹਾ ਤੇ ਲੋਕ ਬਸ ਗਲੀਆਂ ਵਿੱਚ ਪਏ ਹੋਏ ਸਨ, ਅਤੇ ਭੁੱਖੇ ਮਰਦੇ ਹਨ ਅਤੇ ਇਸੇ ਤਰ੍ਹਾਂ ਹੀ ਹੋਰ ਹੈ।

335 ਹੁਣ, ਇਸ ਲਈ ਉਹ ਆਪਣੇ ਘਰਾਂ ਤੇ ਬੁਰਜ ਬਣਾਉਂਦੇ ਹਨ।ਉਹ ਆਪਣੇ ਘਰ ਦੇ ਚੁਫੇਰੇ ਵਲਗਣ ਕਰਦੇ ਹਨ ਅਤੇ ਘਰ ਲਈ ਬੁਰਜ ਬਣਾਉਂਦੇ ਹਨ, ਅਤੇ ਇਹ ਬੁਰਜ ਅਕਸਰ ਉੱਥੇ ਹੁੰਦੇ ਹਨ ਜਿੱਥੇ ਉਨ੍ਹਾਂ ਨੇ ਖੂੰਹ ਪੁੱਟਿਆ ਹੁੰਦਾ ਹੈ । ਉਹ ਆਪਣੇ ਪਸ਼ੂਆਂ ਅਤੇ ਹੋਰ ਦੂਸਰੇ ਕੰਮਾਂ ਲਈ ਖੂਹ ਪੁੱਟਦੇ ਹਨ ਅਤੇ ਫਿਰ ਉਨ੍ਹਾਂ ਦੇ ਦੁਆਲੇ ਕੰਧ ਬਣਾਉਂਦੇ ਹਨ।

336 ਅਤੇ ਅਚਾਨਕ ਹੀ ਕੁਝ ਹੋਣਾ ਸ਼ੁਰੂ ਹੋਇਆ।ਤੁਸੀਂ ਜਾਣਦੇ ਹੋ ਕਿ ਉਹ ਛੋਟੀਆਂ ਚਿੜੀਆਂ ਉਨ੍ਹਾਂ ਪੱਥਰਾਂ ਵਿੱਚ ਜਾਂਦੀਆਂ ਹਨ ਅਤੇ ਉਥੇ ਆਪਣੇ ਆਲ੍ਹਣੇ ਬਣਾਉਂਦੀਆਂ ਹਨ ਅਤੇ ਆਪਣੇ ਬੋਟਾਂ ਦੀ ਪਾਲਣਾ-ਪੋਸ਼ਣਾ ਕਰਦੀਆਂ ਹਨ।ਅਤੇ ਕੁਝ ਹੋਣਾ ਸ਼ੁਰੂ ਹੁੰਦਾ ਹੈ।

337 ਹਰੇਕ ਦਿਨ ਜਦੋਂ ਗਰਮੀ ਹੋ ਜਾਂਦੀ ਹੈ ਤਾਂ ਸਾਰੇ ਪਸ਼ੂ ਉਨ੍ਹਾਂ ਕੰਧਾਂ ਦੇ ਨੇੜੇ ਆ ਜਾਂਦੇ ਹਨ ਅਤੇ ਉਨ੍ਹਾਂ ਕੰਧਾਂ ਦੀ ਛਾਂ ਹੇਠ ਖੜ੍ਹੇ ਰਹਿੰਦੇ ਹਨ ਜਿਹੜੀ ਉਹਨਾਂ ਨੂੰ ਠੰਢਾ ਰੱਖਦੀ ਹੈ।

338 ਅਤੇ ਉਹ ਨਿੱਕੇ-ਨਿੱਕੇ ਪੰਛੀ ਜਿਹੜੇ ਉਨ੍ਹਾਂ ਥਾਵਾਂ ਵਿੱਚ ਰਹਿੰਦੇ ਸਨ, ਅਚਾਨਕ ਹੀ ਕਿਸੇ ਅਣਜਾਣੇ ਕਾਰਨ ਬਾਹਰ ਨਿੱਕਲ ਆਉਂਦੇ ਹਨ ..... ਹੁਣ, ਤੁਸੀਂ ਜਾਣਦੇ ਹੋ ਕਿ ਕਿਸੇ ਦੂਸਰੇ ਦਿਨ ਅਸੀਂ ਇਨ੍ਹਾਂ ਪੰਛੀਆਂ ਦੇ ਬਾਰੇ ਵਿੱਚ ਕੀ ਕਿਹਾ ਸੀ।ਸਮਝੇ? ਕਿਸੇ ਅਣਜਾਣੇ ਕਾਰਨ ਉਹ ਉੱਥੋਂ ਉੱਡ ਕੇ ਚਲੇ ਗਏ।ਅਤੇ ਉਹ ਬਾਹਰ ਚਲੇ ਗਏ ਅਤੇ ਵਾਪਿਸ ਆਪਣਿਆਂ ਆਲ੍ਹਣਿਆਂ ਵਿੱਚ ਨਾ ਆਏ।ਉਹ ਖੇਤਾਂ ਵਿੱਚ ਚਲੇ ਗਏ ਅਤੇ ਰੁੱਖਾਂ ਉੱਤੇ ਬੈਠ ਗਏ ਅਤੇ ਉਨ੍ਹਾਂ ਜਗ੍ਹਾਂ ਤੇ ਬੈਠ ਗਏ ਜਿੱਥੇ ਉਨ੍ਹਾਂ ਨੂੰ ਬੈਠਣ ਨੂੰ ਜਗ੍ਹਾ ਮਿਲ ਸਕੀ ਅਤੇ ਉਹ ਰੜ ਵਿੱਚ ਹੀ ਬੈਠ ਗਏ।

339 ਪਸ਼ੂ ਵੀ ਕੰਧਾਂ ਦੇ ਨੇੜੇ ਨਾ ਢੁੱਕੇ।ਭੇਡਾਂ ਉਸਦੇ ਕੋਲ ਨਾ ਆਈਆਂ।ਉਹ ਖੇਤਾਂ ਵਿੱਚ ਹੀ ਟਿਕੀਆਂ ਰਹੀਆਂ ਅਤੇ ਇੱਕ ਦੂਸਰੇ ਦਾ ਸਹਾਰਾ ਲੈ ਕੇ ਖੜੀਆਂ ਰਹੀਆਂ। ਇਹ ਇੱਕ ਚੰਗਾ ਢੰਗ ਸੀ। ਉਹ ਜਾਣਦੇ ਸਨ ਕੁਝ ਹੋਣ ਵਾਲਾ ਹੈ।

340 ਫਿਰ ਅਚਾਨਕ ਭੂਚਾਲ ਆ ਗਿਆ ਅਤੇ ਕੰਧਾਂ ਨੂੰ ਹੇਠਾਂ ਡੇਗ ਮਾਰਿਆ ਅਤੇ ਇਸੇ ਤਰ੍ਹਾਂ ਦਾ ਹੋਰ ਸੱਭ ਕੁਝ ਹੇਠਾਂ ਡਿੱਗ ਪਿਆ।

341 ਇਸ ਤੋਂ ਬਾਦ ਉਨ੍ਹਾਂ ਛੋਟੇ ਪੰਛੀਆਂ ਨੇ ਵਾਪਿਸ ਆਉਣਾ ਸ਼ੁਰੂ ਕੀਤਾ । ਉਹ ਛੋਟੇ ਪੰਛੀ ਤਿੰਨ ਚਾਰ ਦਿਨਾਂ ਤੱਕ ਵਾਪਿਸ ਮੁੜ ਕੇ ਨਹੀਂ ਆਏ ਇਸ ਤੋਂ ਬਾਦ ਉਨ੍ਹਾਂ ਨੇ ਵਾਪਿਸ ਆਉਣਾ ਸ਼ੁਰੂ ਕੀਤਾ।ਉਨ੍ਹਾਂ ਨੇ ਉਸ ਅਖਬਾਰ ਵਿੱਚ ਕਿਹਾ ਸੀ, " ਚੰਗਾ, ਭੂਚਾਲ ਹੁਣ ਖਤਮ ਹੋ ਜਾਣਾ ਚਾਹੀਦਾ ਹੈ ਕਿਉਂਕਿ ਪੰਛੀ ਵਾਪਸ ਆ ਰਹੇ ਹਨ।



25 ਹੁਣ ਮੈਂ ਤੀਸਰੀ ਆਇਤ ਪੜ੍ਹਾਂਗਾ।

*ਤੇ ਜਾਂ ਉਹਨੇ ਦੂਜੀ ਮੋਹਰ ਖੋਲ੍ਹੀ ਤਾਂ ਮੈਂ ਦੂਜੇ ਜੰਤੂ ਨੂੰ ਇਹ ਆਖਦੇ ਸੁਣਿਆ ਭਈ ਆ ਜਾਹ ਤਾਂ ਇੱਕ ਹੋਰ ਘੋੜਾ ਨਿੱਕਲਿਆ ਜੋ ਲਾਲ ਸੀ ਅਤੇ ਉਹ ਦੇ ਸਵਾਰ ਨੂੰ ਇਹ ਦਿੱਤਾ ਗਿਆ ਭਈ ਧਰਤੀ ਉੱਤੋਂ ਸੁਲਾਹ ਨੂੰ ਚੁੱਕ ਸੁੱਟੇ ਅਤੇ ਇਹ ਜੋ ਮਨੁੱਖ ਇੱਕ ਦੂਏ ਨੂੰ ਮਾਰ ਘੱਤਣ ਅਤੇ ਇੱਕ ਵੱਡੀ ਸਾਰੀ ਤਲਵਾਰ ਉਹਨੂੰ ਫੜਾਈ ਗਈ ।*

26 ਹੁਣ, ਉਸ ਭੇਤਭਰੀ ਗੱਲ ਨੂੰ ਵੇਖੋ, ਜਦ -ਉਸ ਜੰਤੂ ਨੇ ਯੂਹੰਨਾ ਨੂੰ ਕਿਹਾ, " ਬਸ ਆ ਅਤੇ ਵੇਖ।" ਅਤੇ ਉਸਨੇ ਨਹੀਂ ਵੇਖਿਆ ਸੀ ਕਿ ਇਹ ਕੀ ਸੀ।ਉਸਨੇ ਇੱਕ ਨਿਸ਼ਾਨ ਅਥਵਾ ਚਿੰਨ੍ਹ ਹੀ ਵੇਖਿਆ ।ਉਹ ਚਿੰਨ੍ਹ ਹੀ ਸੀ, ਇਸਦਾ ਕਾਰਨ ਇਹ ਹੈ .........ਉਸਨੇ ਕਿਹਾ, "ਆ, ਵੇਖ ",ਪ੍ਰੰਤੂ ਉਸਨੇ ਇੱਕ ਚਿੰਨ੍ਹ ਜਾਂ ਪ੍ਰਤੀਕ ਵੇਖਿਆ, ਜਿਸਦਾ ਉਹਨੇ ਕਲੀਸਿਯਾ ਲਈ ਚਿੰਨ੍ਹ ਦੇ ਰੂਪ ਵਿੱਚ ਵਰਣਨ ਕੀਤਾ, ਤਾਂ ਕਿ ਉਹ ਉਸਨੂੰ ਤਦ ਵੇਖੇ ਜਦ ਤੱਕ ਕਿ ਆਖਰੀ ਯੁੱਗ ਨਹੀਂ ਆ ਜਾਂਦਾ ਹੈ; ਅਤੇ ਫਿਰ ਮੋਹਰ ਖੁੱਲ੍ਹੇਗੀ।

27 ਹੁਣ, ਕੀ ਹਰ ਕੋਈ ਇਸਨੂੰ ਸਮਝ ਗਿਆ ਕਿ ਮੋਹਰਾਂ ਖੋਲ੍ਹੀਆਂ ਜਾਣਗੀਆਂ।ਕੀ ਤੁਸੀਂ ਖੁਸ਼ ਨਹੀਂ ਹੋ ਕਿ ਇਸ ਦਿਨ ਵਿੱਚ ਰਹਿ ਰਹੇ ਹੋ? [ਸੰਗਤ ਆਖਦੀ ਹੈ, "ਆਮੀਨ।"-ਸੰਪਾ]ਨਿਰਾ ਇਹੀ ਨਹੀਂ ਦੋਸਤੋ, ਪਰ ਉਸ ਸਧਾਰਨਤਾ ਨੂੰ ਹਮੇਸ਼ਾਂ ਯਾਦ ਰੱਖੋ ਜਿਸਦੇ ਬਾਰੇ ਵਿੱਚ ਐਤਵਾਰ ਦੀ ਸਵੇਰ ਨੂੰ ਪ੍ਰਚਾਰ ਕੀਤਾ ਗਿਆ ਸੀ, ਇਸੇ ਸਧਾਰਨਤਾ ਤੇ ਹੀ ਸੱਭ ਕੁਝ ਅਧਾਰਿਤ ਹੈ !ਸਮਝੇ? ਖੁਦਾ ਦਾ ਵਚਨ ਏਨੀ ਸਰਲਤਾ ਅਤੇ ਸਧਾਰਨਤਾ ਵਿੱਚ ਵਾਪਰਦਾ ਹੈ ਕਿ ਲੋਕ ਉਸ ਨੂੰ ਸਮਝਣ ਵਿੱਚ ਖੁੰਝ ਜਾਂਦੇ ਹਨ ਅਤੇ ਉਹਨਾਂ ਨੂੰ ਪਤਾ ਵੀ ਨਹੀਂ ਲੱਗਦਾ ਕਿ ਇਹ ਕਦ ਵਾਪਰ ਗਿਆ।

28 ਅਤੇ, ਅਸੀਂ ਪ੍ਰਭੂ ਦੀ ਉਡੀਕ ਵਿੱਚ ਹਾਂ ਜਿਹੜੀ ਕਿਸੇ ਵੀ ਵੇਲੇ ਹੋ ਸੱਕਦੀ ਹੈ।ਅਤੇ ਹੁਣ ਅਸੀਂ ......ਮੈਂ ਬਿਆਨ ਦਿੱਤਾ ਸੀ ਕਿ ਸੰਭਵ ਹੈ ਉਠਾਇਆ ਜਾਣਾ ਵੀ ਬਿਲਕੁੱਲ ਇਸੇ ਤਰ੍ਹਾਂ ਹੀ ਹੋਵੇਗਾ।ਸਵਰਗ ਤੇ ਉਠਾਇਆ ਜਾਣਾ ਹੋ ਵੀ ਜਾਵੇਗਾ ਅਤੇ ਕਿਸੇ ਨੂੰ ਵੀ ਇਸਦੇ ਬਾਰੇ ਵਿੱਚ ਪਤਾ ਨਹੀਂ ਹੋਵੇਗਾ।ਇਹ ਬਿਲਕੁੱਲ ਇਸੇ ਹੀ ਤਰ੍ਹਾਂ ਹੋਵੇਗਾ।ਸਮਝੇ ? ਅਤੇ ਅਕਸਰ .........ਬਾਈਬਲ ਵਿੱਚ ਪਿੱਛੇ ਜਾਓ ਅਤੇ ਵੇਖੋ ਕਿ ਕੀ ਇਹ ਇਸੇ ਤਰ੍ਹਾਂ ਹੀ ਨਹੀਂ ਹੋਇਆ ਹੈ।ਵੇਖਿਆ?

29 ਪ੍ਰਭੂ ਯਿਸੂ ਦੀ ਆਮਦ ਵਾਂਗ ਸਵਰਗ ਤੇ ਉਠਾਇਆ ਜਾਣਾ ਵੀ ਇੱਕ ਬਹੁਤ ਮਹਾਨ ਘਟਨਾ ਹੈ, ਕਿਸੇ ਨੇ ਵੀ ਇਸਦੇ ਬਾਰੇ ਵਿੱਚ ਕੁਝ ਵੀ ਨਹੀਂ ਜਾਣਿਆ।ਉਹਨਾਂ ਆਖਿਆ, " ਇਹ ਕੋਈ ਵਹਿਮੀ ਆਦਮੀ ਹੈ ।" ਕਲੀਸਿਯਾਵਾਂ ਨੇ ਆਖਿਆ, " ਉਹ ਤਾਂ ਬਸ ਕੱਟੜਪੰਥੀ ਹੈ।ਅਸੀਂ .....ਉਹ ਸੱਚ-ਮੁੱਚ ਹੀ ਪਾਗਲ ਹੈ।"ਕਿਹਾ, " ਉਹ ਇੱਕ ਮੂਰਖ ਆਦਮੀ ਹੈ ।" "ਅਸੀਂ ਜਾਣਦੇ ਹਾਂ ਤੂੰ ਮੂਰਖ ਹੈਂ।" *ਮੂਰਖ* ਦਾ ਮਤਲਬ ਹੈ ਜਿਹਦਾ "ਦਿਮਾਗ ਠੀਕ ਕੰਮ ਨਾ ਕਰਦਾ ਹੋਵੇ।" "ਅਸੀਂ ਜਾਣਦੇ ਹਾਂ ਕਿ ਤੇਰੇ ਵਿੱਚ ਸ਼ੈਤਾਨ ਹੈ ਅਤੇ ਇਸੇ ਦੇ ਕਾਰਨ ਤੇਰਾ ਦਿਮਾਗ ਕੰਮ ਨਹੀਂ ਕਰਦਾ।ਅਤੇ ਤੂੰ ਸਾਨੂੰ ਸਿਖਾਉਣ ਦੀ ਕੋਸ਼ਿਸ਼ ਕਰਦਾ ਹੈਂ?ਜਦਕਿ ਤੂੰ ਪੈਦਾ ਹੀ ਨਜ਼ਾਇਜ਼ ਢੰਗ ਨਾਲ ਹੋਇਆਂ ਹੈਂ ।ਅਸੀਂ .....ਤੂੰ ਹਰਾਮਕਾਰੀ ਵਿੱਚ ਜੰਮਿਆਂ ਹੈਂ।ਅਤੇ ਤੂੰ ਸਾਡੇ ਵਰਗੇ ਲੋਕਾਂ ਨੂੰ ਜੋ ਕਿ ਹੈਕਲ ਦੇ ਜ਼ਾਜਕ ਆਦਿ ਹਾਂ ਸਿਖਾਉਣ ਦੀ ਕੋਸ਼ਿਸ਼ ਕਰਦਾ ਹੈਂ?" ਚੰਗਾ, ਇਹਦੇ ਕਾਰਨ ਉਹਨਾਂ ਦੀ ਨਿਰਾਦਰੀ ਸੀ।

30 ਜਦ ਯੂਹੰਨਾ ਆਇਆ ਉਸਦੇ ਬਾਰੇ ਵਿੱਚ ਜਮਾਨਿਆਂ ਤੋਂ, ਯਸਾਯਾਹ ਤੋਂ ਲੈ ਕੇ ਮਲਾਕੀ ਤੱਕ ਗੱਲਾਂ ਹੁੰਦੀਆਂ ਆ ਰਹੀਆਂ ਸਨ।ਇਹ ਬਾਰਾਂ ਸੋ ਸਾਲ ........ਸੱਤ ਸੋ ਬਾਰਾਂ ਸਾਲ ਪਹਿਲਾਂ ਨਬੀਆਂ ਨੇ ਉਸਨੂੰ ਆਉਂਦੇ ਹੋਏ ਵੇਖਿਆ ।ਹਰ ਕੋਈ ਉਸਦੇ ਆਉਣ ਦੀ ਉਡੀਕ ਕਰ ਰਿਹਾ ਸੀ, ਉਹ ਉਮੀਦ ਕਰਦੇ ਸਨ ਕਿ ਉਹ ਕਿਸੇ ਵੀ ਵੇਲੇ ਆ ਸੱਕਦਾ ਹੈ।ਪਰ ਜਿਸ ਢੰਗ ਨਾਲ ਉਹ ਆਇਆ ਅਤੇ ਪ੍ਰਚਾਰ ਕੀਤਾ ਅਤੇ ਆਪਣੀ ਸੇਵਕਾਈ ਕੀਤੀ ਅਤੇ ਉਹ ਵਾਪਿਸ ਮਹਿਮਾਂ ਵਿੱਚ ਚਲਾ ਗਿਆ।

31 ਅਤੇ ਇੱਥੋਂ ਤੱਕ ਕਿ ਚੇਲੇ ਵੀ ਉਸਦੇ ਬਾਰੇ ਵਿੱਚ ਨਹੀਂ ਜਾਣਦੇ ਸਨ, ਕਿਉਂਕਿ ਉਹਨਾਂ ਯਿਸੂ ਨੂੰ ਉਸਦੇ ਬਾਰੇ ਪੁੱਛਿਆ ਸੀ।ਉਹਨਾਂ ਕਿਹਾ, " ਜੇ ਹੁਣ ਮਨੁੱਖ ਦਾ ਪੁੱਤਰ ਇਹਨਾਂ ਸੱਭ ਗੱਲਾਂ ਨੂੰ ਪੂਰਿਆਂ ਕਰਨ ਯਰੂਸ਼ਲਮ ਜਾ ਰਿਹਾ ਹੈ ","ਤਾਂ ਲਿਖਤਾਂ ਕਿਉਂ ਆਖਦੀਆਂ ਹਨ 'ਏਲੀਯਾਹ ਦਾ ਪਹਿਲਾਂ ਆਉਣਾ ' ਜਰੂਰੀ ਹੈ ?"

32 ਯਿਸੂ ਨੇ ਕਿਹਾ, "ਉਹ ਤਾਂ ਆ ਚੁੱਕਿਆ ਹੈ,ਅਤੇ ਤੁਸੀਂ ਉਸਨੂੰ ਨਹੀਂ ਜਾਣਿਆ।ਅਤੇ ਉਸਨੇ ਉਹੋ ਕੁਝ ਹੀ ਕੀਤਾ ਜੋ ਵਚਨ ਉਸਦੇ ਬਾਰੇ ਵਿੱਚ ਦੱਸਦਾ ਹੈ ਕਿ ਉਹ ਕਰੇਗਾ।ਅਤੇ ਜਿਵੇਂ ਉਹਨਾਂ ਚਾਹਿਆ ਉਸਦੇ ਨਾਲ ਕੀਤਾ।" ਸਮਝੇ?ਅਤੇ ਉਹ ਉਸਨੂੰ ਨਹੀਂ ਪਛਾਣ ਸਕੇ ਸਨ।ਯਿਸੂ ਨੇ ਕਿਹਾ "ਇਹ ਯੂਹੰਨਾ ਹੀ ਸੀ।"

ਅਤੇ ਫਿਰ, "ਓਹ !" ਉਹਨਾਂ ਦੀਆਂ ਅੱਖਾਂ ਖੁੱਲ੍ਹ ਗਈਆਂ।ਉਹ ..........

33 ਅਤੇ ਇੱਥੋਂ ਤੱਕ ਕਿ ਜਦ ਉਹ ਸਾਰੇ ਕੰਮ ਨੂੰ ਕਰ ਹਟਿਆ ਅਤੇ ਉਹਨਾਂ ਚਿੰਨ੍ਹਾਂ ਨੂੰ ਵਿਖਾ ਹਟਿਆ, ਅਤੇ ਉਹਨਾਂ ਨੂੰ ਬੁਲਾ ਚੁੱਕਿਆ ਤਾਂ ਉਸਨੇ ਉਹਨਾਂ ਨੂੰ ਕਿਹਾ," ਤੁਹਾਡੇ ਵਿੱਚੋਂ ਕਿਹੜਾ ਮੇਰੇ ਤੇ ਪਾਪ ਅਥਵਾ ਬੇਪ੍ਰਤੀਤੀ ਦਾ ਦੋਸ਼ ਲਗਾ ਸੱਕਦਾ ਹੈ ? ਕੀ ਮੈਂ ਉਹ ਨਹੀਂ ਕੀਤਾ ਜਿਸਦੇ ਬਾਰੇ ਵਿੱਚ ਕਿ ਵਚਨ ਆਖਦਾ ਹੈ ਮੈਂ ਧਰਤੀ ਤੇ ਇਹ ਕਰਾਂਗਾ, ਤਾਂ ਤੁਸੀਂ ਮੈਨੂੰ ਵਿਖਾਓ ਕਿ ਮੈਂ ਕਿੱਥੇ ਪਾਪ ਕੀਤਾ ਹੈ ।ਸਮਝੇ ? ਫਿਰ ਮੈਂ ਤੁਹਾਨੂੰ .......ਵਿਖਾਵਾਂਗਾ ਕਿ ਤੁਹਾਨੂੰ ਕੀ ਕਰਨਾ ਚਾਹੀਦਾ ਹੈ, ਆਓ ਵੇਖੀਏ ਤੁਸੀਂ ਇਸਦੀ ਨਿਹਚਾ ਕਰਦੇ ਹੋ ਜਾਂ ਨਹੀਂ ।" ਸਮਝੇ? ਉਹ ਉਨ੍ਹਾਂ ਨੂੰ ਸਿੱਧਾ ਆਖ ਸੱਕਦਾ ਸੀ, " ਜਦ ਮੈਂ ਆਇਆ ਸੀ ਤਾਂ ਤੁਹਾਨੂੰ ਵਿਸ਼ਵਾਸ਼ ਕਰਨਾ ਚਾਹੀਦਾ ਸੀ।" ਪ੍ਰੰਤੂ ਵੇਖੋ ਕਿ ਉਹਨਾਂ ਨੇ ਇਸ ਤਰ੍ਹਾਂ ਨਹੀਂ ਕੀਤਾ।ਉਹ ਤਾਂ ਉਸਨੂੰ ਆਪਣੀਆਂ ਗੱਲਾਂ ਵਿੱਚ ਫਸਾਉਣ ਦੇ ਹੀ ਚੱਕਰ ਵਿੱਚ ਰਹਿੰਦੇ ਸਨ।ਪ੍ਰੰਤੂ ਯਿਸੂ ਨੇ ਉਹਨਾਂ ਨੂੰ ਕਿਹਾ, "ਤੁਹਾਡੇ ਵਿੱਚੋਂ ਕਿਹੜਾ ਮੇਰੇ ਤੇ ਬੇਪ੍ਰਤੀਤੀ ਦਾ ਦੋਸ਼ ਲਗਾ ਸੱਕਦਾ ਹੈ ?ਕੀ ਮੈਂ ਉਹ ਨਹੀਂ ਕੀਤਾ ਜੋ ਮੈਨੂੰ ਕਰਨਾ ਚਾਹੀਦਾ ਸੀ?" ਸਮਝੇ?

34 ਅਤੇ ਇੱਥੋਂ ਤੱਕ ਕਿ ਉਸਦੇ ਚੇਲੇ ਵੀ ਜੋ ਉਸਦੇ ਨਾਲ ਰਹਿ ਰਹੇ ਸਨ, ਠੋਕਰ ਖਾ ਗਏ ਸਨ।ਤੁਸੀਂ ਜਾਣਦੇ ਹੋ ਕਿ ਵਚਨ ਕੀ ਦੱਸਦਾ ਹੈ। ਪ੍ਰੰਤੂ ਅੰਤ ਵਿੱਚ ਉਹਨਾਂ ਨੇ ਕਿਹਾ, "ਹੁਣ ਅਸੀਂ ਨਿਹਚਾ ਕਰਦੇ ਹਾਂ।ਅਸੀਂ ਨਿਹਚਾ ਕਰਦੇ ਹਾਂ ਕਿ ਕਿਸੇ ਮਨੁੱਖ ਨੂੰ ਤੈਨੂੰ ਕੁਝ ਦੱਸਣ ਦੀ ਲੋੜ ਨਹੀਂ ਹੈ ਕਿਉਂਕਿ ਤੂੰ ਸੱਭ ਕੁਝ ਜਾਣਦਾ ਹੈ।

35 ਹੁਣ, ਮੈਂ ਉਸਦੇ ਚਿਹਰੇ ਨੂੰ ਵੇਖਣਾ ਚਾਹੁੰਦਾ ਹਾਂ। ਉਸਨੇ ਜਰੂਰ ਉਹਨਾਂ ਨੂੰ ਕਿਹਾ ਹੋਵੇਗਾ, " ਹੁਣ ਕੀ ਤੁਸੀਂ ਨਿਹਚਾ ਕਰਦੇ ਹੋ? ਜਦ ਸੱਭ ਕੁਝ ਤੁਹਾਡੇ ਸਾਮ੍ਹਣੇ ਸਪੱਸ਼ਟ ਹੋ ਗਿਆ



329 ਇਹ ਹੀ ਦੂਜੀ ਮੋਹਰ ਹੈ।ਕੀ ਤੁਸੀਂ ਉਸ ਨਾਲ ਪਿਆਰ ਕਰਦੇ ਹੋ? [ਸੰਗਤ ਆਖਦੀ ਹੈ, "ਆਮੀਨ।"-ਸੰਪਾ]ਹੇ ਮੇਰੇ !ਇਹ *"ਯਹੋਵਾਹ ਇੰਝ ਫਰਮਾਉਂਦਾ ਹੈ "* ਵਾਲਾ ਵਚਨ ਹੈ। [ਸੰਗਤੀ ਵੱਡੇ ਅਨੰਦ ਨਾਲ ਭਰ ਜਾਂਦੀ ਹੈ] ਖੁਦਾ ਦੇ ਨਾਮ ਦੀ ਮਹਿਮਾਂ ਹੋਵੇ !ਕੀ ਇਹ ਸੱਭ ਬਾਕੀ ਦੇ ਪ੍ਰਕਾਸ਼, ਅਤੇ ਦਰਸ਼ਨ ਅਤੇ ਸਾਰੀਆਂ ਗੱਲਾਂ ਬਿਲਕੁੱਲ ਉਸੇ ਹੀ ਨਿਸ਼ਾਨੇ ਨੂੰ ਨਹੀਂ ਵਿੰਨ੍ਹਦੇ ਹਨ !ਅਤੇ ਕਿੰਨੇ ਇਸ ਗੱਲ ਨੂੰ ਜਾਣਦੇ ਹਨ? ਆਪਣੇ ਹੱਥ ਖੜੇ ਕਰੋ।ਸੈਂਕੜੇ ਹੱਥ ਉੱਪਰ ਉੱਠੇ ਹੋਏ ਹਨ, ਇੱਥੇ ਹਰ ਕੋਈ ਆਪਣੇ ਹੱਥਾਂ ਨੂੰ ਉੱਪਰ ਉਠਾਏ ਹੋਏ ਹੈ।ਇਹ ਸੱਚ ਹੈ।ਇਹ ਵੀ ਉਸੇ ਤਰੀਕੇ ਦੇ ਨਾਲ ਹੀ ਹੋਵੇਗਾ! ਯਾਦ ਰੱਖੋ ਇਹ ਇਸੇ ਤਰ੍ਹਾਂ ਹੀ ਹੈ।ਹੇ ਦੋਸਤ !

ਉਸ ਚਸ਼ਮੇ ਦੇ ਕੋਲ ਆਓ ਜੋ ਲਹੂ ਨਾਲ ਭਰਿਆ ਹੈ,
ਜੋ ਇਮਾਨੂੰਏਲ ਦੀਆਂ ਨਾੜੀਆਂ ਵਿੱਚੋਂ ਨਿੱਕਲਿਆ ਹੈ ;
ਜਿੱਥੇ ਲਹੂ ਦੇ ਕੁੰਭ ਵਿੱਚ ਪਾਪੀ ਡੁਬਦੇ ਹਨ,
ਉਹਨਾਂ ਦੇ ਦੋਸ਼ਾਂ ਦੇ ਦਾਗ ਧੁਲ ਕੇ ਮਿਟ ਜਾਂਦੇ ਹਨ।

330 ਜੇ ਤੁਸੀਂ ਉਸਤੇ ਕਦੇ ਨਿਹਚਾ ਨਹੀਂ ਕੀਤੀ ਹੈ ਤਾਂ ਆਓ ।ਮਿੱਤਰੋ ਜੇ ਹਾਲੇ ਤੱਕ ਤੁਹਾਡੇ ਜੀਵਨ ਵਿੱਚ ਬੁਰਿਆਈ ਹੈ ਤਾਂ ਕੋਈ ਵੀ ਮੌਕਾ ਨਾ ਗੁਆਓ ; ਮੌਕੇ ਨੂੰ ਨਾ ਗੁਆਓ, ਮੌਕੇ ਨੂੰ ਨਾ ਗੁਆਓ।

331 ਅਸੀਂ ਇੱਥੇ ਮੌਜੂਦ ਹਾਂ।ਕੁਝ ਹੋਣ ਵਾਲਾ ਹੈ। [ਭਾਈ ਬ੍ਰਾਨਹਾਮ ਚਾਰ ਵਾਰ ਪੁਲਪਿਟ ਨੂੰ ਖੜਕਾਉਂਦੇ ਹਨ।-ਸੰਪਾ] ਮੈਂ ਨਹੀਂ ਜਾਣਦਾ ਹਾਂ ਕਿਉਂ । ਮੈਂ ਨਹੀਂ ਜਾਣਦਾ ਕਦੋਂ।ਪ੍ਰੰਤੂ ਇਸਦਾ ਹੋਣਾ ਜਰੂਰੀ ਹੈ ਕਿਉਂਕਿ ਇਹ ਬਿਲਾਕੁੱਲ ਇਸ ਸਮੇਂ ਇਸ ਨੂੰ ਪ੍ਰਗਟ ਕਰ ਰਿਹਾ ਹੈ। ਉਹ ਤਦ ਤੱਕ ਕੁਝ ਨਹੀਂ ਕਰਦਾ ਹੈ ਜਦ ਤੱਕ ਕਿ ਪਹਿਲਾਂ ਉਸਨੂੰ ਪ੍ਰਗਟ ਨਾ ਕਰ ਦੇਵੇ।ਆਮੋਸ 3 . ਉਹ ਪਹਿਲਾਂ ਇਸ ਤੋਂ ਜਾਣੂ ਕਰਾਉਂਦਾ ਹੈ। ਅਤੇ ਉਸਨੇ ਵਾਇਦਾ ਕੀਤਾ ਹੈ ਕਿ ਇਹ ਗੱਲਾਂ ਵਾਪਰਨਗੀਆਂ।ਅਤੇ ਸੱਤਵੀਂ ਕਲੀਸਿਯਾ ਦੇ ਯੁੱਗ ਦੇ ਅੰਤ ਵਿੱਚ ਜਦ ਸੱਤਵਾਂ ਦੂਤ ਆ ਚੁੱਕਾ ਹੋਵੇਗਾ ਤਾਂ ਇਹ ਗੱਲਾਂ ਵਾਪਰਨਗੀਆਂ।ਇਨ੍ਹਾਂ ਨੂੰ ਪ੍ਰਗਟ ਕੀਤਾ ਜਾਵੇਗਾ ........ ਉਨ੍ਹਾਂ ਟੁੱਟੀਆਂ ਮੋਹਰਾਂ ਨੂੰ ਪ੍ਰਗਟ ਕੀਆਂ ਜਾਵੇਗਾ, ਅਤੇ ਉਹ ਇੱਥੇ ਪ੍ਰਗਟ ਹੋਈਆਂ ਹਨ।ਹੁਣ, ਇਹ ਪ੍ਰਭੂ ਦੇ ਨਾਮ ਵਿੱਚ ਹੈ।ਦੋਸਤੋ, ਤੁਸੀਂ ਇਸਦੀ ਨਿਹਚਾ ਕਰੋ।ਜੀ ਹਾਂ, ਸ਼੍ਰੀਮਾਨ।ਬਾਬੁਲ ਵਿੱਚੋਂ ਬਾਹਰ ਨਿੱਕਲ ਆਓ।

332 ਇਸ ਨੂੰ ਖਤਮ ਕਰਨ ਤੋਂ ਪਹਿਲਾਂ ਮੈਂ ਕੁਝ ਕਹਿਣਾ ਚਾਹੁੰਦਾ ਹਾਂ।ਕਿਉਂ, ਮੈਨੂੰ ਦੇਰ ਹੋ ਰਹੀ ਹੈ ......ਸਾਢੇ ਨੌਂ ਹੋ ਗਏ ਹਨ।ਸਮਾਂ ਹੁਣੇ ਹੀ ਹੈ।

333 ਜਦੋਂ ਅਸੀਂ ਆਪਣੀ ਪਿਛਲੀ ਫੇਰੀ ਵਿੱਚ ਭਾਰਤ ਗਏ ਸੀ ਅਤੇ ਮੈਂ ਅਤੇ ਬਿਲੀ ਜਦ ਹਵਾਈ ਜਹਾਜ ਤੋਂ ਥੱਲੇ ਉੱਤਰੇ ਸੀ ਤਾਂ ਮੈਂ ਉਸ ਅਖਬਾਰ ਨੂੰ ਵੇਖ ਰਿਹਾ ਸੀ ਜਿਹੜੀ ਉਹ ਮੇਰੇ ਲਈ ਲੈ ਕੇ ਆਏ ਸਨ, ਅਤੇ ਉਹ ਅੰਗਰੇਜ਼ੀ ਦੀ ਅਖਬਾਰ ਸੀ।ਅਤੇ ਉਸ ਵਿੱਚ ਇਹ ਕਿਹਾ ਗਿਆ ਸੀ, " ਭੁਚਾਲ ਖਤਮ ਹੋ ਜਾਣਾ ਚਾਹੀਦਾ ਹੈ ਕਿਉਂਕਿ ਚਿੜੀਆਂ ਵਾਪਿਸ ਆ ਰਹੀਆਂ ਹਨ।" ਉਸ ਵਿੱਚ ਉਸ ਭੁਚਾਲ ਦੇ ਬਾਰੇ ਵਿੱਚ ਬਿਆਨ ਦਿੱਤਾ ਹੋਇਆ ਸੀ।ਉਹ ......ਉੱਥੇ ਕੋਈ ਬਹੁਤ ਹੀ ਹਾਸੇ ਵਾਲੀ ਗੱਲ ਹੋਈ ਸੀ ਜੋ ਕਿ ਲਿਖੀ ਗਈ ਸੀ।

324 ਕਿਉਂਕਿ ਉਹ ਅਤੇ ਵਚਨ ਇੱਕ ਹੀ ਹੈ । ਸਮਝੇ? ਹੁਣ ਧਿਆਨ ਦਿਓ ਇੱਥੇ " ਉਸਦੇ ਨਾਮ " ਕਰਕੇ ਨਹੀਂ ਲਿਖਿਆ ਹੈ ।ਜੀ ਹਾਂ।ਵਾਹ-ਵਾਹ! "ਉਸਦਾ ਨਾਮ ਪਰਮੇਸ਼ੁਰ ਦਾ ਸ਼ਬਦ " ਸਦਾਉਂਦਾ ਹੈ । ਉਹ ਤਾਂ ਬਸ ਇੱਕ ਹੀ ਨਾਮ ਜਾਣਦਾ ਹੈ ; ਹੋਰ ਕਿਸੇ ਦੂਜੇ ਨਾਮ ਨੂੰ ਨਹੀਂ ਜਾਣਦਾ ਹੈ।

*ਤੇ ਫੌਜਾਂ ਜੋ ਸੁਰਗ ਵਿੱਚ ਸਨ, ਚਿੱਟੇ ਤੇ ਸਾਫ ਕਤਾਨੀ ਬਸਤਰ ਪਹਿਨੀ ਅਤੇ ਚਿੱਟਿਆਂ ਘੋੜਿਆਂ ਤੇ ਸਵਾਰ ਉਸਦੇ ਪਿੱਛੇ-ਪਿੱਛੇ ਚੱਲਦੀਆਂ ਸਨ(* ਇਹ ਸੰਤਾਂ ਦੀ ਧਾਰਮਿਕਤਾ ਹੈ । ਸਮਝੇ?)

325 ਹੁਣ ਧਿਅਨ ਦਿਓ।ਯਿਸੂ ਨੇ ਕੀ ਕਿਹਾ ਸੀ ? " ਉਹ ਜਿਹੜਾ ਤਲਵਾਰ ਚਲਾਉਂਦਾ ਹੈ ........" ਠੀਕ ਹੈ। ਇੱਥੇ ਲਾਲ ਘੋੜੇ ਦਾ ਸਵਾਰ ਆਉਂਦਾ ਹੈ ਜਿੱਥੇ ਇਹ ਆਉਂਦੀ ਹੈ। " ਉਹ ਜਿਹੜਾ ਤਲਵਾਰ ਚਲਾਉਂਦਾ ਹੈ ......." ਉਨ੍ਹਾਂ ਸਮਿਆਂ ਦੇ ਵਿੱਚੋਂ ਦੀ ਲੰਘਦਿਆਂ, ਤੂੰ ਛੇ ਕਰੋੜ ਅੱਸੀ ਲੱਖ ਨੂੰ ਮਾਰ ਦਿੱਤਾ ਸੀ, ਅਤੇ ਹੋ ਸੱਕਦਾ ਹੈ ਕਿ ਇਸ ਤੋਂ ਵੀ ਵੱਧ ਕਈ ਲੋਕਾਂ ਨੂੰ ਤੂੰ ਮੌਤ ਦੇ ਘਾਟ ਉਤਾਰਿਆ ਹੋਵੇ।ਪ੍ਰੰਤੂ ਯਿਸੂ ਮਸੀਹ ਨੇ ਕਿਹਾ ਸੀ, " ਉਹ ਜਿਹੜਾ ਤਲਵਾਰ ਚਲਾਉਂਦਾ ਹੈ ਉਹ ਤਲਵਾਰ ਨਾਲ ਹੀ ਨਾਸ਼ ਕੀਤਾ ਜਾਵੇਗਾ।" ਧਿਆਨ ਦਿਓ।

*ਅਤੇ ਉਸਦੇ ਮੂੰਹ ਵਿੱਚੋਂ ਤਿੱਖੀ ਤਲਵਾਰ ਨਿੱਕਲਦੀ ਹੈ ....*

326 ਇਬਰਾਨੀਆਂ ਦੀ ਚੋਥੀ ਬਾਬ ਦੱਸਦੀ ਹੈ, ਪਰਮੇਸ਼ੁਰ ਦਾ ਵਚਨ ਦੋ ਧਾਰੀ ਤਲਵਾਰ ਨਾਲੋਂ ਵੀ ਤਿੱਖਾ ਹੈ ਤੇ ਗੁੱਦੇ-ਗੁੱਦੇ ਅਤੇ ਬੰਦ-ਬੰਦ ਨੂੰ ਵਿੰਨ੍ਹਦਾ ਹੈ।" ਅਤੇ ਪਰਮੇਸ਼ੁਰ ਦਾ ਵਚਨ ਕੀ ਕਰਦਾ ਹੈ? " ਪਰਮੇਸ਼ੁਰ ਦਾ ਵਚਨ ਮਨ ਦੇ ਗੁਪਤ ਵਿਚਾਰਾਂ ਨੂੰ ਜਾਂਚ ਲੈਂਦਾ ਹੈ।" ਇਹ ਸੱਚ ਹੈ।

*ਅਤੇ ਉਸਦੇ ਮੂੰਹ ਵਿੱਚੋਂ ਇੱਕ ਤਿੱਖੀ ਤਲਵਾਰ ਨਿੱਕਲਦੀ ਹੈ ਭਈ ਉਸ ਨਾਲ ਉਹ ਕੌਮਾਂ ਨੂੰ ਮਾਰੇ ਅਤੇ ਉਹ ਲੋਹੇ ਦੇ ਡੰਡੇ ਨਾਲ ਉਹਨਾਂ ਉੱਤੇ ਹਕੂਮਤ ਕਰੇਗਾ ਅਤੇ ਪ੍ਰਮੇਸ਼ੁਰ ਸਰਵਸ਼ਕਤੀਮਾਨ ਦੇ ਅੱਤ ਵੱਡੇ ਕ੍ਰੋਧ ਦੀ ਮੈ ਦੇ ਚੁਬੱਚੇ ਨੂੰ ਲਤਾੜਦਾ ਹੈ ।ਅਤੇ ਉਸਦੇ ਬਸਤਰ ਅਤੇ ਪੱਟ ਤੇ ਲਿਖਿਆ ਹੋਇਆ ਹੈ, "ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ।"*

327 ਪ੍ਰਮੇਸ਼ੁਰ ਦੇ ਵਚਨ ਦੇ ਵਿਰੁੱਧ ਧੋਖਾ ਦੇਣ ਵਾਲਿਆਂ ਵਾਂਗੂੰ ਅਤੇ ਕਿਉਂ ਜੋ ਉਹ ਸਹਿਮਤ ਨਾ ਹੋਏ ਇਸ ਲਈ ਸ਼ੈਤਾਨ ਨੇ ਉਨ੍ਹਾਂ ਰਾਜਨਿਤਕ ਸ਼ਕਤੀਆਂ ਜੋ ਉਸਦੇ ਕੋਲ ਹਨ ਅਤੇ ਉਨ੍ਹਾਂ ਆਤਮਿਕ ਅਧਿਕਾਰਾਂ ਦਾ ਜੋ ਉਸਦੇ ਕੋਲ ਹਨ ਨੂੰ ਇਕੱਠਾ ਕੀਤਾ ਅਤੇ ਇੱਕ ਕਲੀਸਿਯਾ ਬਣਾਈ ਜੋ ਹਰ ਦੇਸ਼ ਵਿੱਚ ਫੈਲ ਗਈ ਹੈ।ਅਤੇ ਜਦ ਉਹ ਆਪਣੇ ਚਿੱਟੇ ਘੋੜੇ ਤੋਂ ਉੱਤਰ ਕੇ ਆਪਣੇ ਲਾਲ ਘੋੜੇ ਤੇ ਸਵਾਰ ਹੋਇਆ ਅਤੇ ਆਪਣੀ ਤਲਵਾਰ ਲੈ ਕੇ ਅੱਗੇ ਵਧਿਆ ਤਾਂ ਉਸਨੇ ਲੱਖਾਂ ਲੋਕਾਂ ਨੂੰ ਮਾਰ ਸੁੱਟਿਆ।

328 ਪ੍ਰੰਤੂ ਪਰਮੇਸ਼ੁਰ ਨੇ ਕਿਹਾ, "ਜਿਸ ਵਚਨ ਨੂੰ ਉਸਨੇ ਆਪਣੀ ਝੂਠੀ ਸਿੱਖਿਆ ਨਾਲ ਬਿਗਾੜਿਆ ਹੈ ਜਾਂ ਬਿਗੜਨ ਦਾ ਯਤਨ ਕੀਤਾ ਹੈ ;ਉਹ ਹੀ ਵਚਨ ਸ਼ਕਤੀ ਪਾ ਕੇ ਉੱਠ ਖੜਾ ਹੋਵੇਗਾ ਅਤੇ ਯਿਸੂ ਮਸੀਹ ਦੇ ਬੁੱਲ੍ਹਾਂ ਵਿੱਚੋਂ ਨਿੱਕਲੇਗਾ ਉਸਦਾ ਨਾਸ਼ ਕਰੇਗਾ ਅਤੇ ਜੋ ਕੁਝ ਵੀ ਉਸਦੇ ਸਾਹਮਣੇ ਆਵੇਗਾ ਉਸਦਾ ਨਾਸ਼ ਕਰ ਦੇਵੇਗਾ।" ਆਮੀਨ



ਹੈ।" ਪ੍ਰੰਤੂ ਉਸ ਸਮੇਂ ਤੱਕ ਅਜਿਹਾ ਨਹੀਂ ਹੋਣਾ ਸੀ। ਅਤੇ ਤੁਸੀਂ ਜਾਣਦੇ ਹੋ ਪ੍ਰਮੇਸ਼ੁਰ ਸੱਭ ਕੁਝ ਠੀਕ ਕਰਦਾ ਹੈ। ਮੈਂ -ਮੈਂ ਇਸਦੇ ਲਈ ਉਸਨੂੰ ਪਿਆਰ ਕਰਦਾ ਹਾਂ।

36 ਪ੍ਰੰਤੂ ਹੁਣ ਅਸੀਂ ਅਪਣੇ ਇਸ ਯੁੱਗ ਤੇ ਧਿਆਨ ਦਿੰਦੇ ਹਾਂ । ਕਿਉਂਕਿ ਜੇ ਮੈਂ ਇਸੇ ਤੇ ਹੀ ਬੋਲਦਾ ਰਿਹਾਂ ਤਾਂ ਅਸੀਂ ਕਦੇ ਵੀ ਮੋਹਰਾਂ ਤੇ ਨਹੀਂ ਪਹੁੰਚ ਸਕਾਂਗੇ।

37 ਅਤੇ ਹੁਣ ਯਾਦ ਰੱਖੋ ਕਿ ਮੇਰੇ ਕੋਲ ਬਿਮਾਰਾਂ ਲਈ ਦੁਆ ਕਰਨ ਲਈ ਬਹੁਤ ਸਾਰੇ ਬੇਨਤੀ ਪੱਤਰ ਆ ਰਹੇ ਹਨ।ਅਤੇ ਮੈਂ ਸਦਾ ਹੀ ਉਹਨਾਂ ਬੇਨਤੀ ਪੱਤਰਾਂ ਅਤੇ ਰੁਮਾਲਾਂ ਵਾਸਤੇ ਦੁਆ ਕਰ ਰਿਹਾ ਹਾਂ ਜੋ ਮੈਨੂੰ ਮਿਲ ਰਹੇ ਹਨ।ਅਤੇ ਜੇ ਅਸੀਂ ਇਨ੍ਹਾਂ ਮੋਹਰਾਂ ਦਾ ਅਧਿਐਨ ਸੱਤਵੀਂ ਮੋਹਰ ਤੱਕ ਐਤਵਾਰ ਸਵੇਰ ਤੱਕ ਕਰ ਚੁੱਕੇ ਤਾਂ ਜੇ ਪ੍ਰਭੂ ਨੇ ਚਾਹਿਆ ਤਾਂ ਅਸੀਂ ਇੱਥੇ ਪੁਰਾਣੇ ਢੰਗ ਦੀ ਇੱਕ ਵਧੀਆ ਜਿਹੀ ਚੰਗਾਈ ਸਭਾ ਕਰਾਂਗੇ, ਜਿਸ ਵਿੱਚ ਅਸੀਂ ਸਾਰੀ ਸਵੇਰ ਬਿਮਾਰਾਂ ਲਈ ਪ੍ਰਾਰਥਨਾ ਵਿੱਚ ਲਗਾ ਸੱਕਦੇ ਹਾਂ।ਅਤੇ ਮੈਨੂੰ ਯਕੀਨ ਹੈ ਕਿ ਇਹ ਇੱਕ ਅਜੀਬ ਕਿਸਮ ਦੀ ਚੰਗਾਈ ਸਭਾ ਹੋਵੇਗੀ। ਸਮਝੇ? ਤੁਸੀਂ ਵੇਖੋ ਕਿ ਮੈਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਹੈ।ਅਤੇ ਇਸ ਲਈ ਹੋ ਸੱਕਦਾ ਹੈ ਕਿ ਇਹ ਚੰਗਾਈ ਸਭਾ ਕੁਝ ਲੋਕਾਂ ਲਈ ਅਜੀਬ ਨਹੀਂ ਬਲਕਿ ਥੋੜੀ ਜਿਹੀ ਅਜੀਬ ਹੋਵੇ, ਸਮਝੇ ਮੇਰੇ ਕਹਿਣ ਦਾ ਕੀ ਮਤਲਬ ਹੈ।

38 ਹੁਣ ਇਹਨਾਂ ਅੰਤ ਦੇ ਦਿਨਾਂ ਵਿੱਚ ਪ੍ਰਮੇਸ਼ੁਰ ਦੇ ਭੇਤਾਂ ਨੂੰ ਪ੍ਰਗਟ ਕਰਨ ਲਈ ਉਸਦੀ ਕਿਰਪਾ ਸਾਡੇ ਉੱਤੇ ਕੇਡੀ ਹੀ ਮਹਾਨ ਹੈ ! ਹੁਣ, ਅਸੀਂ ਸਾਰੇ ਵਿਸ਼ਵਾਸ਼ ਕਰਾਂਗੇ ਕਿ ਅਸੀਂ ਅੰਤ ਦੇ ਦਿਨਾਂ ਵਿੱਚ ਹਾਂ।ਅਸੀਂ ਇਸਦੀ ਨਿਹਚਾ ਕਰਦੇ ਹਾਂ।ਅਤੇ ਯਾਦ ਰਹੇ ਭੇਤਾਂ ਨੇ ਅੰਤ ਦੇ ਦਿਨ ਪ੍ਰਗਟ ਹੋਣਾ ਸੀ। ਅਤੇ ਉਹ ਆਪਣਾ ਵਚਨ, ਆਪਣੇ ਭੇਤ ਕਿਸ ਤਰ੍ਹਾਂ ਪ੍ਰਗਟ ਕਰਦਾ ਹੈ? ਬਾਈਬਲ ਇਸਦੇ ਬਾਰੇ ਵਿੱਚ ਦੱਸਦੀ ਹੈ।ਕੀ ਤੁਸੀਂ ਪੜ੍ਹਨਾ ਪਸੰਦ ਕਰੋਗੇ ਕਿ ਉਸਨੇ ਇਸ ਤਰ੍ਹਾਂ ਕਿੱਥੇ ਕਿਹਾ ਹੈ? ਆਓ ਵੇਖੀਏ ਕਿ ਉਹ ਆਪਣੇ ਭੇਤ ਕਿਵੇਂ ਪ੍ਰਗਟ ਕਰਦਾ ਹੈ

39 ਹੁਣ ਮੈਂ ਚਾਹੁੰਦਾ ਹਾਂ ਕਿ ਤੁਸੀਂ ਅਮੋਸ ਦੀ ਕਿਤਾਬ ਪੜ੍ਹੋ।ਮੈਂ ਚਾਹੁੰਦਾ ਹਾਂ ਅਮੋਸ 3 ਬਾਬ ਦੀ 7 ਆਇਤ ਪੜ੍ਹੋ । ਠੀਕ ਹੈ।ਮੈਂ 6 ਵੀਂ ਆਇਤ ਵੀ ਪੜ੍ਹਾਂਗਾ।

*ਭਲਾ ਸ਼ਹਿਰ ਵਿੱਚ ਤੁਰ੍ਹੀ ਫੂਕੀ ਜਾਵੇ, ਅਤੇ ਲੋਕ ਨਾ ਡਰਨ ?ਕੀ ਸ਼ਹਿਰ ਉੱਤੇ ਬਿਪਤਾ ਆਵੇ ਅਤੇ ਯਹੋਵਾਹ ਨੇ ਉਹ ਨੂੰ ਨਾ ਘੱਲੀ ਹੋਵੇ ?*

*ਨਿਸੰਗ ਪ੍ਰਭੂ ਯਹੋਵਾਹ ਕੋਈ ਕੰਮ ਨਾ ਕਰੇਗਾ, ਜੇ ਉਹ ਆਪਣੇ ਸੇਵਕ ਨਬੀਆਂ ਨੂੰ ਆਪਣਾ ਭੇਤ ਪ੍ਰਗਟ ਨਾ ਕਰੇ।*

40 ਹੁਣ ਅਸੀਂ ਅੰਤ ਦੇ ਦਿਨਾਂ ਵਿੱਚ ਹਾਂ .........ਸਾਡੇ ਨਾਲ ਇਹ ਭਵਿੱਖਬਾਣੀ ਹੋ ਚੁੱਕੀ ਹੈ ਕਿ ਇੱਕ ਨਬੀ ਉੱਠ ਖੜਾ ਹੋਵੇਗਾ।

41 ਹੁਣ ਅਸੀਂ ਜਾਣਦੇ ਹਾਂ ਕਿ ਸਾਡੇ ਕੋਲ ਕਈ ਤਰ੍ਹਾਂ ਦੇ ਨਬੀ ਹਨ।ਹੁਣ, ਅੱਜ ਰਾਤ ਚਾਰੇ ਪਾਸੇ ਨਿਗਾਹ ਮਾਰਨ ਤੇ ਮੈਂ ਮਹਿਸੂਸ ਕਰਦਾ ਹਾਂ ਕਿ ਉੱਥੇ ਬੋਲ ਰਿਹਾਂ ਹਾਂ ਜਿੱਥੇ ਕਿ ਬਾਈਬਲ ਦੇ ਖੋਜੀ ਬੈਠੇ ਹਨ, ਅਤੇ ਮੈਂ ਤੁਹਾਡੇ ਤੋਂ ਇਹ ਹੀ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਸਮਝੋ।ਅਤੇ ਤੁਸੀਂ ਜਾਣਦੇ ਹੋ ਕਿ ਇਹ ਟੇਪਾਂ ਲੱਗ-ਭੱਗ ਸੰਸਾਰ ਭਰ ਵਿੱਚ ਭੇਜੀਆਂ ਜਾਂਦੀਆਂ ਹਨ।ਅਤੇ ਮੈਂ ਚਾਹੁੰਦਾ

ਹਾਂ ਕਿ ਤੁਸੀਂ ਕਿਸੇ ਵੀ ਢੰਗ ਨਾਲ ਇਹ ਨਾ ਸੋਚੋ ਕਿ ਮੈਂ ਏਲੀਯਾਹ ਦੀ ਗੋਦੜੀ ਜਾਂ ਚੋਗੇ ਵਾਲਾ ਕੋਈ ਮੱਤ ਚਲਾਉਣਾ ਚਾਹੁੰਦਾ ਹਾਂ।ਇਹੋ ਜਿਹੀਆਂ ਗੱਲਾਂ ਤਾਂ ਸਾਡੇ ਵਿੱਚ ਪਹਿਲਾਂ ਹੀ ਬਥੇਰੀਆਂ ਹਨ। ਪ੍ਰੰਤੂ ਤੁਸੀਂ ਵੇਖੋ ਕਿ ਇਹ ਸੱਭ ਚੀਜ਼ਾਂ ਤਾਂ ਉਸ ਆਉਣ ਵਾਲੀ ਅਸਲੀ ਗੱਲ ਦਾ ਬਸ ਇੱਕ ਨਮੂਨਾ ਸਨ ਕਿ ਲੋਕਾਂ ਨੂੰ ਬਾਹਰ ਕੱਢ ਦੇਣ।

42 ਕੀ ਤੁਸੀਂ ਜਾਣਦੇ ਹੋ ਸਾਡੇ ਵਿੱਚ ਸਨ-ਮਸੀਹ ਦੇ ਆਉਣ ਤੋਂ ਪਹਿਲਾਂ ਝੂਠੇ ਆਗੂ ਅਤੇ ਝੂਠੇ ਮਸੀਹ ਉੱਠ ਖੜੇ ਹੋਏ ਸਨ? ਜਦ ਉਨ੍ਹਾਂ ਦਿਨਾਂ ਦੇ ਮਹਾਨ ਗੁਰੂ ਗਮਲੀਏਲ ਦੇ ਸਾਮ੍ਹਣੇ ਚੇਲਿਆਂ ਨੂੰ ਕੱਟਣ ਦਾ ਮਾਮਲਾ ਸਾਹਮਣੇ ਆਇਆ ਤਾਂ ਉਸਨੇ ਕੀ ਸਲਾਹ ਦਿੱਤੀ ਸੀ, ਭਈ ਇਹਨਾਂ ਨੂੰ ਛੱਡ ਦਿਓ।ਜੇ ਇਹ ਪ੍ਰਮੇਸ਼ੁਰ ਦੀ ਵੱਲੋਂ ਹੈ ਤਾਂ ਤੁਸੀਂ ਇਹਨਾਂ ਨੂੰ ਮਾਰ-ਕੁੱਟ ਕੇ ਇਹ ਹੀ ਪਾਓਗੇ ਕਿ ਤੁਸੀਂ ਖੁਦਾ ਦੇ ਵਿਰੁੱਧ ਲੜ ਰਹੇ ਹੋ । ਪਰ ਜੇ ਇਹ ਖੁਦਾ ਦੀ ਵੱਲੋਂ ਨਹੀਂ ਹੈ ........" ਉਸਨੇ ਕਿਹਾ, ਕੀ ਥੋੜੇ ਦਿਨ ਪਹਿਲਾਂ ਇੱਕ ਮਨੁੱਖ ਨਹੀਂ ਉੱਠ ਖੜਾ ਹੋਇਆ ਸੀ ਅਤੇ ਉਹ ਚਾਰ ਸੋ ਮਨੁੱਖਾਂ ਨੂੰ ਲੈ ਕੇ ਜੰਗਲ ਵਿੱਚ ਚਲਾ ਗਿਆ ਸੀ ? ਸਾਡੇ ਵਿੱਚ ਇਸ ਤਰ੍ਹਾਂ ਦੀਆਂ ਗੱਲਾਂ ਹੁੰਦੀਆਂ ਰਹਿੰਦੀਆਂ ਹਨ।" ਇਹ ਕੀ ਸੀ? ਸੱਚੇ ਦੇ ਆਉਣ ਤੋਂ ਪਹਿਲਾਂ ਝੂਠੇ ਖੜੇ ਹੋਣਾ।

43 ਹੁਣ, ਵੇਖੋ, ਸ਼ੈਤਾਨ ਉਨ੍ਹਾਂ ਨੂੰ ਖੜੇ ਕਰਦਾ ਹੈ। ਤੁਸੀਂ ਇਸ ਮਨੁੱਖ ਦੀ ਚਤੁਰਾਈ ਵੱਲ ਧਿਆਨ ਦਿਓ, ਜਿਸਦੇ ਬਾਰੇ ਵਿੱਚ ਅਸੀਂ ਇੱਥੇ ਗੱਲਾਂ ਕਰ ਰਹੇ ਹਾਂ ਜਦਕਿ ਅਸੀਂ ਇੱਥੇ ਉਸਨੂੰ ਠੀਕ ਵਚਨ ਅਨੁਸਾਰ ਪ੍ਰਗਟ ਕਰ ਰਹੇ ਹਾਂ ;ਉਸਨੂੰ ਬੇਪਰਦਾ ਕਰ ਰਹੇ ਹਾਂ ਕਿ ਤੁਸੀਂ ਵੇਖ ਸਕੋ ਕਿ ਉਹ ਕੋਣ ਹੈ।ਇਹ ਹੀ ਹੈ ਉਹ ਜੋ ........ਕੀਤਾ ਜਾਣਾ ਸੀ।

44 ਅਤੇ ਯਾਦ ਰੱਖੋ, ਕਿ ਉਸਨੇ ਕਦੇ ਵੀ ਅੰਦਰ ਆਉਣ ਦੀ ਕੋਸ਼ਿਸ਼ ਨਹੀਂ ਕੀਤੀ, ਅਤੇ ਨਾ ਹੀ ਉਹ ਸਾਮਵਾਦ ਹੈ, ਸ਼ੈਤਾਨ ਸਾਮਵਾਦ ਨਹੀਂ ਹੈ।ਸ਼ੈਤਾਨ ਤਾਂ ਮਸੀਹ ਵਿਰੋਧੀ ਹੈ।ਯਿਸੂ ਨੇ ਕਿਹਾ, "ਉਹ ਏਨਾ ਨੇੜੇ ਹੋਵੇਗਾ ਕਿ ਹੋ ਸਕੇ ਤਾਂ ਚੁਣਿਆਂ ਹੋਇਆਂ ਨੂੰ ਵੀ ਭਰਮਾ ਦੇਵੇ ......" ਅਤੇ ਇਹ ਚੁਣੇ ਹੋਏ ਉਹ ਹਨ ਜੋ ਇਹਨਾਂ ਮੋਹਰਾਂ ਵਿੱਚ ਛੁਪੇ ਹੋਏ ਹਨ, ਅਤੇ ਜਿਨ੍ਹਾਂ ਦੇ ਨਾਮ ਲੇਲੇ ਦੇ ਜੀਵਨ ਦੀ ਪੋਥੀ ਵਿੱਚ ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਦੇ ਲਿਖੇ ਹੋਏ ਹਨ।

45 ਸ਼ੈਤਾਨ ਇੱਕ ਚਲਾਕ ਮਨੁੱਖ ਹੈ।ਅਤੇ ਜਦ ਸ਼ੈਤਾ ਇਸ ਗੱਲ ਨੂੰ ਅਗਾਂਹ ਵੱਧਦੇ ਹੋਏ ਦੇਖਦਾ ਹੈ, ਤਾਂ ਉਹ ਉਸਦੇ ਅਗਾਂਹ ਵੱਧਣ ਤੋਂ ਪਹਿਲਾਂ ਹੀ ਉਸਨੂੰ ਬਿਗਾੜਨ ਲਈ ਆਪਣਾ ਸਾਰਾ ਜ਼ੋਰ ਲਗਾ ਦਿੰਦਾ ਹੈ ਜਿੰਨਾ ਉਹ ਲਗਾ ਸੱਕਦਾ ਹੈ।ਕੀ ਤੁਸੀਂ ਜਾਣਦੇ ਹੋ ਕਿ ਅੰਤ ਦੇ ਦਿਨਾਂ ਵਿੱਚ ਝੂਠੇ ਮਸੀਹ ਉੱਠ ਖੜੇ ਹੋਣਗੇ ? ਅਤੇ ਇਹ ਇਸਦੇ ਪਿੱਛੋਂ ਹੋਵੇਗਾ ਜਦ ਇਹ ਭਾਈ ਆਪਣਾ ਮਹਾਨ ਸੰਦੇਸ਼ ਦੇ ਹਟੇਗਾ ਜੋ ਅਸਲ ਵਿੱਚ ਏਲੀਯਾਹ ਦੇ ਆਤਮਾ ਨਾਲ ਭਰਪੂਰ ਹੋਵੇਗਾ ਤਾਂ ਇਸਦੇ ਇੱਕ ਦਮ ਬਾਦ ਇਹ ਹੋਵੇਗਾ।

46 ਅਤੇ ਉਹ ਉਸਨੂੰ ਪਛਾਨਣ ਵਿੱਚ ਗਲਤੀ ਕਰ ਦੇਣਗੇ। ਕੁਝ ਸੋਚਣਗੇ ਕਿ ਉਹ ਮਸੀਹਾ ਹੈ। ਪ੍ਰੰਤੂ ਉਹ ਸਖਤ ਸ਼ਬਦਾਂ ਵਿੱਚ ਆਖੇਗਾ, "ਨਹੀਂ ।" ਕਿਉਂਕਿ ਉਸਨੇ ਤਾਂ ਯੂਹੰਨਾ ਦੇ ਵਾਂਗੂੰ ਉਸਦੇ ਅੱਗੇ ਆਉਣਾ ਹੈ।

47 ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਦਿਨਾਂ ਵਿੱਚ ਜਦ ਉਹ ਆਇਆ ਤੇ ਪ੍ਰਚਾਰ ਕਰਨ ਲੱਗਾ ਤਾਂ ਉਹਨਾਂ ਉਸ ਤੋਂ ਪੁੱਛਿਆ," ਕੀ ਤੂੰ ਮਸੀਹ ਹੈਂ?ਕੀ ਤੂੰ ਉਹ ਨਹੀਂ ਹੈਂ?"



318 ਯਿਸੂ ਨੇ ਕੀ ਕਿਹਾ ਸੀ ? ਯਿਸੂ ਨੇ ਕਿਹਾ ਸੀ, "ਜਿਹੜੇ ਤਲਵਾਰ ਚਲਾਉਂਦੇ ਹਨ ਉਹ ਤਲਵਾਰ ਨਾਲ ਹੀ ਵੱਢੇ ਜਾਣਗੇ।" ਲੜਾਈ ਦਾ ਜਵਾਬ ਲੜਾਈ ਨਾਲ ਨਾ ਦਿਓ। ਯਿਸੂ ਨੇ ਉਸ ਰਾਤ ਤਦ ਆਖਿਆ ਜਦ ਪਤਰਸ ਨੇ ਆਪਣੀ ਤਲਵਾਰ ਕੱਢ ਲਈ ਸੀ। ਉਸੇ ਤਰ੍ਹਾਂ ਕਰੋ ਜਿਸ ਤਰ੍ਹਾਂ ਯਿਸੂ ਨੇ ਕੀਤਾ ਸੀ, ਬਸ ਉਸੇ ਤਰ੍ਹਾਂ ਹੀ ਅਗਾਂਹ ਵਧੋ।

319 ਹੁਣ, ਹੁਣ ਯਾਦ ਰੱਖੋ, ਉਸਦੇ ਕੋਲ ਇੱਕ ਤਲਵਾਰ ਹੈ।ਉਹ ਆਪਣੇ ਹੱਥ ਵਿੱਚ ਤਲਵਾਰ ਲੈ ਕੇ ਅਰ ਲਾਲ ਘੋੜੇ ਤੇ ਬੈਠ ਕੇ ਉਨ੍ਹਾਂ ਸਭਨਾਂ ਨੂੰ ਕਤਲ ਕਰ ਰਿਹਾ ਹੈ ਜਿਹੜੇ ਉਸਦੇ ਨਾਲ ਸਹਿਮਤ ਨਹੀਂ ਹਨ।

320 ਹੁਣ, ਕੀ ਤੁਸੀਂ ਇਸਨੂੰ ਸਮਝ ਰਹੇ ਹੋ? [ਸੰਗਤ ਆਖਦੀ ਹੈ "ਆਮੀਨ।"-ਸੰਪਾ]ਹੁਣ ਕਿੰਨੇ ਜਣੇ ਸਮਝ ਗਏ ਹਨ ਕਿ ਇਹ ਦੂਸਰੀ ਮੋਹਰ ਕੀ ਹੈ?[ "ਆਮੀਨ।"] ਅੱਛਾ ਜੀ ।ਯਿਸੂ ਨੇ ਕੀ ਕਿਹਾ ਸੀ ? " ਉਹ ਜਿਹੜੇ ਤਲਵਾਰ ਚਲਾਉਂਦੇ ਹਨ ਤਲਵਾਰ ਨਾਲ ਹੀ ਨਾਸ਼ ਹੋਣਗੇ।" ਕੀ ਇਹ ਠੀਕ ਹੈ? ਇਹ ਸੱਚ ਹੈ ।ਬਿਲਕੁੱਲ ਸੱਚ ਹੈ। ਇਹ ਸਵਾਰ ਅਤੇ ਉਹਦੀ ਸਾਰੀ ਪਰਜਾ ਜਿਨ੍ਹਾਂ ਨੇ ਤਲਵਾਰ ਚੁੱਕ ਕੇ ਯਿਸੂ ਦੇ ਸ਼ਹੀਦਾਂ ਦਾ ਲਹੂ ਬਹਾਇਆ, ਉਹ ਸੱਭ ਯਿਸੂ ਮਸੀਹ ਦੀ ਆਮਦ ਤੇ ਉਹਦੀ ਤਲਵਾਰ ਨਾਲ ਕੱਟੇ ਜਾਣਗੇ। " ਜਿਹੜੇ ਤਲਵਾਰ ਚੁੱਕਦੇ ਹਨ ਉਹ ਤਲਵਾਰ ਨਾਲ ਹੀ ਕੱਟੇ ਜਾਂਦੇ ਹਨ।" ਉਹਨਾਂ ਨੇ ਮੱਤਾਂ ਅਕੀਦਿਆਂ ਦੀ ਅਤੇ ਮਸੀਹ ਵਿਰੋਧੀ ਦੀ ਤਲਵਾਰ ਚੁੱਕ ਕੇ ਸਾਰੇ ਯੁੱਗਾਂ ਵਿੱਚ ਸੱਚੇ ਅਤੇ ਅਸਲੀ ਉਪਾਸਕਾਂ ਦਾ ਲੱਖਾਂ ਦੀ ਗਿਣਤੀ ਵਿੱਚ ਕਤਲ ਕਰ ਦਿੱਤਾ।ਜਦ ਯਿਸੂ ਆਪਣੀ ਤਲਵਾਰ ਦੇ ਨਾਲ ਆਵੇਗਾ ਜੋ ਕਿ ਉਸਦਾ ਵਚਨ ਹੈ ਜਿਹੜਾ ਉਸਦੇ ਮੂੰਹ ਵਿੱਚੋਂ ਨਿੱਕਲਦਾ ਹੈ, ਉਹ ਉਸਦੇ ਨਾਲ ਆਪਣੇ ਸਾਰੇ ਵੈਰੀਆਂ ਨੂੰ ਵੱਢ ਸੁੱਟੇਗਾ ਜੋ ਉਸਦੇ ਸਾਹਮਣੇ ਹੋਣਗੇ। ਕੀ ਤੁਸੀਂ ਨਿਹਚਾ ਕਰਦੇ ਹੋ ਕਿ ਉਹ ਆਪਣੇ ਵੈਰੀਆਂ ਦਾ ਨਾਸ਼ ਕਰ ਦੇਵੇਗਾ?

321 ਹੁਣ ਅਸੀਂ ਥੋੜੀ ਦੇਰ ਲਈ ਪ੍ਰਕਾਸ਼ ਦੀ ਪੋਥੀ ਨੂੰ ਕੱਢੀਏ ।ਹੁਣ ਅਸੀਂ ਵੇਖੀਏ ਕਿ ਇਹ ਗੱਲ ਮੈਂ ਆਪਣੇ ਤੋਂ ਕਹਿ ਰਿਹਾ ਹਾਂ ਜਾਂ ਇਹ ਵਚਨ ਵਿੱਚ ਲਿਖਿਆ ਹੋਇਆ ਹੈ ।ਪ੍ਰਕਾਸ਼ ਦੀ ਪੋਥੀ 19 :11.

*ਤੇ ਮੈਂ ਅਕਾਸ਼ ਨੂੰ ਖੁੱਲ੍ਹਿਆ ਹੋਇਆ ਡਿੱਠਾ ਤਾਂ ਕੀ ਵੇਖਦਾ ਹਾਂ ਭਈ ਇੱਕ ਨੁਕਰਾ ਘੋੜਾ ਹੈ, ਤੇ ਉਹਦਾ ਸਵਾਰ, "ਵਫਾਦਾਰ " ਤੇ "ਸੱਚਾ " ਸਦਾਉਂਦਾ ਹੈ ਅਤੇ ਉਹ ਧਰਮ ਨਾਲ ਨਿਆਉਂ ਅਤੇ ਯੁੱਧ ਕਰਦਾ ਹੈ ਅਤੇ ਉਹ ਦੀਆਂ ਅੱਖਾਂ ਅਗਨੀ ਦੀ ਲਾਟ ਹਨ ਅਤੇ ਉਹਦੇ ਸਿਰ ਉੱਤੇ ਬਹੁਤ ਸਾਰੇ ਮੁਕਟ ਹਨ।*

322 ਹੇ ਭਾਈ !ਵੇਖੋ, ਇਹ ਮੁਕਟ ਉਹਦੇ ਸਿਰ ਉੱਤੇ ਉਹਦੇ ਸੰਤਾਂ ਨੇ ਪਾਏ ਹਨ।

*ਅਤੇ ਉਹਦਾ ਇੱਕ ਨਾਮ ਲਿਖਿਆ ਹੋਇਆ ਹੈ, ਜਿਹਨੂੰ ਉਹਦੇ ਬਿਨਾਂ ਹੋਰ ਕੋਈ ਨਹੀਂ ਜਾਣਦਾ।*

323 ਯਾਦ ਰਹੇ, ਅਸੀਂ ਨਹੀਂ ਜਾਣ ਸੱਕਦੇ ਹਾਂ, ਅਸੀਂ ਨਹੀਂ ਜਾਣਦੇ ਹਾਂ ਕਿ ਕੀ ਹੈ । "ਅਤੇ ਉਸਨੇ ਪਹਿਨਿਆ ਸੀ ....." ਆਓ ਵੇਖੀਏ।

*ਅਤੇ ਉਹ ਇੱਕ ਬਸਤਰ ਲਹੂ ਨਾਲ ਛਿੜਕਿਆ ਪਹਿਨਿਆ ਹੋਇਆ ਹੈ ਅਤੇ ਉਹਦਾ ਨਾਮ, "ਪ੍ਰਮੇਸ਼ੁਰ ਦਾ ਸ਼ਬਦ ਸਦਾਉਂਦਾ ਹੈ* ( "ਹੈ " ਨਹੀਂ ਪਰ " ਸਦਾਉਂਦਾ " ਹੈ)

*....ਅਤੇ ਜਿਹੜੇ ਦਸ ਸਿੰਙ ਤੈਂ ਵੇਖੇ ਸਨ ਨਾਲੇ ਉਹ ਦਰਿੰਦਾ, ਏਹ ਉਸ ਕੰਜਰੀ ਨਾਲ ਵੈਰ ਕਰਨਗੇ ਅਤੇ ਉਹ ਨੂੰ ਉਜਾੜ ਦੇਣਗੇ* ( ਕੱਲ ਰਾਤ ਮੈਂ ਇਸ ਤੇ ਪ੍ਰਚਾਰ ਕੀਤਾ ਸੀ) *ਅਤੇ ਨੰਗਿਆਂ ਕਰਨਗੇ ਅਤੇ ਉਹ ਦਾ ਮਾਸ ਖਾ ਜਾਣਗੇ ਅਤੇ ਉਹ ਨੂੰ ਅੱਗ ਨਾਲ ਸਾੜ ਸੁੱਟਣਗੇ।*

314 ਕੀ ਤੁਸੀਂ ਨਹੀਂ ਜਾਣਦੇ ਹੋ ਕਿ ਬਾਈਬਲ ਕਹਿੰਦੀ ਹੈ ਕਿ ਜਹਾਜ਼ਾਂ ਦੇ ਮਾਲਕ ਉਹਦੇ ਤੇ ਵੈਣ ਪਾ ਕੇ ਆਖਦੇ ਹਨ, " ਉਸ ਵੱਡੀ ਨਗਰੀ ਤੇ ਹਾਏ ਹਾਏ !ਇੱਕ ਹੀ ਘੰਟੇ ਵਿੱਚ ਉਸਦਾ ਨਬੇੜਾ ਹੋ ਗਿਆ !"ਸਮਝੇ ?

*ਕਿਉਂ ਜੋ ਪਰਮੇਸ਼ੁਰ ਨੇ ਉਹਨਾਂ ਦੇ ਦਿਲ ਵਿੱਚ ਇਹ ਪਾਇਆ ਭਈ ਓਸ ਦੀ ਮਨਸ਼ਾ ਪੂਰੀ ਕਰਨ ਅਤੇ ਇੱਕੋ ਮੱਤ ਦੇ ਹੋਣ ਅਤੇ ਆਪਣਾ ਰਾਜ ਉਸ ਦਰਿੰਦੇ ਨੂੰ ਦੇਣ ਜਿੰਨਾ ਚਿਰ ਪਰਮੇਸ਼ੁਰ ਦੇ ਵਚਨ ਪੂਰੇ ਨਾ ਹੋ ਲੈਣ।*

*.....ਅਤੇ ਉਹ ਤੀਵੀਂ ਜੋ ਤੈਂ ਵੇਖੀ ਸੀ ਉਹ ਵੱਡੀ ਨਗਰੀ ਹੈ ਜਿਹੜੀ ਧਰਤੀ ਦਿਆਂ ਰਾਜਿਆਂ ਉੱਤੇ ਰਾਜ ਕਰਦੀ ਹੈ।*

315 ਕੋਈ ਮੈਨੂੰ ਦੱਸੋ।ਰੂਸ ਧਰਤੀ ਦੇ ਸਾਰਿਆਂ ਰਾਜਾਂ ਤੇ ਰਾਜ ਨਹੀਂ ਕਰਦਾ ਹੈ। ਅਤੇ ਨਾ ਹੀ ਅਸੀਂ ਧਰਤੀ ਦੇ ਸੱਭ ਰਾਜਾਂ ਤੇ ਰਾਜ ਕਰਦੇ ਹਾਂ। ਸਿਰਫ ਇੱਕ ਹੀ ਰਾਜਾ ਹੈ ਜਿਹੜਾ ਹਰ ਇੱਕ ਰਾਜ ਤੇ ਰਾਜ ਕਰਦਾ ਹੈ ......ਜਿਵੇਂ ਕਿ ਨਬੂਕਦਨੱਸਰ ਦਾ ਲੋਹਾ ਉਨ੍ਹਾਂ ਵਿੱਚੋਂ ਹੁੰਦੇ ਹੋਏ ਉਨ੍ਹਾਂ ਹਰ ਇੱਕ ਪੰਜਿਆਂ ਵਿੱਚ ਦੌੜਦਾ ਸੀ।ਉਹ ਰੋਮ ਹੈ। ਰੋਮ ਇੱਕ ਦੇਸ਼ ਦੇ ਰੂਪ ਵਿੱਚ ਸਭਨਾਂ ਰਾਜਾਂ ਤੇ ਰਾਜ ਨਹੀਂ ਕਰਦਾ ਹੈ ਪਰ ਉਹ ਤਾਂ ਇੱਕ ਕਲੀਸਿਯਾ ਦੇ ਰੂਪ ਵਿੱਚ ਹੀ ਸਾਰੇ ਰਾਜਾਂ ਤੇ ਰਾਜ ਕਰਦਾ ਹੈ।ਅਕਾਸ਼ ਦੇ ਥੱਲੇ ਸਾਰੇ ਰਾਜ ਰੋਮ ਦੇ ਅਧੀਨ ਹਨ।

316 ਇਸ ਵਿੱਚ ਕੋਈ ਅਚੰਭੇ ਦੀ ਗੱਲ ਨਹੀਂ ਜੇ ਉਸ ਆਖਿਆ, ਕੌਣ ਉਸ ਦੇ ਨਾਲ ਯੁੱਧ ਕਰੇਗਾ ?" ਜੇ ਉਹ ਕਹਿੰਦਾ ਹੈ, "ਸ਼ਾਂਤੀ ਹੋਵੇ" ਤਾਂ ਇਸੇ ਤਰ੍ਹਾਂ ਹੀ ਹੋਵੇਗਾ। [ਭਾਈ ਬ੍ਰਾਨਹਾਮ ਆਪਣੀ ਉਂਗਲ ਨਾਲ ਇਸ਼ਾਰਾ ਕਰਦੇ ਹਨ-ਸੰਪਾ]ਜੇ ਹਰ ਇੱਕ ਕੈਥੋਲਿਕ ਕਹਿੰਦਾ ਹੈ, " ਲੜਾਈ ਨਾ ਕਰੋ।" ਤਾਂ ਉਹ ਨਹੀਂ ਲੜਦੇ ਹਨ।ਅਤੇ ਬਸ ਲੜਾਈ ਬੰਦ ਹੋ ਜਾਂਦੀ ਹੈ।ਕੌਣ ਹੈ ਜੋ ਉਹ ਕਰ ਸੱਕਦਾ ਹੈ ਜੋ ਪੋਪ ਕਰ ਸੱਕਦਾ ਹੈ।ਕੋਈ ਨਹੀਂ।ਇਹ ਠੀਕ ਹੈ।"ਉਹ ਦੀਆਂ ਕਰਾਮਾਤਾਂ ਤੇ ਲੋਕਾਂ ਨੂੰ ਅਚੰਭਾ ਹੁੰਦਾ ਹੈ ਜਿਹੜੀਆਂ ਉਹ ਕਰ ਸੱਕਦਾ ਹੈ।" ਉਹ ਯੁੱਧ ਰੋਕ ਸੱਕਦਾ ਹੈ। ਉਸ ਨੇ ਤਾਂ ਬਸ ਮੂੰਹ ਵਿੱਚੋਂ ਗੱਲ ਕੱਢਣੀ ਹੈ, "ਯੁੱਧ ਬੰਦ ਕਰ ਦਿਓ ।" ਇਹ ਹੀ ਗੱਲ ਹੈ। ਪਰੰਤੂ ਕੀ ਤੁਸੀਂ ਸੋਚਦੇ ਹੋ ਕਿ ਉਹ ਇਸ ਤਰ੍ਹਾਂ ਕਰੇਗਾ? ਬਿਲਕੁੱਲ ਨਹੀਂ।

317 ਧਿਆਨ ਦਿਓ, ਇਹ ਦਿਖਾਉਂਦਾ ਹੈ ਕਿ, " ਉਨ੍ਹਾਂ ਨੂੰ ਇੱਕ ਦੂਜੇ ਨੂੰ ਆਪਸ ਵਿੱਚ ਘਾਤ ਕਰਨਾ ਚਾਹੀਦਾ ਹੈ।" ਸ਼ੁਰੂ ਵਿੱਚ ਤਾਂ ਉਸਦੇ ਕੋਲ ਬਸ ਕਮਾਣ ਹੀ ਸੀ ਪ੍ਰੰਤੂ ਤੀਰ ਨਹੀਂ ਸਨ, ਪ੍ਰੰਤੂ ਜਾਂ ਉਹਦੇ " ਹੱਥ ਵੱਡੀ ਸਾਰੀ ਤਲਵਾਰ " ਆ ਗਈ ਤਾਂ ਉਸਨੇ ਉਸ ਨਾਲ ਇੱਕ ਦੂਸਰੇ ਨੂੰ ਕਤਲ ਕੀਤਾ, ਬਾਦ ਵਿੱਚ ਉਸਨੇ ਚਿੱਟੇ ਘੋੜੇ ਨੂੰ ਬਦਲ ਕੇ ਲਾਲ ਘੋੜੇ ਦੀ ਸਵਾਰੀ ਕਰ ਲਈ ਇਸ ਲਾਲ ਘੋੜੇ ਤੇ ਉਹ ਹੀ ਸ਼ੈਤਾਨ ਆਪਣੀ ਤਲਵਾਰ ਨਾਲ ਹੈ।



48 ਉਸਨੇ ਕਿਹਾ, "ਮੈਂ ਉਹ ਨਹੀਂ ਹਾਂ। ਮੈਂ ਤਾਂ ਉਸਦੀ ਜੁੱਤੀ ਦਾ ਤਸਮਾਂ ਖੋਲਣ ਦੇ ਵੀ ਯੋਗ ਨਹੀਂ ਹਾਂ । ਮੈਂ ਤਾਂ ਤੁਹਾਨੂੰ ਪਾਣੀ ਨਾਲ ਬਪਤਿਸਮਾ ਦਿੱਤਾ ਹੈ ਪਰ ਉਹ ਤੁਹਾਨੂੰ ਪਵਿੱਤਰ ਆਤਮਾ ਨਾਲ ਬਪਤਿਸਮਾ ਦੇਓ।" ਅਤੇ ਯੂਹੰਨਾ ਨੂੰ ਉਸਦੇ ਧਰਤੀ ਤੇ ਹੋਣ ਦਾ ਏਡਾ ਪੱਕਾ ਯਕੀਨ ਸੀ ਕਿ ਉਸਨੇ ਆਖਿਆ, " ਉਹ ਇੱਥੇ ਕਿਤੇ ਤੁਹਾਡੇ ਵਿੱਚ ਹੈ।"

49 ਪ੍ਰੰਤੂ ਉਸਨੇ ਉਹਨੂੰ ਤਦ ਤੱਕ ਨਹੀਂ ਜਾਣਿਆ ਸੀ ਜਦ ਤੱਕ ਕਿ ਉਸਨੇ ਉਸਦੇ ਉੱਪਰ ਅਕਾਸ਼ ਤੋਂ ਚਿੰਨ੍ਹ ਉੱਤਰਦੇ ਨਹੀਂ ਵੇਖ ਲਿਆ ਸੀ।ਅਤੇ ਫਿਰ ਜਦ ਉਸਨੇ ਉਸ ਰੋਸ਼ਨੀ ਨੂੰ ਉਹਦੇ ਉੱਤੇ ਉੱਤਰਦੇ ਹੋਏ ਅਤੇ ਕਬੂਤਰ ਵਾਂਗ ਫੈਲਦੇ ਹੋਏ ਵੇਖ ਲਿਆ ਤਾਂ ਉਸਨੇ ਕਿਹਾ, "ਆਹ ਜੇ ਉਹ।ਇਹ ਹੀ ਹੈ ਉਹ।" ਪ੍ਰੰਤੂ ਤੁਸੀਂ ਜਾਣਦੇ ਹੋ ਕਿ ਇਸਨੂੰ ਵੇਖਣ ਵਾਲਾ ਸਿਰਫ ਯੂਹੰਨਾ ਹੀ ਸੀ।ਯੂਹੰਨਾ ਹੀ ਇਕੱਲਾ ਸੀ ਜਿਸਨੇ ਕਿ ਉਹ ਅਵਾਜ਼ ਸੁਣੀ ਸੀ।ਬਾਕੀ ਸਾਰੇ ਵੀ ਉੱਥੇ ਹੀ ਸਨ,ਉਹਨਾਂ ਵਿੱਚੋਂ ਕਿਸੇ ਨੇ ਵੀ ਕੋਈ ਅਵਾਜ਼ ਨਹੀਂ ਸੁਣੀ।

50 ਪ੍ਰੰਤੂ ਜਦ ਅਸਲੀ ਸੱਚਾ ਸੇਵਕ ਆਇਆ ; ਤਾਂ ਸ਼ੈਤਾਨ ਇਸ ਵਿੱਚ ਕਈ ਤਰ੍ਹਾਂ ਦੀ ਗੜਬੜ ਲੈ ਕੇ ਆਇਆ, ਤਾਂ ਕਿ ਲੋਕਾਂ ਦੇ ਦਿਮਾਗ ਵਿੱਚ ਗੜਬੜ ਪੈਦਾ ਕਰੇ।ਸ਼ੈਤਾਨ ਇਹੋ ਹੀ ਕਰਦਾ ਹੈ।ਅਤੇ ਜਿਹੜੇ ਲੋਕ ਠੀਕ ਅਤੇ ਗਲਤ ਵਿੱਚ ਪਰਖ ਨਹੀਂ ਕਰ ਸੱਕਦੇ ਉਹ ਬਸ ਭੁਲਾਵੇ ਵਿੱਚ ਆ ਜਾਂਦੇ ਹਨ । ਪ੍ਰੰਤੂ ਚੁਣੇ ਹੋਏ ਇਸ ਤਰ੍ਹਾਂ ਨਾ ਕਰਨਗੇ; ਬਾਈਬਲ ਨੇ ਇਸ ਤਰ੍ਹਾਂ ਕਿਹਾ ਹੈ ਕਿ ਚੁਣਿਆਂ ਹੋਇਆਂ ਨੂੰ ਉਹ ਭੁਲਾਵੇ ਵਿੱਚ ਨਹੀਂ ਪਾ ਸੱਕਦਾ।ਅਤੇ ਹੁਣ, ਬਾਈਬਲ ਦੱਸਦੀ ਹੈ ਕਿ ਮਸੀਹ ਦੀ ਆਮਦ ਤੋਂ ਪਹਿਲਾਂ, "ਝੂਠੇ ਮਸੀਹ ਉੱਠ ਖੜੇ ਹੋਣਗੇ, ਅਤੇ ਮਸੀਹ ਹੋਣ ਦਾ ਦਾਅਵਾ ਕਰਨਗੇ, ਅਤੇ ਲੋਕ ਕਹਿਣਗੇ, 'ਵੇਖੋ, ਉਹ ਰੇਗਿਸਤਾਨ ਵਿੱਚ ਹੈ।' ਤਾਂ ਤੁਸੀਂ ਇਸਦੀ ਪ੍ਰਤੀਤ ਨਾ ਕਰਨਾ । 'ਵੇਖੋ, ਉਹ ਕੋਠੜੀ ਵਿੱਚ ਹੈ ।' ਇਸਦਾ ਵਿਸ਼ਵਾਸ਼ ਨਾ ਕਰਨਾ।"

51 ਕਿਉਂਕਿ ਜਿਵੇਂ ਸੂਰਜ਼ ਚੜਦੇ ਤੋਂ ਲਹਿੰਦੇ ਤੱਕ ਲਿਸ਼ਕਦਾ ਹੈ, ਇਸੇ ਤਰ੍ਹਾਂ ਹੀ ਮਨੁੱਖ ਦੇ ਪੁੱਤਰ ਦਾ ਆਉਣਾ ਹੋਵੇਗਾ।" ਸਮਝੇ ? ਜੀ ਹਾਂ, ਉਹ ਆਵੇਗਾ-ਉਹ ਦਿਸੇਗਾ, ਅਤੇ ਇਹ ਵਿਸ਼ਵ ਵਿਆਪੀ (UNIVERSAL) ਹੋਵੇਗਾ।ਅਤੇ ਅਜਿਹਾ ਅਸਲ ਵਿੱਚ ਤਦ ਹੋਵੇਗਾ, ਜਦ ਉਹਨਾਂ ਨੂੰ ਇਹ ਪਤਾ ਲੱਗ ਚੁੱਕਾ ਹੋਵੇਗਾ ਕਿ ਕੁਝ ਹੋ ਚੁੱਕਾ ਹੈ, ਅਤੇ ਤੁਸੀਂ ਵੇਖੋ, ਫਿਰ ਉਹ .........ਹੁਣ ਯਾਦ ਰੱਖੋ, ਕਿ ਇਸ ਤਰ੍ਹਾਂ ਕਲੀਸਿਯਾ ਦੇ ਘਰ ਚਲੇ ਜਾਣ ਤੋਂ ਬਾਦ ਹੋਵੇਗਾ, ਇਸ ਤਰ੍ਹਾਂ ਉਠਾਏ ਜਾਣ ਤੋਂ ਬਾਦ ਹੋਵੇਗਾ।

52 ਹੁਣ, ਨਕਲ ਕਰਨ ਵਾਲੇ ਹਮੇਸ਼ਾਂ ਹੀ ਨਾਲ ਰਹਿਣਗੇ, ਪ੍ਰੰਤੂ ਅਸੀਂ ਕਿਸੇ ਵੀ ਢੰਗ ਨਾਲ ਇਹਨਾਂ ਨਾਲ ਕੋਈ ਸਬੰਧ ਨਹੀਂ ਰੱਖਣਾ ਚਾਹੁੰਦੇ ਹਾਂ। ਜੀ ਨਹੀਂ ਸ਼੍ਰੀਮਾਨ ਜੀ।

53 ਅਤੇ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਜਦ ਉਹ ਆਦਮੀ ਅਵੇਗਾ, ਜਿਸਦੇ ਆਉਣ ਬਾਰੇ ਭਵਿੱਖਬਾਣੀ ਕੀਤੀ ਗਈ ਹੈ ਤਾਂ ਉਹ ਮਨੁੱਖ ਨਬੀ ਹੋਵੇਗਾ। ਮੈਂ ਤੁਹਾਨੂੰ ਇਹ ਵਚਨ ਵਿੱਚੋਂ ਦਿਖਾ ਰਿਹਾ ਹਾਂ।ਉਹ ਜ਼ਰੂਰ ਹੀ ਇੱਕ ਨਬੀ ਹੋਵੇਗਾ ਕਿਉਂਕਿ ਪ੍ਰਭੂ ਦਾ ਵਚਨ..... ਉਸਦੇ ਨਬੀਆਂ ਦੇ ਕੋਲ ਹੀ ਆਉਂਦਾ ਹੈ ਅਤੇ ਪ੍ਰਮੇਸ਼ੁਰ ਦਾ ਪ੍ਰਕਾਸ਼ ਉਸਦੇ ਨਬੀਆਂ ਨੂੰ ਹੀ ਮਿਲਦਾ ਹੈ । ਇਹ ਬਿਲਕੁੱਲ ਸੱਚ ਹੈ। ਇਹ ਹੈ .........ਅਤੇ ਤੁਸੀਂ ਵੇਖੋ, ਖੁਦਾ ਕਦੇ ਬਦਲ ਨਹੀਂ ਸੱਕਦਾ।ਜੇ ਖੁਦਾ ਦੇ ਕੋਲ ਕੋਈ ਹੋਰ ਵਧੀਆ ਢੰਗ ਹੁੰਦਾ ਤਾਂ ਉਸਨੇ ਉਸਦਾ ਇਸਤੇਮਾਲ ਕਰਨਾ ਸੀ। ਪਰ ਉਸਨੇ ਤਾਂ ਸ਼ੁਰੂ ਵਿੱਚ ਹੀ ਇੱਕ ਵਧੀਆ ਢੰਗ ਚੁਣ ਲਿਆ ਸੀ।

54 ਜਿਵੇਂ ਕਿ ਉਸਨੇ ਸੂਰਜ ਨੂੰ ਖੁਸ਼ਖਬਰੀ ਦਾ ਪ੍ਰਚਾਰ ਕਰਨ ਲਈ ਚੁਣ ਲਿਆ ਹੁੰਦਾ।ਉਸਨੇ ਚੰਦਰਮਾ ਨੂੰ ਇਸ ਮਕਸਦ ਲਈ ਚੁਣ ਲਿਆ ਹੁੰਦਾ । ਉਸਨੇ ਹਵਾ ਨੂੰ ਚੁਣ ਲਿਆ ਹੁੰਦਾ।ਪ੍ਰੰਤੂ ਉਸਨੇ ਮਨੁੱਖ ਨੂੰ ਚੁਣਿਆ।ਅਤੇ ਉਸਨੇ ਕਦੇ ਵੀ ਝੁੰਡਾਂ ਨੂੰ ਨਹੀਂ ਚੁਣਿਆ ।ਉਸਨੇ ਤਾਂ ਹਮੇਸ਼ਾਂ ਇੱਕ ਨੂੰ ਹੀ ਚੁਣਿਆ ਹੈ !ਵੇਖਿਆ?

55 ਅਤੇ ਉਸਨੇ ਇੱਕ ਹੀ ਸਮੇਂ ਤੇ ਕਦੇ ਵੀ ਦੋ ਵੱਡੇ ਨਬੀ ਨਹੀਂ ਚੁਣੇ।ਵੇਖੋ, ਹਰ ਇੱਕ ਆਦਮੀ ਅਲੱਗ ਸੁਭਾਓ ਦਾ ਹੁੰਦਾ ਹੈ, ਉਸਦਾ ਡੀਲ ਡੋਲ ਵੱਖ ਹੁੰਦਾ ਹੈ । ਜੇ ਖੁਦਾ ਨੂੰ ਕੋਈ ਇੱਕ ਅਜਿਹਾ ਮਨੁੱਖ ਮਿਲ ਜਾਂਦਾ ਹੈ ਜੋ ਪੂਰੀ ਤਰ੍ਹਾਂ ਉਸਦੇ ਕੰਟਰੋਲ ਵਿੱਚ ਰਹਿੰਦਾ ਹੈ ਤਾਂ ਫਿਰ ਖੁਦਾ ਜੋ ਚਾਹੇ ਉਸ ਤੋਂ ਕਰਾ ਸੱਕਦਾ ਹੈ।ਉਸਦੇ ਕੋਲ ਤਾਂ ਬਸ ਇੱਕ ਅਜਿਹਾ ਆਦਮੀ ਹੋਣਾ ਚਾਹੀਦਾ ਹੈ ।ਜਿਵੇਂ ਨੂਹ ਦੇ ਦਿਨਾਂ ਵਿੱਚ ਸੀ ; ਏਲੀਯਾਹ ਦੇ ਦਿਨਾਂ ਵਿੱਚ ਸੀ; ਜਿਵੇਂ ਮੂਸਾ ਦੇ ਦਿਨਾਂ ਵਿੱਚ ਸੀ।

56 ਮੂਸਾ ਦੇ ਦਿਨਾਂ ਵਿੱਚ ਬਹੁਤ ਸਾਰੇ ਉੱਠ ਖਲੋਤੇ ਸਨ।ਤੁਸੀਂ ਜਾਣਦੇ ਹੀ ਹੋ ਕਿ ਉਨ੍ਹਾਂ ਨੇ ਕਿਵੇਂ ਕੀਤਾ ਸੀ, ਅਤੇ ਉਹ ਕਹਿਣਾ ਚਹੁੰਦੇ ਸਨ, "ਚੰਗਾ ਇਸ ਮੰਡਲੀ ਵਿੱਚ ਇੱਕ ਇਕੱਲਾ ਤੂੰ ਹੀ ਪਵਿੱਤਰ ਨਹੀਂ ਹੈਂ ।" ਅਤੇ ਉਹ ਆਦਮੀ ਕੋਰਹ ਅਤੇ -ਦਥਾਨ ਸਨ।

57 ਅਤੇ ਪ੍ਰਮੇਸ਼ੁਰ ਨੇ ਮੂਸਾ ਨੂੰ ਕਿਹਾ ਸੀ, " ਤੂੰ ਆਪਣੇ ਆਪ ਨੂੰ ਉਹਨਾਂ ਤੋਂ ਵੱਖ ਕਰ ਲੈ ਮੈਂ ਧਰਤੀ ਨੂੰ ਪਾੜ ਦਿਆਂਗਾ ਅਤੇ ਉਹ ਉਨ੍ਹਾਂ ਨੂੰ ਨਿਗਲ ਲਵੇਗੀ।" ਸਮਝੇ ?ਅਤੇ-ਅਤੇ ਇਸੇ ਤਰ੍ਹਾਂ ਹੀ ਹੋਇਆ ..........

58 ਅਤੇ ਜਦ ਲੋਕ ਮੂਸਾ ਨਾਲ ਗਿਲਾ ਕਰ ਰਹੇ ਸਨ।ਖੁਦਾ ਨੇ ਕਿਹਾ, ਮੈਂ -ਮੈਂ ਸਭਨਾਂ ਨੂੰ ਨਾਸ਼ ਕਰ ਦਿਆਂਗਾ।"

59 ਅਤੇ ਤਦ ਉੱਥੇ ਮੂਸਾ ਨੇ ਮਸੀਹ ਦੀ ਜਗ੍ਹਾ ਲਈ, ਅਤੇ ਆਪਣੇ ਆਪ ਨੂੰ ਦਰਾੜ ਵਿੱਚ ਖੜਾ ਕਰ ਦਿੱਤਾ ਅਤੇ ਕਿਹਾ, "ਪ੍ਰਭੂ ਇਸ ਤਰ੍ਹਾਂ ਨਾ ਕਰਨਾ ।" ਸਮਝੇ ? ਅਤੇ ਅਸਲ ਵਿੱਚ ਜਦ ਉਹ ......ਜਦ ਪ੍ਰਮੇਸ਼ੁਰ ਨੇ ਮੂਸਾ ਨੂੰ ਇਹ ਕਰਨ ਲਈ ਠਹਿਰਾ ਦਿੱਤਾ ਸੀ ਤਾਂ ਪ੍ਰਮੇਸ਼ੁਰ ਨੇ ਮੂਸਾ ਦੀ ਗੱਲ ਨੂੰ ਨਹੀਂ ਠੁਕਰਾਇਆ ਸੀ, ਕਿਉਂਕਿ ਉਸ ਸਮੇਂ ਮੂਸਾ ਮਸੀਹ ਵਾਗੂੰ ਕੰਮ ਕਰ ਰਿਹਾ ਸੀ ਅਥਵਾ ਮਸੀਹ ਦੇ ਸੁਭਾਓ ਨੂੰ ਪ੍ਰਗਟਾ ਰਿਹਾ ਸੀ ।ਬਿਲਕੁੱਲ ।ਮਸੀਹ ਪੂਰਨ ਰੂਪ ਵਿੱਚ ਮੂਸਾ ਵਿੱਚ ਸੀ।

60 ਹੁਣ, ਅੱਜ ਅਸੀਂ ਬਹੁਤ ਖੁਸ਼ ਹਾਂ ਕਿ ਪ੍ਰਮੇਸ਼ੁਰ ਆਪਣੇ ਆਪ ਨੂੰ ਸਾਡੇ ਤੇ ਪ੍ਰਗਟ ਕਰ ਰਿਹਾ ਹੈ।ਅਤੇ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਉਹ ਵੱਡਾ ਦਿਨ ਫੁੱਟ ਨਿੱਕਲਣ ਵਾਲਾ ਹੈ।ਚਾਨਣ ਨੇ ਚਮਕਣਾ ਸ਼ੁਰੂ ਕਰ ਦਿੱਤਾ ਹੈ, ਸਵਰਗ ਦੇ ਪੰਛੀਆਂ ਨੇ ਪਵਿੱਤਰ ਲੋਕਾਂ ਦੇ ਦਿਲਾਂ ਵਿੱਚ ਗੀਤ ਗਾਉਣੇ ਸ਼ੁਰੂ ਕਰ ਦਿੱਤੇ ਹਨ।ਉਹ ਜਾਣਦੇ ਹਨ ਕਿ ਹੁਣ ਇਸ ਵਿੱਚ ਹੋਰ ਦੇਰੀ ਨਹੀਂ ਲੱਗੇਗੀ।ਕੁਝ ਹੋਣ ਵਾਲਾ ਹੈ, ਬਸ ਕੁਝ ਹੋਣ ਵਾਲਾ ਹੈ।ਇਸ ਲਈ ਜੇ ਹੁਣ, "ਉਹ ਕੁਝ ਨਾ ਕਰੇ....."

61 ਹੁਣ, ਸਾਰੀ ਲਿਖਤ ਪਵਿੱਤਰ ਆਤਮਾ ਦੀ ਪ੍ਰੇਰਣਾ ਤੋਂ ਹੈ। ਅਤੇ ਪਵਿੱਤਰ ਆਤਮਾ ਦੀ ਹਰੇਕ ਲਿਖਤ ਬਿਲਕੁੱਲ ਸੱਚੀ ਹੈ।ਇਸ ਤੋਂ ਬਾਹਰ ਕੁਝ ਨਹੀਂ ਹੋਣਾ ਚਾਹੀਦਾ ।ਏਹੋ ਹੀ ਕਾਰਣ



309 ਕਿੰਨਿਆ ਨੂੰ ਇਹ ਪਤਾ ਹੈ ਕਿ ਆਤਮਿਕ ਵਰਦਾਨ ਨੌਂ ਹਨ ਅਤੇ ਉਨ੍ਹਾਂ ਵਿੱਚੋਂ ਇੱਕ ਵਰਦਾਨ ਬੁੱਧੀ ਹੈ? [ਸੰਗਤ ਆਖਦੀ ਹੈ, "ਆਮੀਨ।"-ਸੰਪਾ]ਠੀਕ ਹੈ।

*ਏਹ ਸੱਤ ਸਿਰ ਸੱਤ ਟਿੱਲੇ ਹਨ ਜਿੱਥੇ ਤੀਵੀਂ ਉਨ੍ਹਾਂ ਉੱਤੇ ਬੈਠੀ ਹੋਈ ਹੈ ।*

310 ਔਹ, ਜੇ ਅਜੇ ਵੀ ਤੁਹਾਨੂੰ ਸਮਝ ਨਹੀਂ ਲੱਗੀ ਤਾਂ ਤੁਸੀਂ ਸਿਰਿਓਂ ਹੀ ਅੰਨ੍ਹੇ, ਗੂੰਗੇ ਤੇ ਬੋਲ਼ੇ ਹੋਵੋਗੇ।ਸਮਝੇ ? ਇਹ ਗੱਲ ਠੀਕ ਹੈ।

*.......ਅਤੇ ਓਹ ਸੱਤ ਰਾਜੇ ਵੀ ਹਨ।ਪੰਜ ਤਾਂ ਡਿੱਗ ਪਏ ਹਨ, ਇੱਕ ਹੈ* (ਨੀਰੋ)*ਅਤੇ ਇੱਕ ਅਜੇ ਆਇਆ ਨਹੀਂ ।ਜਦੋਂ ਆਵੇਗਾ ਤਾਂ ਉਸਨੂੰ ਥੋੜਾ ਚਿਰ ਰਹਿਣਾ ਜਰੂਰੀ ਹੈ।*

311 ਤੁਸੀਂ ਯਾਦ ਕਰੋ ਉਸਨੇ ਕੀ ਕੀਤਾ ਸੀ।ਉਸਨੇ ਸ਼ਹਿਰ ਨੂੰ ਜਲਾ ਦਿੱਤਾ ਸੀ ਅਤੇ ਦੋਸ਼ ਮਸੀਹੀ ਲੋਕਾਂ ਦੇ ਸਿਰ ਲਗਾ ਦਿੱਤਾ ਸੀ।ਅਤੇ ਉਸਨੇ ਆਪਣੀ ਹੀ ਮਾਂ ਨੂੰ ਘੋੜੇ ਦੇ ਪਿੱਛੇ ਇੱਕ ਲੱਠੇ ਨਾਲ ਬੰਨ੍ਹ ਕੇ ਗਲੀਆਂ ਵਿੱਚ ਭਜਾਇਆ।ਅਤੇ ਜਦ ਰੋਮ ਜਲ ਰਿਹਾ ਸੀ ਤਾਂ ਉਹ ਸਰੰਗੀ ਵਜਾ ਰਿਹਾ ਸੀ।ਠੀਕ ਹੈ।

*ਅਤੇ ਉਹ ਦਰਿੰਦਾ ਜਿਹੜਾ ਹੈਸੀ ਅਤੇ ਨਹੀਂ ਹੈਗਾ ਸੋ ਆਪ ਵੀ ਅੱਠਵਾਂ ਹੈ .....*

312 ਮੂਰਤੀ ਪੂਜਕ ਰੋਮ ਨੂੰ ਪੋਪਸ਼ਾਹੀ ਰੋਮ ਵਿੱਚ ਬਦਲ ਦਿੱਤਾ ਗਿਆ।ਜਦ ਉਹ ਮਸੀਹ ਵਿਰੋਧੀ ਆਤਮਾ ਕਿਸੇ ਮਨੁੱਖ ਵਿੱਚ ਦੇਹਧਾਰੀ ਹੋ ਗਿਆ ਤਾਂ ਉਹਨੂੰ ਤਾਜ ਪਹਿਨਾਇਆ ਗਿਆ ਤਾਂ ਉਹ ਕਲੀਸਿਯਾ ਅਤੇ ਰਾਜ ਦੇ ਉੱਪਰ ਰੋਮ ਦਾ ਤਾਜਦਾਰ ਬਾਦਸ਼ਾਹ ਬਣ ਬੈਠਾ ।ਹੇ ਭਾਈ! ਸੱਚਮੁੱਚ ਉਹ ਇਨ੍ਹਾਂ ਦੋਹਾਂ ਸ਼ਕਤੀਆਂ ਨਾਲ ਭਰਿਆ ਹੋਇਆ ਹੈ।ਸਮਝੇ?

*......ਉਨ੍ਹਾਂ ਸੱਤਾਂ ਵਿੱਚੋਂ ਹੈ ਅਤੇ ......*( ਕਿੰਨਾ ਚਿਰ ਰਹੇਗਾ?ਉਨ੍ਹਾਂ ਨੇ ਕਦੇ ਵੀ ਇਸ ਪ੍ਰਥਾ ਨੂੰ ਬਦਲਿਆ ਨਹੀਂ ਹੈ।) *....ਉਹ ਨਸ਼ਟ ਹੋ ਜਾਵੇਗਾ।*

*ਉਹ ਦਸ ਸਿੰਙ ਜਿਹੜੇ ਤੈਂ ਵੇਖੇ ਓਹ ਦਸ ਰਾਜੇ ਹਨ ਜਿਨ੍ਹਾਂ ਨੂੰ ਅਜੇ ਰਾਜ ਨਹੀਂ ਮਿਲਿਆ ਪਰ ਓਸ ਦਰਿੰਦੇ ਦੇ ਨਾਲ ਇੱਕ ਘੰਟੇ ਲਈ ਰਾਜਿਆਂ ਦੇ ਸਮਾਨ ਓਹਨਾਂ ਨੂੰ ਇਖਤਿਆਰ ਮਿਲਦਾ ਹੈ।*

313 ਤੁਸੀਂ ਵੇਖਿਓ, ਇਹ ਪੱਕਾ ਤਾਨਾਸ਼ਾਹ ਹੋਣਗੇ। "ਇਨ੍ਹਾਂ ਦਾ ਇੱਕ ਹੀ ਮੱਤ ਹੋਵੇਗਾ ।" ਹੁਣ ਇੱਧਰ ਵੇਖੋ । ਇਹ ਸਾਮਵਾਦ ਦੇ ਬਾਰੇ ਵਿੱਚ ਨਹੀਂ ਕਹਿ ਰਿਹਾ ਹੈ।ਸਮਝੇ?

*ਇਨ੍ਹਾਂ ਦਾ ਇੱਕੋ ਮੱਤ ਹੈ ਅਤੇ ਏਹ ਆਪਣੀ ਸਮਰੱਥਾ ਅਤੇ ਇਖਤਿਆਰ ਓਸ ਦਰਿੰਦੇ ਨੂੰ ਦਿੰਦੇ ਹਨ । ਇਹ ਲੇਲੇ ਦੇ ਨਾਲ ਯੁੱਧ ਕਰਨਗੇ ਅਤੇ ਲੇਲਾ ਉਹਨਾਂ ਉੱਤੇ ਫਤਿਹ ਪਾਵੇਗਾ ਇਸ ਲਈ ਜੋ ਉਹ ਪ੍ਰਭੂਆਂ ਦਾ ਪ੍ਰਭੂ ਅਤੇ ਰਾਜਿਆਂ ਦਾ ਰਾਜਾ ਹੈ, ਅਤੇ ਉਹਦੇ ਨਾਲ ਉਹ ਵੀ ਜਿਹੜੇ ਸੱਦੇ ਹੋਏ,ਚੁਣੇ ਹੋਏ ਅਤੇ ਮਾਤਬਰ ਹਨ। ਅਤੇ ਉਸਨੇ ਮੈਨੂੰ ਆਖਿਆ, ਜਿਹੜੇ ਪਾਣੀ ਤੈਂ ਵੇਖੇ ਸਨ ਜਿੱਥੇ ਉਹ ਕੰਜਰੀ ਬੈਠੀ ਹੈ ਓਹ ਉੱਮਤਾਂ ਅਤੇ ਮਹਾਇਣ ਅਤੇ ਕੌਮਾਂ ਅਤੇ ਭਾਖਿਆਂ ਹਨ।*

ਦੁਲਹਨਬਣੀ ਰਹੇ, ਪਰ ਉਹ ਵਿਭਚਾਰ ਕਰ ਰਹੀ ਹੈ।ਵੇਖਿਆ? ਜਿਵੇਂ ਹੱਵਾਹ ਨੇ ਕੀਤਾ ਉਸੇ ਤਰ੍ਹਾਂ ਹੀ ਇਹ ਕਲੀਸਿਯਾ ਕਰ ਰਹੀ ਹੈ। ਸਮਝੇ?

*ਅਤੇ ਉਹਦੇ ਮੱਥੇ ਉੱਤੇ ਇੱਕ ਭੇਤ ਵਾਲਾ ਨਾਉਂ ਲਿਖਿਆ ਹੋਇਆ ਸੀ, ਅਰਥਾਤ ਬਾਬੁਲ ਉਹ ਵੱਡੀ ਨਗਰੀ ....*

303 ਅਤੇ ਕੋਈ ਵੀ ਜਾਣਦਾ ਹੈ ਕਿ *"ਬਾਬੁਲ"* ਰੋਮ ਹੈ ।

*...........ਧਰਤੀ ਦੀਆਂ ਘਿਣਾਉਣੀਆਂ ਵਸਤਾਂ ਦੀ ਮਾਂ ।*

304 ਅਤੇ ਹੁਣ ਤੁਸੀਂ ਛੇਵੀਂ ਆਇਤ ਨੂੰ ਸੁਣੋ ।

*ਅਤੇ ਮੈਂ ਉਸ ਤੀਵੀਂ ਨੂੰ ਸੰਤਾਂ ਦੇ ਲਹੂ ਨਾਲ ਮਸਤ ਹੋਈ ਹੋਈ ਵੇਖਿਆ, ਅਤੇ ਉਹਨੂੰ ਵੇਖ ਕੇ ਮੈਂ ਡਾਢਾ ਹੱਕਾ ਬੱਕਾ ਰਹਿ ਗਿਆ*

305 ਉਹ ਸਲੀਬਾਂ ਅਤੇ ਸੱਭ ਤਰ੍ਹਾਂ ਦੀਆਂ ਚੀਜ਼ਾਂ ਪਹਿਨੇ ਹੋਏ ਬਹੁਤ ਹੀ ਸੁੰਦਰ ਅਤੇ ਭੋਲੀ ਲੱਗ ਰਹੀ ਸੀ ! "ਉਹ ਧਰਤੀ ਤੇ ਉਨ੍ਹਾਂ ਸੰਤਾਂ ਦਾ ਲਹੂ ਪੀਣ ਦੀ ਦੋਸ਼ੀ ਕਿਵੇਂ ਹੋ ਸੱਕਦੀ ਹੈ?" ਇਸ ਦ੍ਰਿਸ਼ ਨੂੰ ਵੇਖ ਯੂਹੰਨਾ ਹੱਕਾ-ਬੱਕਾ ਹੋ ਗਿਆ ਸੀ। ਹੁਣ ਉਹ ਸੁਰਗੀ ਦੂਤ ਉਸਨੂੰ ਕਹਿੰਦਾ ਹੈ ।

*ਅਤੇ ਦੂਤ ਨੇ ਮੈਨੂੰ ਕਿਹਾ ਭਈ ਤੂੰ ਹੱਕਾ ਬੱਕਾ ਕਾਹਨੂੰ ਹੋਇਆਂ ਹੈਂ ? ਉਹ ਤੀਵੀਂ ਅਤੇ ਉਹ ਦਰਿੰਦਾ ਜਿਸ ਉੱਤੇ ਉਹ ਸਵਾਰ ਹੈ ਉਨ੍ਹਾਂ ਦਾ ਭੇਤ ਤੈਨੂੰ ਦੱਸਾਂਗਾ, ........*

306 ਹੁਣ, ਇਹ ਗੱਲ ਮੋਹਰਾਂ ਵਿੱਚੋਂ ਕਿਸੇ ਵੀ ਮੋਹਰ ਦੇ ਵਿੱਚ ਨਹੀਂ ਆਉਂਦੀ ਹੈ ।ਇਹ ਕੋਈ ਦੂਜੀ ਗੱਲ ਹੈ।ਸਮਝੇ ?

*ਜਿਹ ਦੇ ਦਸ ਸਿੰਙ ਅਤੇ ਸੱਤ ਸਿਰ ਹਨ ।ਉਹ ਦਰਿੰਦਾ ਜਿਹੜਾ ਤੈਂ ਵੇਖਿਆ ਸੋ ਹੈਸੀ ਅਤੇ ਨਹੀਂ ਹੈਗਾ ਅਤੇ ਉਹ ਨੇ ਅਥਾਹ ਕੁੰਡ ਵਿੱਚੋਂ ਚੜ੍ਹ ਆਉਣਾ ਅਤੇ ਨਸ਼ਟ ਹੋ ਜਾਣਾ ਹੈ, ਅਤੇ ਧਰਤੀ ਦੇ ਵਾਸੀ ਜਿਨ੍ਹਾਂ ਦਾ ਨਾਉਂ ਜਗਤ ਮੁੱਢੋਂ ਜੀਵਨ ਦੀ ਪੋਥੀ ਵਿੱਚ ਨਹੀਂ ਲਿਖਿਆ ਗਿਆ ......* (ਵੇਖੋ ਇਹ ਚੁਣੇ ਹੋਏ ਹਨ)

307 ਤੁਹਾਡਾ ਨਾਉਂ ਜੀਵਨ ਦੀ ਪੋਥੀ ਵਿੱਚ ਕਦੋਂ ਲਿਖਿਆ ਗਿਆ ਸੀ? ਜਦੋਂ ਤੁਸੀਂ ਬੇਦਾਰੀ ਵਿੱਚ ਗਏ ਸੀ ? ਨਹੀਂ ਜੀ ਸ਼੍ਰੀਮਾਨ । "ਜਗਤ ਦੀ ਉਤਪਤੀ ਦੇ ਸਮੇਂ ਤੋਂ ਪਹਿਲਾਂ।"

*ਉਸ ਦਰਿੰਦੇ ਨੂੰ ਵੇਖ ਕੇ ਭਈ ਉਹ ਹੈਸੀ ਅਤੇ ਨਹੀਂ ਹੈਗਾ ......*

308 ਇਸ " ਦਰਿੰਦੇ ਜਾਂ ਪਸ਼ੂ "ਨੂੰ ਵੇਖੋ ਇੱਕ ਮਰ ਜਾਵੇਗਾ ਤੇ ਦੂਸਰਾ ਉਸਦਾ ਥਾਂ ਮੱਲ ਲਵੇਗਾ। " ਉਹ ਹੈਸੀ ; ਅਤੇ ਉਹ ਨਹੀਂ ਹੈਗਾ। ਉਹ ਹੈਸੀ ਅਤੇ ਉਹ ਨਹੀਂ ਹੈਗਾ । ਸੀ ; ਅਤੇ ਨਹੀਂ ਹੈਗਾ।" ਅਤੇ ਉਹ ਇਸ ਤਰ੍ਹਾਂ ਬਰਬਾਦੀ ਵਿੱਚ ਜਾਵੇਗੀ।ਸਮਝ ਲੱਗੀ? ਇਹ ਸਹੀ ਗੱਲ ਹੈ।

*ਸਮਝਦਾਰ ਬੁੱਧ ਦਾ ਮੌਕਾ ਇੱਥੇ ਹੀ ਹੈ।*



ਹੈ ਕਿ ਮੈਂ ਆਪਣੇ ਰੋਮਨ ਕੈਥੋਲਿਕ ਦੋਸਤਾਂ ਨਾਲ ਅਸਹਿਮਤ ਹਾਂ।ਮੈਂ ਨਿਹਚਾ ਕਰਦਾ ਹਾਂ ਕਿ ਵਚਨ ਨਿਰਾ ਆਦਮੀ ਰਾਹੀਂ ਨਹੀਂ ਲਿਖਿਆ ਗਿਆ ਹੈ।ਮੈਂ ਨਿਹਚਾ ਕਰਦਾ ਹਾਂ ਕਿ ਵਚਨ ਪਵਿੱਤਰ ਆਤਮਾ ਦੇ ਉਭਾਰੇ ਜਾਣ ਤੋਂ ਹੈ, ਅਤੇ ਉਹ ਸੱਭ ਨਿੱਕੀਆਂ-ਨਿੱਕੀਆਂ ਗੱਲਾਂ ਜੋ ਇਸ ਵਿੱਚ ਜੋੜੀਆਂ ਗਈਆਂ ਸਨ ਜਾਂ ਜਿਨ੍ਹਾਂ ਨੂੰ ਇਸ ਵਿੱਚ ਜੋੜਨ ਦੀ ਕੋਸ਼ਿਸ਼ ਕੀਤੀ ਗਈ ਸੀ, ਜਾਂ ਜਦ ਉਹਨਾਂ ਨੇ ਇਸਨੂੰ ਆਸਾਨ ਬਣਾਉਣ ਦਾ ਯਤਨ ਕੀਤਾ ਸੀ, ਤਾਂ ਉਹਨਾਂ ਨੇ ਆਤਮਾ ਨਾਲ ਭਰੇ ਹੋਏ ਹਰ ਇੱਕ ਆਦਮੀ ਨੂੰ ਬਾਹਰ ਕੱਢ ਦਿੱਤਾ ਸੀ।

62 ਅਤੇ ਇਹ ਸ਼ੁੱਧ ਅਤੇ ਸੱਚੀਆਂ ਲਿਖਤਾਂ ਪੂਰੀਆਂ-ਪੂਰੀਆਂ ਆਪਸ ਵਿੱਚ ਮੇਲ ਖਾਂਦੀਆਂ ਹਨ ਤੇ ਉਹਨਾਂ ਵਿੱਚ ਕਿੱਧਰੇ ਵੀ ਵਿਰੋਧ ਨਹੀਂ ਹੈ।ਮੈਨੂੰ ਸਾਹਿਤ ਦਾ ਟੁਕੜਾ ਜਾਂ ਪੈਰ੍ਹਾ ਵਿਖਾਓ ਜਿਸਦਾ ਇੱਕ ਪਦ ਵੀ ਅਜਿਹਾ ਹੋਵੇ ਜੋ ਆਪਸ ਵਿੱਚ ਵਿਰੋਧੀ ਨਾ ਹੋਵੇ -ਇੱਕ ਜਾਂ ਦੋ ਪਦ।ਪਰ ਬਾਈਬਲ ਦਾ ਕੋਈ ਵੀ ਬਿਆਨ ਕਿਤੇ ਵੀ ਇੱਕ ਦੂਸਰੇ ਨੂੰ ਕੱਟਦਾ ਨਹੀਂ ਹੈ।ਮੈਂ ਪੁਰਾਣੇ ਅਲੋਚਕਾਂ ਨੂੰ ਇਹ ਕਹਿੰਦੇ ਹੋਏ ਸੁਣਿਆ ਹੈ ਪਰ ਮੈਂ ਲੰਬੇ ਸਮੇਂ ਤੋਂ ਚਣੌਤੀ ਦਿੱਤੀ ਹੋਈ ਹੈ ਕਿ ਉਹ ਮੈਨੂੰ ਕੋਈ ਅਜਿਹੀ ਥਾਂ ਦੱਸੇ ਜਿੱਥੇ ਬਾਈਬਲ ਦਾ ਹਵਾਲਾ ਕਿਸੇ ਦੂਸਰੇ ਹਵਾਲੇ ਨੂੰ ਕੱਟਦਾ ਹੋਵੇ।ਬਾਈਬਲ ਵਿੱਚ ਇਸ ਤਰ੍ਹਾਂ ਕਿਤੇ ਵੀ ਨਹੀਂ ਹੈ।ਅਜਿਹਾ ਤਾਂ ਬਸ ਇਸ ਲਈ ਹੈ ਕਿਉਂਕਿ ਮਨੁੱਖਾਂ ਦੇ ਆਪਣੇ ਦਿਮਾਗਾਂ ਅੰਦਰ ਗੜਬੜ ਹੈ।ਪ੍ਰਮੇਸ਼ੁਰ ਗੜਬੜ ਵਿੱਚ ਨਹੀਂ ਹੈ।ਉਹ ਜਾਣਦਾ ਹੈ ਉਹ ਕੀ ਕਰ ਰਿਹਾ ਹੈ।ਉਹ ਜਾਣਦਾ ਹੈ।

63 ਵੇਖੋ, ਜੇ ਖੁਦਾ ਜਗਤ ਦਾ ਨਿਆਂ ਕਿਸੇ ਗਿਰਜੇ ਰਾਹੀਂ ਕਰਨ ਜਾ ਰਿਹਾ ਹੈ, ਜਿਵੇਂ ਕਿ ਕੈਥੋਲਿਕ ਗਿਰਜਾ ਕਹਿੰਦਾ ਹੈ, ਅੱਛਾ ਜੀ, ਜੇ ਇਹ ਹੀ ਗੱਲ ਹੈ ਤਾਂ ਫਿਰ ਉਹ ਕਿਹੜਾ ਗਿਰਜਾ ਹੈ ਜਿਹਦੇ ਦੁਆਰਾ ਉਹ ਨਿਆਂ ਕਰਨ ਜਾ ਰਿਹਾ ਹੈ?ਤੁਸੀਂ ਜਰਾ ਉਨ੍ਹਾਂ ਗਿਰਜਿਆਂ ਤੇ ਝਾਤੀ ਮਾਰੋ ਜੋ ਸਾਡੇ ਕੋਲ ਹਨ ।ਸਾਡੇ ਕੋਲ ਗਿਰਜਿਆਂ ਦੀਆਂ ਨੌ ਸੌ ਅਤੇ ਕੁਝ ਭਿੰਨ-ਭਿੰਨ ਸੰਸਥਾਵਾਂ ਹਨ। ਹੁਣ ਕਿਵੇਂ ........ਇੱਕ ਗਿਰਜਾ *ਇਸ* ਢੰਗ ਨਾਲ ਸਿਖਾਉਂਦਾ ਹੈ ਅਤੇ ਦੂਸਰਾ ਗਿਰਜਾ *ਉਸ* ਢੰਗ ਨਾਲ ਸਿਖਾਉਂਦਾ ਹੈ।ਕਿੰਨੀ ਗੜਬੜ ਹੈ, ਤਾਂ ਅਜਿਹੀ ਹਾਲਤ ਵਿੱਚ ਹਰ ਕੋਈ ਜਿਸ ਤਰ੍ਹਾਂ ਕਰਨਾ ਚਹੁੰਦਾ ਹੈ ਉਸੇ ਤਰ੍ਹਾਂ ਕਰਦਾ ਹੈ, ਤੁਸੀਂ ਕਿਸੇ ਵੀ ਤਰ੍ਹਾਂ ਕੁਝ ਵੀ ਕਰ ਸੱਕਦੇ ਹੋ।ਪ੍ਰੰਤੂ ਖੁਦਾ ਦੇ ਕੋਲ ਕੋਈ ਇੱਕ ਮਾਪਦੰਡ ਜਾਂ ਪੱਧਰ ਹੋਣਾ ਚਾਹੀਦਾ ਹੈ, ਅਤੇ ਉਹ ਹੈ ਉਸਦਾ ਵਚਨ।

64 ਬੋਲਣ .......ਹੁਣ ਸਾਡਾ ਗੱਲ ਕਰਨ ਦਾ ਭਾਵ ਕੈਥੋਲਿਕਾਂ ਨੂੰ ਫਿਟਕਾਰਨਾ ਨਹੀਂ ਹੈ ਕਿਉਂ ਜੋ ਪ੍ਰੋਟੈਸਟੈਂਟ ਵੀ ਓਸੇ ਵਾਂਗ ਹੀ ਭੈੜੇ ਹਨ।ਪ੍ਰੰਤੂ ਜਦ ਮੈਂ ਇੱਕ ਪਾਦਰੀ ਨਾਲ ਗੱਲਾਂ ਕਰ ਰਿਹਾ ਸੀ, ਉਹ ਆਖਣ ਲੱਗਾ, " ਸ਼੍ਰੀਮਾਨ ਬ੍ਰਾਨਹਾਮ, ਪ੍ਰਮੇਸ਼ੁਰ ਆਪਣੀ ਕਲੀਸਿਯਾ ਵਿੱਚ ਹੈ।"

65 ਮੈਂ ਕਿਹਾ, "ਪ੍ਰਮੇਸ਼ੁਰ ਆਪਣੇ ਵਚਨ ਵਿੱਚ ਹੈ, ਸ਼੍ਰੀਮਾਨ ਜੀ।ਅਤੇ ਉਹ ਵਚਨ ਹੈ।" ਜੀ ਹਾਂ, ਸ਼੍ਰੀਮਾਨ।

ਉਹਨੇ ਕਿਹਾ, ਅੱਛਾ, "ਉਹ ਹੈ .......ਕਲੀਸਿਯਾ ਕਦੇ ਵੀ ਗਲਤੀ ਨਹੀਂ ਕਰ ਸੱਕਦੀ ਅਥਵਾ ਭੁੱਲ-ਮੁਕਤ ਹੈ।"

66 ਮੈਂ ਕਿਹਾ, " ਖੁਦਾ ਨੇ ਇਸ ਤਰ੍ਹਾਂ ਨਹੀਂ ਕਿਹਾ ਹੈ।ਪਰ ਖੁਦਾ ਨੇ ਕਿਹਾ ਹੈ ਕਿ ਵਚਨ ਹੀ ਭੁੱਲ-ਮੁਕਤ ਹੈ।"

67 ਉਸਨੇ ਕਿਹਾ, "ਠੀਕ ਹੈ, ਅਸੀਂ ਤਾਂ ਬਪਤਿਸਮਾ ਅਤੇ ਬਾਕੀ ਦੂਸਰੀਆਂ ਗੱਲਾਂ ਇਸੇ ਤਰ੍ਹਾਂ ਹੀ ਸਿਖਾਉਂਦੇ ਹਾਂ॥"

ਮੈਂ ਪੁੱਛਿਆ, " ਤੁਸੀਂ ਇਸ ਤਰ੍ਹਾਂ ਕਦ ਕਰਦੇ ਸੀ?"

ਉਸਨੇ ਜਵਾਬ ਦਿੱਤਾ, " ਪਿੱਛੇ ਸ਼ੁਰੂ ਦੇ ਦਿਨਾਂ ਵਿੱਚ।"

ਮੈਂ ਕਿਹਾ, "ਕੀ ਤੁਸੀਂ ਕੈਥੋਲਿਕ ਕਲੀਸਿਯਾ ਵਿੱਚ ਇਸ ਦੀ ਆਗਿਆ ਦਿੰਦੇ ਹੋ?"

ਉਸਨੇ ਜਵਾਬ ਦਿੱਤਾ, " ਹਾਂ ਜੀ ।"

68 ਮੈਂ ਕਿਹਾ, "ਫਿਰ ਤਾਂ ਮੈਂ ਇੱਕ ਕੈਥੋਲਿਕ ਹਾਂ, ਪੁਰਾਣੇ ਢੰਗ ਦਾ ਕੈਥੋਲਿਕ। ਮੈਂ ਪੁਰਾਣੇ ਢੰਗ ਦੀ ਪ੍ਰਤੀਤ ਕਰਦਾ ਹਾਂ।ਅੱਜ ਤੁਸਾਂ ਲੋਕਾਂ ਨੇ ਬਹੁਤ ਜਿਆਦਾ ਗੜਬੜ ਕਰ ਦਿੱਤੀ ਹੈ ਅਤੇ ਤੁਸੀਂ ਸ਼ਾਇਦ ਹੀ ਕੋਈ ਗੱਲ ਪ੍ਰਮੇਸ਼ੁਰ ਦੇ ਵਚਨ ਦੀ ਸਿਖਾਉਂਦੇ ਹੋਵੋ।ਤੁਸੀਂ ਔਰਤਾਂ ਅਤੇ ਮਰੇ ਹੋਏ ਲੋਕਾਂ ਦੁਆਰਾ ਵਿਚੋਲਗੀ ਕਰਾਉਂਦੇ ਹੋ, ਅਤੇ ਅਜਿਹੇ ਹੋਰ ਬਥੇਰੇ ਕੰਮ ਕਰਦੇ ਹੋ, ਅਤੇ, ਮੀਟ ਨਾ ਖਾਣ ਦੀ ਸਿੱਖਿਆ ਦਿੰਦੇ ਹੋ, ਅਤੇ ਮੈਂ ਨਹੀਂ ਜਾਣਦਾ ਹਾਂ ਕਿ ਇਹ ਸੱਭ ਕੀ ਹੈ, ਸਮਝੇ।" ਮੈਂ ਉਹਨੂੰ ਕਿਹਾ, " ਤੁਸੀਂ ਮੈਨੂੰ ਇਹ ਸੱਭ ਵਚਨ ਵਿੱਚੋਂ ਲੱਭ ਕੇ ਵਿਖਾਓ ।"

69 ਉਸਨੇ ਕਿਹਾ, "ਮੈਨੂੰ ਇਸ ਤਰ੍ਹਾਂ ਕਰਨ ਦੀ ਕੋਈ ਲੋੜ ਨਹੀਂ ਹੈ।ਜਦ ਤੱਕ ਕਲੀਸਿਯਾ ਇਸ ਤਰ੍ਹਾਂ ਕਹਿੰਦੀ ਹੈ ਇਹ ਇਸੇ ਤਰ੍ਹਾਂ ਹੀ ਹੈ।ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਉਹ ਕੀ ਕਹਿੰਦੀ ਹੈ, ਇਹ ਤਾਂ ਕਲੀਸਿਯਾ ਹੈ।"

70 ਮੈਂ ਕਿਹਾ, "ਬਾਈਬਲ ਨੇ ਇਸ ਤਰ੍ਹਾਂ ਕਿਹਾ ਹੈ, 'ਜੋ ਕੋਈ ਵੀ ਇਸ ਵਿੱਚ ਇੱਕ ਸ਼ਬਦ ਵੀ ਜੋੜੇ ਜਾਂ ਇਸ ਵਿੱਚੋਂ ਇੱਕ ਸ਼ਬਦ ਵੀ ਕੱਢ ਲਏ, ਖੁਦਾ ਜੀਵਨ ਦੀ ਪੋਥੀ ਵਿੱਚੋਂ ਉਸਦਾ ਭਾਗ ਕੱਢ ਦੇਵੇਗਾ।' ਇਸ ਲਈ ਇਹ ਵਚਨ ਹੀ ਹੈ ! ਮੈਂ ਵਚਨ ਦਾ ਹੀ ਵਿਸ਼ਵਾਸ਼ ਕਰਦਾ ਹਾਂ।"

71 ਹੁਣ, ਅਤੇ, ਜੇ ਅਮੋਸ ਨੇ ਇਸ ਤਰ੍ਹਾਂ ਕਿਹਾ ਹੈ, ਅਤੇ ਵਚਨ ਦੀਆਂ ਦੂਸਰੀਆਂ ਲਿਖਤਾਂ ਵੀ ਇਸਦੇ ਨਾਲ ਸਹਿਮਤ ਹਨ,ਕਿ ਜੇਕਰ ......

72 ਅਤੇ ਹੁਣ ਤੁਸੀਂ ਇਸਨੂੰ ਯਾਦ ਰੱਖੋ ਕਿ ਅਸੀਂ ਬਸ ਇਸ ਦੀਆਂ ਖਾਸ-ਖਾਸ ਗੱਲਾਂ ਵੇਖ ਰਹੇ ਹਾਂ।ਬਸ, ਜਦ, ਮੈਂ .......ਜਦ ਮੈਂ ਉਸ ਕਮਰੇ ਵਿੱਚ ਵੜਦਾ ਹਾਂ ਤਾਂ ਮਸ੍ਹਾ ਉਥੇ ਆਉਂਦਾ ਹੈ ਜੋ ਕੁਝ ਵਾਪਰਦਾ ਹੈ ਜੇ ਮੈਂ ਲਿਖਣ ਲੱਗਾਂ ਜੋ ਉਹ .......ਜੋ ਕੁਝ ਵੀ ਇਹਨਾਂ ਮੋਹਰਾਂ ਵਿੱਚ ਹੁੰਦਾ ਹੈ, ਤਾਂ ਇੱਕ ਹੀ ਮੋਹਰ ਤੇ ਤਿੰਨ ਮਹੀਨੇ ਲੱਗ ਜਾਣਗੇ।ਇਸ ਲਈ ਅਸੀਂ ਇਸ ਦੀਆਂ ਬਸ ਮੁੱਖ-ਮੁੱਖ ਗੱਲਾਂ ਨੂੰ ਹੀ ਲੈਣਾ ਹੈ, ਹੁਣ ਭਾਵੇਂ ਇਹ ਲੋਕਾਂ ਨੂੰ ਕੁਝ ਵੀ ਕਿਉਂ ਨਾ ਲੱਗੇ ਪਰ ਇਹ ਲੋਕਾਂ ਨੂੰ ਲਾਜਵਾਬ ਕਰ ਦੇਵੇਗਾ।ਪ੍ਰੰਤੂ ਤਦ ਵੀ ਇਹ ਲੋਕਾਂ ਨੂੰ ਸੱਟ ਮਾਰਨ ਲਈ ਕਾਫੀ ਨਹੀਂ ਹੈ, ਪ੍ਰੰਤੂ ਇਹ ਤਾਂ ਬਸ ਇਸ ਲਈ ਹੈ ਕਿ ਲੋਕ ਸਮੇਂ ਦੀ ਸਿੱਖਿਆ ਦੀਆਂ ਗੱਲਾਂ ਤੇ ਨਿਹਚਾ ਕਰਨ।ਤੁਸੀਂ ਜਾਣਦੇ ਹੋ ਕਿ ਮੇਰਾ ਕੀ ਮਤਲਬ ਹੈ।

73 ਹੁਣ ਤੁਸੀਂ ਇਸ ਤੇ ਧਿਆਨ ਦਿਓ ਜੋ ਅਮੋਸ ਨੇ ਕਿਹਾ ਸੀ, " ਪ੍ਰਮੇਸ਼ੁਰ ਕੁਝ ਨਹੀਂ ਕਰਦਾ ਜੇ ਉਹ ਆਪਣਾ ਭੇਤ ਆਪਣੇ ਸੇਵਕ ਨਬੀਆਂ ਤੇ ਪ੍ਰਗਟ ਨਾ ਕਰੇ।" ਅਰ ਫਿਰ ਅਸੀਂ ਵੇਖਦੇ ਹਾਂ



297 ਹੁਣ, " ਪਾਣੀਆਂ " ਵੇਖੋ ਇਸਦਾ ਕੀ ਮਤਲਬ ਹੈ? ਇੱਥੇ ਧਿਆਨ ਕਰੋ।ਇਸਦੀ 15
ਆਇਤ ਪੜ੍ਹੋ।

*ਉਸਨੇ ਮੈਨੂੰ ਆਖਿਆ, ਜਿਹੜੇ ਪਾਣੀ ਤੂੰ ਵੇਖੇ ਸਨ ਜਿੱਥੇ ਉਹ ਕੰਜਰੀ ਬੈਠੀ ਹੈ ਓਹ ਉੱਮਤਾਂ ਅਤੇ .....ਮਹਾਇਣ .....ਅਤੇ ਕੌਮਾਂ ਅਤੇ ਭਾਖਿਆ ਹਨ*

298 ਇਹ ਕਲੀਸਿਯਾ ਸਾਰੀ ਧਰਤੀ ਤੇ ਰਾਜ ਕਰ ਰਹੀ ਸੀ, ਵੇਖੋ, "ਬਹੁਤ ਸਾਰੇ ਪਾਣੀਆਂ ਤੇ ਬੈਠੀ ਹੈ।"

*ਜਿਹਦੇ ਨਾਲ ਧਰਤੀ ਦੇ ਰਾਜਿਆਂ ਨੇ ਹਰਾਮਕਾਰੀ ਕੀਤੀ,* ਆਤਮਿਕ ਹਰਾਮਕਾਰੀ (ਉਸਦੀ ਸਿੱਖਿਆ ਨੂੰ ਅਪਨਾ ਲਿਆ, ਨਿਕੁਲਾਈਆਂ ਦੀ ਸਿੱਖਿਆ ) *ਅਤੇ ਧਰਤੀ ਦੇ ਵਾਸੀ ਉਹਦੀ ਹਰਾਮਕਾਰੀ ਦੀ ਮੈ ਨਾਲ ਮਸਤ ਹੋਏ ।*

299 ਮੁੰਡਿਆ, ਤੂੰ ਇਸ ਤੇ ਮੈ ਨਾਲ ਮਸਤ ਹੋਏ ਝੁੰਢ ਦੇ ਬਾਰੇ ਵਿੱਚ ਗੱਲਾਂ ਕਰਦਾ ਹੈਂ! ਤੂੰ......

*ਤਾਂ ਉਹ ਮੈਨੂੰ ਆਤਮਾ ਵਿੱਚ ਇੱਕ ਉਜਾੜ ਵੱਲ ਲੈ ਗਿਆ ਅਤੇ ਮੈਂ ਇੱਕ ਤੀਵੀਂ ਨੂੰ ਵੇਖਿਆ .....*

300 ਕੀ ਤੁਹਾਨੂੰ ਪਤਾ ਹੈ ਕਿ ਕੈਥੋਲਿਕ ਦੀਆਂ ਆਪਣੀਆਂ ਹੀ ਲਿਖਤਾਂ ਇਹ ਬਿਆਨ ਕਰਦੀਆਂ ਹਨ ਕਿ ਇਹ ਉਨ੍ਹਾਂ ਦੀ ਆਪਣੀ ਕਲੀਸਿਯਾ ਹੈ? ਤੁਹਾਡੇ ਵਿੱਚੋਂ ਕਿੰਨੇ ਇਸ ਗੱਲ ਨੂੰ ਜਾਣਦੇ ਹਨ? ਇਹ ਉਨ੍ਹਾਂ ਦੇ ਆਪਣੇ ਲੇਖਾਂ ਵਿੱਚ ਸੱਚ ਹੈ । ਮੇਰੇ ਕੋਲ ਉਨ੍ਹਾਂ ਦੀ ਕਿਤਾਬ *" ਸਾਡੇ ਵਿਸ਼ਵਾਸ਼ ਦੀਆਂ ਸੱਚਾਈਆਂ* ਮੌਜੂਦ ਹੈ।ਇਹ ਸਿਰਫ ਪਾਦਰੀ ਦੇ ਕੋਲ ਹੀ ਹੁੰਦੀ ਹੈ।ਠੀਕ ਹੈ !ਠੀਕ ਹੈ!

*ਤਾਂ ਉਹ ਮੈਨੂੰ ਆਤਮਾ ਵਿੱਚ ਇੱਕ ਉਜਾੜ ਵੱਲ ਲੈ ਗਿਆ ਅਤੇ ਮੈਂ ਇੱਕ ਤੀਵੀਂ ਨੂੰ ਕਿਰਮਚੀ ਰੰਗ ਦੇ ਇੱਕ ਦਰਿੰਦੇ ਉੱਤੇ ਜਿਹੜਾ ਕੁਫਰ ਦੇ ਨਾਵਾਂ ਨਾਲ ਭਰਿਆ ਹੋਇਆ ਸੀ ਅਤੇ ਜਿਹਦੇ ਸੱਤ ਸਿਰ ਅਤੇ ਦਸ ਸਿੰਙ ਸਨ ਬੈਠੇ ਵੇਖਿਆ।*

301 ਹੁਣ ਤੁਸੀਂ ਜਰਾ ਇਸ ਚਿੰਨ੍ਹ 'ਤੇ ਧਿਆਨ ਦਿਓ, ਉਨ੍ਹਾਂ "ਸੱਤ ਸਿਰਾਂ " ਨੂੰ ਵੇਖੋ। ਹੁਣ ਤੁਸੀਂ ਉਥੇ ਵੇਖੋ ਜਿੱਥੇ ਇਹ ਕਿਹਾ ਗਿਆ ਹੈ, " ਅਤੇ ਜਿਹੜੇ ਸਿਰ ਤੈਂ ਵੇਖੇ ਉਹ ਸੱਤ ਟਿੱਲੇ ਹਨ ਜਿੱਥੇ ਤੀਵੀਂ ਉਨ੍ਹਾਂ ਉੱਤੇ ਬੈਠੀ ਹੋਈ ਹੈ।" ਰੋਮ ਸੱਤ ਪਹਾੜਾਂ ਤੇ ਵਸਿਆ ਹੋਇਆ ਹੈ ।ਹੁਣ ਇਨ੍ਹਾਂ "ਸੱਤਾਂ ਸਿਰਾਂ " ਦੇ ਬਾਰੇ ਵਿੱਚ ਕੋਈ ਗਲਤੀ ਨਹੀਂ ਹੈ।ਅਰ ਤੁਸੀਂ ਜਾਣਦੇ ਹੋ ਕਿ "ਦਸ ਸਿੰਙ " ਦਸ ਰਾਜੇ ਆਦਿ ਹਨ।

*ਅਤੇ ਉਸ ਤੀਵੀਂ ਨੇ ਬੈਂਗਨੀ ਅਤੇ ਕਿਰਮਚੀ ਪੁਸ਼ਾਕ ਪਹਿਨੀ ਹੋਈ ਸੀ ਅਤੇ ਉਹ ਸੋਨੇ ਮੋਤੀਆਂ, ਅਤੇ ਜਵਾਹਰਾਂ ਨਾਲ ਸ਼ਿੰਗਾਰੀ ਹੋਈ ਸੀ ।ਉਹਨੇ ਇੱਕ ਪਿਆਲਾ ਸੋਨੇ ਦਾ ਆਪਣੇ ਹੱਥ ਵਿੱਚ ਫੜਿਆ ਹੋਇਆ ਸੀ ਜਿਹੜਾ ਘਿਣਾਉਣੀਆਂ ਵਸਤਾਂ ਅਤੇ ਉਹ ਦੀ ਹਰਾਮਕਾਰੀ ਦੀਆਂ ਭ੍ਰਿਸ਼ਟਤਾਈਆਂ ਨਾਲ ਭਰਿਆ ਹੋਇਆ ਸੀ।*

302 ਉਹ ਮਸੀਹ ਵਿਰੋਧੀ ਆਤਮਾ, "ਹਰਾਮਕਾਰੀ " ਉਸ ਦੀਆਂ "ਸਿੱਖਿਆਵਾਂ " ਵੇਖੋ ਜੋ ਪ੍ਰਮੇਸ਼ੁਰ ਨਾਲ ਵਿਭਚਾਰ ਕਰ ਰਹੀ ਹੈ।ਸਮਝੇ? ਉਸ ਤੋਂ ਆਸ ਕੀਤੀ ਜਾਂਦੀ ਸੀ ਕਿ ਮਸੀਹ ਦੀ

ਇਸਨੂੰ ਪੜ੍ਹੀਏ, ਤੁਸੀਂ ਇਸਨੂੰ ਬੜੇ ਹੀ ਧਿਆਨ ਨਾਲ ਸੁਣੋ ।ਜਿਨ੍ਹਾਂ ਕੋਲ ਬਾਈਬਲਾਂ ਹਨ ਉਹ ਇਸਨੂੰ ਕੱਢ ਲੈਣ । ਮੈਂ ਤੁਹਾਨੂੰ ਥੋੜਾ ਜਿਹਾ ਸਮਾਂ ਦੇ ਰਿਹਾ ਹਾਂ ਤਾਂ ਕਿ ਤੁਸੀਂ ਇਹ ਕੱਢ ਲਓ।

291 ਭਾਈ ਲੀ, ਕੀ ਤੁਹਾਨੂੰ ਇਹ ਮਿਲ ਗਿਆ? ਮੈਂ ਇਸਨੂੰ ਇੱਥੋਂ ਸਮੂਕਰ ਦੀ ਕਿਤਾਬ ਵਿੱਚੋਂ ਕੱਢਿਆ ਸੀ, *ਸ਼ਾਨਦਾਰ ਸੁਧਾਰ* ਨਾਮਕ ਪੁਸਤਕ ਵਿੱਚੋਂ ਤੁਸੀਂ ਇਸਨੂੰ ਲੱਭ ਸੱਕਦੇ ਹੋ, ਇਹ ਸਿੱਧਾ ਰੋਮ ਦੇ ਸ਼ਹੀਦਾਂ ਦੀ ਪੁਸਤਕ ਵਿੱਚੋਂ ਲਿਆ ਗਿਆ ਹੈ ਜੋ ਕਿ ਵੈਟੀਕਨ ਵਿੱਚ ਹੈ।

292 ਹੁਣ ਇਸ ਤਰ੍ਹਾਂ ਉਨ੍ਹਾਂ ਨੇ ਸੰਤ ਪੈਟਰਿਕ ਤੱਕ ਲੋਕਾਂ ਨੂੰ ਸਤਾਏ ਜਾਣ ਤੱਕ ਕੀਤਾ।ਅਤੇ ਫਿਰ ਵੀ ਉਹ ਸੰਤ ਪੈਟਰਿਕ ਨੂੰ ਆਪਣਾ ਸੰਤ ਦੱਸਦੇ ਪਏ ਹਨ।ਵਾਹ ! ਸੰਤ ਪੈਟਰਿਕ ਵੀ ਓਨਾ ਹੀ ਕੈਥੋਲਿਕ ਸੀ ਜਿੰਨਾ ਕਿ ਮੈਂ ਹਾਂ ; ਅਤੇ ਤੁਸੀਂ ਜਾਣਦੇ ਹੋ ਕਿ ਮੈਂ ਕਿੰਨਾ ਕੁ ਕੈਥੋਲਿਕ ਹਾਂ। ਵੇਖਿਆ?ਉਸਨੂੰ ਕੈਥੋਲਿਕ ਕਲੀਸਯਾ ਤੋਂ ਘ੍ਰਿਣਾ ਸੀ। ਉਹਨੇ ਪੋਪ ਕੋਲ ਜਾਣ ਤੋਂ ਨਾਂਹ ਕਰ ਦਿੱਤੀ ਸੀ।ਹਾਂ ਸ਼੍ਰੀਮਾਨ ਜੀ।ਇੱਥੋਂ ਤੱਕ ਕਿ ਸੰਤ ਪੈਟਰਿਕ ਨੇ ......ਕਿਉਂ, ਕੀ ਤੁਹਾਨੂੰ ਕਦੇ ਉੱਤਰੀ ਆਇਰਲੈਂਡ ਜਾਣ ਦਾ ਮੌਕਾ ਮਿਲਿਆ ਹੈ ਜਿੱਥੇ ਉਸਦੇ ਸਕੂਲ ਸਥਿਤ ਹਨ? ਕੀ ਤੁਸੀਂ ਜਾਣਦੇ ਹੋ ਕਿ ਉਸਦਾ ਨਾਮ ਪੈਟਰਿਕ ਨਹੀਂ ਸੀ।ਕਿੰਨੇ ਇਸ ਗੱਲ ਨੂੰ ਜਾਣਦੇ ਹਨ? ਉਸਦਾ ਨਾਮ ਸੁਕੇਤ ਸੀ। ਇਹ ਸਹੀ ਗੱਲ ਹੈ।ਉਸਦੀ ਭੈਣ ਦੀ ਮੌਤ ਹੋ ਗਈ ਸੀ। ਤੁਹਾਨੂੰ ਯਾਦ ਹੈ ਜਦੋਂ ਉਨ੍ਹਾਂ ਨੇ .......ਸਮਝੇ? ਠੀਕ ਹੈ।

293 ਹੁਣ ਤੁਸੀਂ ਪ੍ਰਕਾਸ਼ ਦੀ ਪੋਥੀ ਦੇ ਸਤਾਰਵੇਂ ਬਾਬ ਤੇ ਗੌਰ ਕਰੋ।ਹੁਣ ਸਾਰੇ ਜਣੇ ਆਪਣੇ ਦਿਲਾਂ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰਨ।ਹੁਣ ਪਵਿੱਤਰ ਆਤਮਾ ਹੀ ਤੁਹਾਨੂੰ ਸਿਖਾਵੇ।

*......ਅਤੇ ਜਿਨ੍ਹਾਂ ਸੱਤਾਂ ਦੂਤਾਂ ਕੋਲ ਸੱਤ ਕਟੋਰੇ ਸਨ, ਉਨ੍ਹਾਂ ਵਿੱਚੋਂ ਇੱਕ ਜਣਾ ਆਇਆ....*

294 ਹੁਣ, ਤੁਸੀਂ ਵੇਖੋ ਕਿ ਸੱਤ ਕਟੋਰੇ ਹਨ ਤੁਸੀਂ ਜਾਣਦੇ ਹੋ ਜਿਵੇਂ ਕਿ ਅਸੀਂ ਸੱਤਾਂ ਮੋਹਰਾਂ ਨੂੰ ਵੇਖ ਰਹੇ ਹਾਂ, ਇਹ ਸੱਭ ਕੁਝ ਬਿਲਕੁੱਲ ਇੱਕ ਹੀ ਸਮੇਂ ਤੇ ਹੁੰਦਾ ਹੈ।ਸੱਤ ਬਲਾਵਾਂ ਆਉਂਦੀਆਂ ਹਨ,ਸੱਤ ਕਲੀਸਿਯਾਈ ਯੁੱਗ ਆਉਂਦੇ ਹਨ।ਅਤੇ ਇਹ ਸੱਭ ਇੱਕ ਹੀ ਸਮੇਂ ਤੇ ਹੁੰਦਾ ਹੈ, ਕਿਉਂਕਿ ਇਹ ਸੱਭ ਉਸੇ ਹੀ ਇੱਕ ਪੋਥੀ ਵਿੱਚ ਬੰਦ ਹੈ।ਅਤੇ ਸੱਭ ਕੁਝ ਵਾਰੀ-ਵਾਰੀ ਨਾਲ ਹੁੰਦਾ ਹੈ,ਇੱਕ ਤੋਂ ਬਾਦ ਦੂਸਰੀ ਘਟਨਾ ਹੁੰਦੀ ਜਾਂਦੀ ਹੈ।ਇੱਥੇ ਦੋ ਆਤਮਾਵਾਂ ਕੰਮ ਕਰੀਆਂ ਹਨ।ਇੱਕ ਪਰਮੇਸ਼ੁਰ ਦਾ ਆਤਮਾ ਹੈ ਅਤੇ ਦੂਜਾ ਸ਼ੈਤਾਨ ਦਾ ਹੈ।ਸਮਝ ਲੱਗੀ?

*ਜਿਨ੍ਹਾਂ ਕੋਲ ਸੱਤ ਕਟੋਰੇ ਸਨ ਇੱਕ ਨੇ ਆਣ ਕੇ ਮੇਰੇ ਨਾਲ ਗੱਲ ਕੀਤੀ ਭਈ ਉਰੇ ਆ ਮੈਂ ਤੈਨੂੰ ਓਸ ਵੱਡੀ ਕੰਜਰੀ ਦੀ ਸਜ਼ਾ ਵਿਖਾਵਾਂ ਜਿਹੜੀ ਬਹੁਤਿਆਂ ਪਾਣੀਆਂ ਉੱਤੇ ਬੈਠੀ ਹੋਈ ਹੈ।*

295 ਹੁਣ, ਤੁਸੀਂ ਇੱਥੇ ਉਨ੍ਹਾਂ " ਪਾਣੀਆਂ " 'ਤੇ ਧਿਆਨ ਦਿਓ।

296 ਉਹ "ਕੰਜਰੀ " ਕੌਣ ਹੈ? ਇਹ ਇੱਕ ਤੀਵੀਂ ਹੈ।ਉਹ ਇੱਕ ਆਦਮੀ ਨਹੀਂ ਹੋ ਸੱਕਦੀ ਹੈ।ਅਤੇ ਬਾਈਬਲ ਵਿੱਚ ਤੀਵੀਂ ਕਿਸ ਚੀਜ ਨੂੰ ਦਰਸਾਉਂਦੀ ਹੈ? ਕਲੀਸਿਯਾ ਨੂੰ।ਕਿਉਂ ? ਕਿਉਂਕਿ ਤੁਸੀਂ ਵੇਖਦੇ ਹੋ ਕਿ ਮਸੀਹ ਦੀ ਦੁਲਹਨ, ਕਲੀਸਿਯਾ ਆਦਿ ਤੀਵੀਂ ਹੀ ਹਨ।



ਕਿ ਖੁਦਾ ਕੀ ਕਰ ਰਿਹਾ ਹੈ।ਅਤੇ ਜੋ ਉਹ ਹੁਣ ਸਾਡੇ ਤੇ ਪ੍ਰਗਟ ਕਰ ਰਿਹਾ ਹੈ, ਇਹ ਉਹ ਹੋਣਾ ਚਾਹੀਦਾ ਹੈ ਜੋ ਖੁਦਾ ਕਰਨ ਦਾ ਯਤਨ ਕਰ ਰਿਹਾ ਹੈ।ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਖੁਦਾ ਨਿਆਂ ਦੇ ਦ੍ਰਿਸ਼ ਤੇ ਕੁਝ ਕਰਨ ਦੀ ਠਾਣ ਰਿਹਾ ਹੈ।ਉਹ ਕੁਝ ਕਰਨ ਵਾਲਾ ਹੈ।ਅਤੇ ਇਹ ਪੱਕੇ ਤੌਰ ਤੇ ਫਿਰ ਇਸ ਗੱਲ ਨੂੰ ਪ੍ਰਮਾਣਿਤ ਕਰਦਾ ਹੈ ਕਿ ਅਸੀਂ ਅੰਤ ਦੇ ਸਮੇਂ ਵਿੱਚ ਰਹਿ ਰਹੇ ਹਾਂ।ਹੁਣ ਅਸੀਂ ਲਾਉਦੀਕੀਆ ਦੀ ਕਲੀਸਿਯਾ ਦੇ ਖਾਤਮੇ ਤੇ ਹਾਂ, ਕਿਉਂਕਿ ਕਹਨਾਂ ਗੱਲਾਂ ਨੇ ਅੰਤ ਦੇ ਦਿਨਾਂ ਵਿੱਚ ਹੀ ਪ੍ਰਗਟ ਹੋਣਾ ਸੀ।

74 ਹੁਣ ਤੁਸੀਂ ਜਰਾ ਇਸਦੇ ਬਾਰੇ ਸੋਚੋ। ਆਓ ਅਸੀਂ....ਇਸ ਨੂੰ ਕੋਸ਼ਿਸ਼ ਨਾਲ ਸਮਝਣ ਦਾ ਯਤਨ ਕਰੋ ਕਿ ਅਸੀਂ ਵਿਸ਼ਵਾਸ਼ ਕਰਦੇ ਹਾਂ ਕਿ ਪਵਿੱਤਰ ਆਤਮਾ ਹੀ ਇਸਨੂੰ ਸਾਡੇ ਤੇ ਪ੍ਰਗਟ ਕਰੇਗਾ।

75 ਹੁਣ ਯਾਦ ਕਰੋ, ਪ੍ਰਮੇਸ਼ੁਰ ਤਦ ਤੱਕ ਕੁਝ ਪ੍ਰਗਟ ਨਹੀਂ ਕਰਦਾ ਹੈ ;ਖੁਦਾ ਕੁਝ ਨਹੀਂ ਕਰੇਗਾ ਜਦ ਤੱਕ ਉਹ ਇਸਨੂੰ ਆਪਣੇ ਸੇਵਕ ਨਬੀਆਂ ਤੇ ਪ੍ਰਗਟ ਨਾ ਕਰੇ।" ਅਤੇ ਇਸ ਤੋਂ ਪਹਿਲਾਂ ਕਿ ਉਹ ਕੁਝ ਕਰੇ ਉਹ ਪ੍ਰਗਟ ਕਰਦਾ ਹੈ। ਅਤੇ ਜਦ ਉਹ ਇਸਨੂੰ ਪ੍ਰਗਟ ਕਰਦਾ ਹੈ ਤਾਂ ਤੁਸੀਂ ਇਸਨੂੰ ਯਾਦ ਰੱਖ ਸੱਕਦੇ ਹੋ ਕਿ ਕੁਝ ਚੱਲ ਰਿਹਾ ਹੈ।ਵੇਖੋ, ਇਹ ਪ੍ਰਗਟ ਕੀਤਾ ਗਿਆ ਹੈ।

76 ਅਤੇ ਇਹ ਗੱਲਾਂ ਜਿਹੜੀਆਂ ਅਸੀਂ ਕਰ ਰਹੇ ਹਾਂ ਅੰਤ ਦੇ ਦਿਨਾਂ ਵਿੱਚ, ਬਸ ਆਖਰੀ ਤੁਰ੍ਹੀ ਫੂਕੇ ਜਾਣ ਤੋਂ ਪਹਿਲਾਂ, ਆਖਰੀ ਕਲੀਸਿਯਾ ਦੇ ਯੁੱਗ ਦੇ ਸੰਦੇਸ਼ ਦੇ ਖਤਮ ਹੋਣ ਤੋਂ ਬਿਲਕੁੱਲ ਪਹਿਲਾਂ, ਪ੍ਰਗਟ ਹੋਣੀਆਂ ਸਨ।ਇਹ ਠੀਕ ਗੱਲ ਹੈ। ਜੇ ਤੁਸੀਂ ਇਸਨੂੰ ਪੜ੍ਹਨਾ ਚਾਹੋ ਤਾਂ ਤੁਸੀਂ ਕੱਢ ਸੱਕਦੇ ਹੋ .......ਵੇਖੋ, ਕੱਲ੍ਹ ਰਾਤ ਮੈਂ ਤੁਹਾਨੂੰ ਤਿੰਨ ਵਾਰ ਪ੍ਰਕਾਸ਼ ਦੀ ਪੋਥੀ 10:7 ਦਾ ਹਵਾਲਾ ਦਿੱਤਾ ਸੀ ।" ਸਗੋਂ ਸੱਤਵੇਂ ਦੂਤ ਦੀ ਅਵਾਜ਼ ਦੇ ਦਿਨੀਂ, ਪ੍ਰਮੇਸ਼ੁਰ ਦੇ ਭੇਤ ਪ੍ਰਗਟ ਅਤੇ ਸੰਪੂਰਨ ਹੋ ਜਾਣਗੇ।" ਅਤੇ ਫਿਰ ਬਸ ਇੱਕ ਹੀ ਕੰਮ ਬਾਕੀ ਰਹਿ ਜਾਂਦਾ ਹੈ।ਜਦ ਇਹ ਸੱਤ ਮੋਹਰਾਂ ਦੀ ਪੋਥੀ ਖੁੱਲ੍ਹ ਗਈ ਹੈ ਤਾਂ ਪ੍ਰਮੇਸ਼ੁਰ ਦੇ ਸਾਰੇ ਭੇਤ ........

77 ਕਿਉਂ, ਅਸੀਂ ਸਾਲਾਂ ਸਾਲ ਇਸਦੀ ਖੋਜ਼ ਕਰਦੇ ਰਹੇ । ਅਤੇ ਵਚਨ ਦੇ ਅਨੁਸਾਰ ਅਸੀਂ ਤਦ .......ਇਸ ਦਿਨ ਤੱਕ ਇਸਨੂੰ ਸਮਝਣ ਦਾ ਕੋਈ ਤਰੀਕਾ ਹੈ ਹੀ ਨਹੀਂ ਸੀ, ਕਿਉਂਕਿ ਇਹ ਤਾਂ ਗੁਪਤ ਸਨ।ਅਸੀਂ ਉਸ ਚਿੰਨ੍ਹ ਨੂੰ ਵੇਖ ਚੁੱਕੇ ਹਾਂ ਜਿਸਦੇ ਨਾਲ ਇਸਦਾ ਚਿੰਨ੍ਹ ਜਾਂ ਪ੍ਰਤੀਕ ਵਿਖਾਇਆ ਗਿਆ ਹੈ, ਪ੍ਰੰਤੂ ਇਹ ਅੰਤ ਦਾ ਦਿਨ ਆਉਣ ਤੋਂ ਪਹਿਲਾਂ ਸਪੱਸ਼ਟ ਰੂਪ ਵਿੱਚ ਪ੍ਰਗਟ ਨਹੀਂ ਸੀ ਹੋ ਸੱਕਦੀ।ਸਮਝੇ? ਇਸ ਲਈ ਵੇਖੋ, ਤਦ ਤਾਂ ਸਾਨੂੰ ਅੰਤ ਦੇ ਸਮੇਂ ਵਿੱਚ ਹੋਣਾ ਚਾਹੀਦਾ ਹੈ।

78 ਹੁਣ ਚੇਤੇ ਕਰੋ ਅਤੇ ਕਦੇ ਨਾ ਭੁੱਲਣਾ, "ਖੁਦਾ ਤਦ ਤੱਕ ਕੁਝ ਨਹੀਂ ਕਰਦਾ ਜਦ ਤੱਕ ਉਹ ਇਸਨੂੰ ਪ੍ਰਗਟ ਨਾ ਕਰ ਦੇਵੇ।" ਅਤੇ ਤੁਸੀਂ ਇਹ ਵੀ ਨਾ ਭੁੱਲਿਓ ਕਿ ਉਹ ਏਨੇ ਸਾਦਾ ਢੰਗ ਨਾਲ ਕੁਝ ਕਰਦਾ ਹੈ ਕਿ "ਗਿਆਨੀ ਅਤੇ ਸਮਝਦਾਰ ਇਸਨੂੰ ਸਮਝਣ ਤੋਂ ਰਹਿ ਜਾਂਦੇ ਹਨ।" ਜੇ ਤੁਸੀਂ ਇਸ ਤੇ ਨਿਸ਼ਾਨੀ ਲਾਉਣਾ ਚਾਹੁੰਦੇ ਹੋ ਤਾਂ ਇਹ 11:25-26 ਹੈ।ਅਤੇ ਯਾਦ ਰੱਖੋ, " ਉਹ ਕੁਝ ਨਹੀਂ ਕਰਦਾ ਜਦ ਤਾਈਂ ਕਿ ਉਹ ਇਸਨੂੰ ਪ੍ਰਗਟ ਨਹੀਂ ਕਰਦਾ ਹੈ ।"ਅਤੇ ਉਹ ਪ੍ਰਗਟ ਇੰਨੇ ਸਾਦਾ ਢੰਗ ਨਾਲ ਕਰਦਾ ਹੈ ਕਿ ਬੁੱਧੀਮਾਨ ਅਤੇ ਪੜ੍ਹੇ ਲਿਖੇ ਲੋਕ ਇਸਨੂੰ ਸਮਝਣ ਤੋਂ ਰਹਿ ਜਾਂਦੇ ਹਨ।ਯਾਦ ਰਹੇ ਇਹ ਬੁੱਧੀ ਹੀ ਸੀ ਜਿਹਦੀ ਦੁਨੀਆਂ ਨੇ ਵਚਨ ਦੀ ਜਗ੍ਹਾ ਤੇ ਇੱਛਾ ਕੀਤੀ ਜਦ

ਪਹਿਲਾ ਪਾਪ ਹੋਇਆ ਤਾਂ ਇਹਨੇ ਇਹ ਹੀ ਕੀਤਾ ਸੀ। ਹੁਣ ਇਸਨੂੰ ਭੁੱਲਣਾ ਨਹੀਂ ਹੈ।ਔਹ, ਇਨ੍ਹਾਂ ਗੱਲਾਂ ਨੂੰ ਸੋਚ ਕੇ ਸਾਨੂੰ ਕਿੰਨੇ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ !

79 ਹੁਣ ਤੁਸੀਂ ਉਹਨਾਂ ਗੱਲਾਂ ਤੇ ਧਿਆਨ ਦਿਓ ਜਿਹੜੀਆਂ ਹੋਈਆਂ ਹਨ !ਉਹਨਾਂ ਗੱਲਾਂ ਤੇ ਧਿਆਨ ਦਿਓ ਜਿਹੜੀਆਂ ਉਸਨੇ ਸਾਨੂੰ ਦੱਸੀਆਂ ਹਨ !ਤੁਸੀਂ ਜਿਹੜੇ ਇੱਥੇ ਸਾਡੇ ਨਾਲ ਖੜੇ ਹੋਏ ਹੋ, ਇਸ ਭਵਨ ਵਿੱਚ ਵੇਖੋ।ਹੁਣ ਮੈਂ ਟੇਪ ਕਰਨ ਵਾਲਿਆਂ ਨੂੰ ਇਹ ਪੁੱਛਣ .......ਠੀਕ ਹੈ, ਤੁਸੀਂ ਇਹਨੂੰ ਟੇਪ ਕਰ ਲਓ।ਪ੍ਰੰਤੂ ਵੇਖੋ,ਮੈਂ ਇਹ ਗੱਲ ਸਿਰਫ ਇਸ ਭਵਨ ਦੇ ਲੋਕਾਂ ਨੂੰ ਕਹਿ ਰਿਹਾ ਹਾਂ ਜੋ ਇੱਥੇ ਹਨ।ਮੈਂ ਤੁਹਾਨੂੰ ਹਰ ਇੱਕ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਇਹ ਕਹਿੰਦਾ ਹਾਂ ਕਿ ਤੁਹਾਡੇ ਵਿੱਚੋਂ ਕੋਈ ਵੀ ਇੱਕ ਜਣਾ ਉਹਨਾਂ ਸੈਕੜੇਂ ਗੱਲਾਂ ਵਿੱਚੋਂ ਜਿਹੜੀਆਂ ਦੱਸੀਆਂ ਗਈਆਂ ਇੱਕ ਵੀ ਗੱਲ ਦੱਸੇ ਜਿਹੜੀ ਪੂਰੀ ਨਹੀਂ ਹੋਈ ਹੈ।ਮੈਨੂੰ ਦੱਸੋ ਕਿ ਇਸ ਪੁਲਪਿਟ ਤੋਂ ਜੋ ਕੁਝ ਵੀ ਉਸਨੇ ਦੱਸਿਆ ਕਿ ਇੱਕ ਵਾਰ ਵੀ ਇਸ ਤਰ੍ਹਾਂ ਹੋਇਆ ਹੋਵੇ ਕਿ ਉਹ ਬਿਲਕੁੱਲ ਉਸੇ ਤਰ੍ਹਾਂ ਹੀ ਨਾ ਘਟਿਆ ਹੋਵੇ।ਕੀ ਮਨੁੱਖੀ ਦਿਮਾਗ ਇਸ ਤਰ੍ਹਾਂ ਕਰ ਸੱਕਦਾ ਹੈ ?ਬਿਲਕੁੱਲ ਨਹੀਂ।

80 ਆਉਂਦੇ ਜੂਨ ਮਹੀਨੇ ਨੂੰ ਤੇਤੀ ਸਾਲ ਹੋ ਜਾਣਗੇ ਜਦ ਉਹ ਨਦੀ ਤੇ ਪ੍ਰਕਾਸ਼ ਵਿੱਚ ਆਇਆ ਸੀ।ਤੁਹਾਨੂੰ ਬਜੁਰਗਾਂ ਨੂੰ ਯਾਦ ਹੋਵੇਗਾ ਕਿ ਮੈਂ ਛੋਟਾ ਜਿਹਾ ਮੁੰਡਾ ਹੀ ਸਾਂ ਤਾਂ ਉਦੋਂ ਤੋਂ ਮੈਂ ਉਸ ਅਵਾਜ਼ ਅਤੇ ਉਸ ਪ੍ਰਕਾਸ਼ ਦੇ ਬਾਰੇ ਵਿੱਚ ਦੱਸਦਾ ਆ ਰਿਹਾ ਹਾਂ।ਅਤੇ ਲੋਕਾਂ ਨੇ ਸੋਚਿਆ ਸੀ ਕਿ ਇਹ ਕੋਈ ਵਸਤੂ ਸਿਰ ਦੇ ਉੱਪਰ ਹੈ। ਅਸਲ ਵਿੱਚ ਕਿਸੇ ਨੇ ਕਿਹਾ ਸੀ ਕਿ ਸ਼ਾਇਦ ਮੈਂ ਵੀ ਇਸਦੇ ਬਾਰੇ ਵਿੱਚ ਇਹ ਹੀ ਸੋਚਿਆ ਸੀ। ਪ੍ਰੰਤੂ ਹੁਣ ਇਸਦੇ ਉੱਤੇ ਤੁਹਾਨੂੰ ਹੋਰ ਹੈਰਾਨ ਹੋਣ ਦੀ ਲੋੜ ਨਹੀਂ ਹੈ।ਅਤੇ ਕਲੀਸਿਯਾ ਨੂੰ 1933 ਤੋਂ ਕੋਈ ਅਚੰਭਾ ਨਹੀਂ ਹੈ, ਜਦ ਮੈਂ ਨਦੀ ਤੇ ਸੈਂਕੜੇ ਲੋਕਾਂ ਨੂੰ ਬਪਤਿਸਮਾ ਦੇ ਰਿਹਾ ਸੀ !

81 ਮੈਨੂੰ ਯਾਦ ਹੈ ਉਸ ਮੁੰਡੇ ਦਾ ਨਾਮ ਮਾੱਰਾ ਸੀ ਜਿਹਨੇ ਮੈਨੂੰ ਕਿਹਾ ਸੀ, " ਬਿਲੀ ਕੀ ਤੂੰ ਉਨ੍ਹਾਂ ਲੋਕਾਂ ਨੂੰ ਗੋਤੇ ਦੇਣ ਚੱਲਾਂ ਹੈਂ?" ਉਹ ਛੋਟਾ ਜਿੱਮ ਮਾੱਰਾ ਉੱਥੇ ਸੀ, ਮੈਂ ਸੋਚਦਾ ਹਾਂ ਕਿ ਹੁਣ ਉਹ ਮਰ ਚੁੱਕਾ ਹੈ।ਮੈਂ ਸੋਚਦਾ ਹਾਂ ਉਸਨੂੰ ਮਾਰ ਦਿੱਤਾ ਗਿਆ ਸੀ ;ਕਿਸੇ ਔਰਤ ਨੇ ਉਹਦੇ ਗੋਲੀ ਮਾਰ ਦਿੱਤੀ ਸੀ ।ਪ੍ਰੰਤੂ ਉਸਨੇ ਮੈਨੂੰ ਕਿਹਾ ਸੀ, "ਕੀ ਤੂੰ ਲੋਕਾਂ ਨੂੰ ਗੋਤਾ ਦੇਣ ਜਾ ਰਿਹਾਂ ਹਾਂ?"

82 ਮੈਂ ਕਿਹਾ, "ਨਹੀਂ ਸ਼੍ਰੀਮਾਨ, ਮੈਂ ਉਨ੍ਹਾਂ ਨੂੰ ਆਪਣੇ ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦੇਣ ਜਾ ਰਿਹਾਂ ਹਾਂ।"

83 ਅਤੇ ਉੱਥੇ ਮੰਡਲੀ ਵਿੱਚ ਇੱਕ ਔਰਤ ਸੀ ।ਉਹਨੇ ਦੂਸਰੀ ਜ਼ਨਾਨੀ ਨੂੰ ਕਿਹਾ, ਉਸਨੇ ਕਿਹਾ .......ਬਪਤਿਸਮੇ ਦੇ ਬਾਰੇ ਕੋਈ ਗੱਲ ਕੀਤੀ ਸੀ।ਉਸਨੇ ਆਖਿਆ, " ਚੰਗਾ,ਮੈਂ ਗੋਤਾ ਲੈਣ ਦਾ ਬੁਰਾ ਨਹੀਂ ਮਨਾਵਾਂਗੀ ।" ਕਹਿਣ ਲੱਗੀ, "ਮੈਂ ਪ੍ਰਵਾਹ ਨਹੀਂ ਕਰਦੀ ਜੇ ਡੋਬਾ ਦੇ ਦੇਊ ।ਇਸ ਤਰ੍ਹਾਂ ਕਰਨਾ ਠੀਕ ਹੈ।"

84 ਮੈਂ ਉਹਨੂੰ ਕਿਹਾ, "ਵਾਪਿਸ ਚਲੀ ਜਾ ਅਤੇ ਤੋਬਾ ਕਰ।ਤੂੰ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲੈਣ ਦੇ ਯੋਗ ਨਹੀਂ ਹੈਂ ।" ਵੇਖਿਆ?

85 ਇਹ ਕੋਈ ਖੇਡਣ ਵਾਲੀ ਚੀਜ ਨਹੀਂ ਹੈ।ਇਹ ਮਸੀਹ ਦੀ ਖੁਸ਼ਖਬਰੀ ਹੈ, ਵਚਨ ਹੈ ਜੋ ਕਿ ਅਧਿਕਾਰ ਨਾਲ ਪ੍ਰਗਟ ਹੋਇਆ ਹੈ।ਪਰ ਜੇ ਤੁਸੀਂ ਕਹਿ ਰਹੇ ਹੋ ਇਹ ਤਾਂ ਮੂਰਖਤਾ ਅਤੇ



ਬਣਾ ਲਿਆ ਹੈ।ਅਤੇ ਹੁਣ ਉਹ ਜੋ ਚਾਹੇ ਕਰ ਸੱਕਦਾ ਹੈ । ਫਿਰ ਉਸਨੂੰ ਉਨ੍ਹਾਂ ਨੂੰ ਮਾਰਨ ਦਾ ਅਧਿਕਾਰ ਮਿਲ ਜਾਂਦਾ ਹੈ ਜਿਹੜੇ ਉਸਦੇ ਨਾਲ ਸਹਿਮਤ ਨਹੀਂ ਹਨ।ਬਿਲਕੁੱਲ ਇਹੋ ਕੁਝ ਹੀ ਉਸਨੇ ਕੀਤਾ ਵੀ ਸੀ ।ਉਹਨੇ ਠੀਕ ਇਸੇ ਤਰ੍ਹਾਂ ਹੀ ਕੀਤਾ ਸੀ। ਉਸਨੇ ਇਸ ਤਰ੍ਹਾਂ ਜੀਉਂਦੇ ਪਰਮੇਸ਼ੁਰ ਦੇ ਸੱਚੇ ਸੰਤਾਂ ਨਾਲ ਕੀਤਾ ਸੀ, ਜਿਨ੍ਹਾਂ ਨੇ ਵਚਨ ਨੂੰ ਫੜੀ ਰੱਖਿਆ ਅਤੇ ਉਸਦੇ ਅਕੀਦਿਆਂ ਨੂੰ ਕਬੂਲ ਨਹੀਂ ਕੀਤਾ ਸੀ।ਉਸਨੇ ਉਹਨਾਂ ਨੂੰ ਮਾਰ ਘੱਤਿਆ ਸੀ।

287 ਹੁਣ, ਲੀ ਵੇਲ ਅਤੇ ਤੁਸੀਂ ਜਿਹੜੇ ਨੀਸੀਆ ਯੁੱਗ ਅਤੇ ਮੁਢਲੀ ਕਲੀਸਿਯਾ ਦੇ ਯੁੱਗ ਦੇ ਸਿਖਾਉਣ ਵਾਲੇ ਹੋ, ਮੈਂ ਨਹੀਂ ਜਾਣਦਾ ਹਾਂ ਕਿ ਤੁਸੀਂ ਇਸਨੂੰ ਪੜ੍ਹਿਆ ਹੈ ਜਾਂ ਨਹੀਨ।ਜੇ ਤੁਸੀਂ ਇਸਨੂੰ ਪੜ੍ਹਨਾ ਚਾਹੁੰਦੇ ਹੋ ਤਾਂ ਤੁਸੀਂ ਸਮੂਕਰ ਦੀ ਪੁਸਤਕ *ਸ਼ਾਨਦਾਰ ਸੁਧਾਰ* (GLORIOUS REFORMATION) ਪੜ੍ਹ ਸੱਕਦੇ ਹੋ।

288 ਅਤੇ ਤੁਹਾਨੂੰ ਇਹਦੇ ਵਿੱਚ ਮਿਲੇਗਾ ਕਿ ਜਦ ਹਿੱਪੋ ਦਾ ਸੰਤ ਅਗਸਟੀਨ ਰੋਮਨ ਕਲੀਸਿਯਾ ਦੇ ਅਧੀਨ ਪਾਦਰੀ ਬਣਿਆ ਤਾਂ ਉਹਦੇ ਕੋਲ ਇੱਕ ਮੌਕਾ ਸੀ, ਇੱਕ ਵਾਰ ਪਵਿੱਤਰ ਆਤਮਾ ਨੇ ਉਸਦੇ ਕੋਲ ਆਉਣ ਦੀ ਕੋਸ਼ਿਸ਼ ਕੀਤੀ ਸੀ, ਅਰ ਉਸਨੇ ਇਸਨੂੰ ਠੁਕਰਾ ਦਿੱਤਾ ਸੀ।ਕਿੰਨੇ ਸਿੱਖਿਆ ਦੇਣ ਵਾਲੇ ਇਸ ਗੱਲ ਨੂੰ ਜਾਣਦੇ ਹਨ? ਉਸਨੇ ਪਵਿੱਤਰ ਆਤਮਾ ਨੂੰ ਠੁਕਰਾ ਦਿੱਤਾ ਸੀ।ਉਹ ਅੱਜ ਦੇ ਪ੍ਰੋਟੈਸਟੈਂਟਾਂ ਦਾ ਕਿੰਨਾ ਵਧੀਆ ਨਮੂਨਾ ਹੈ ਜਿਨ੍ਹਾਂ ਨੇ ਬਿਲਕੁੱਲ ਉਸੇ ਵਾਗੂੰ ਹੀ ਪਵਿੱਤਰ ਆਤਮਾ ਨੂੰ ਠੁਕਰਾ ਦਿੱਤਾ ਹੈ।ਉਹ ਮੁੜ ਹਿੱਪੋ ਗਿਆ, ਅਤੇ ਉਸਨੇ ਉਸ ਕਾਗਜ਼ ਤੇ ਦਸਤਖਤ ਕੀਤੇ ਸਨ ਜਿਸ ਤੇ ਲਿਖਿਆ ਹੋਇਆ ਸੀ , " ਇਹ ਪਰਮੇਸ਼ੁਰ ਦੇ ਵਲੋਂ ਪ੍ਰਕਾਸ਼ ਹੈ ਕਿ ਇਹ ਗੱਲ ਪਰਮੇਸ਼ੁਰ ਦੇ ਭਾਣੇ ਬਿਲਕੁੱਲ ਠੀਕ ਹੈ ਤੇ ਉਸਨੂੰ ਮਨ ਭਾਉਂਦੀ ਹੈ ਕਿ ਹਰ ਇੱਕ ਉਸ ਆਦਮੀ ਨੂੰ ਮਾਰ ਦਿੱਤਾ ਜਾਵੇ ਜਿਹੜਾ ਰੋਮਨ ਕੈਥੋਲਿਕ ਕਲੀਸਿਯਾ ਤੇ ਨਿਹਚਾ ਨਹੀਂ ਕਰਦਾ ਹੈ।"

289 ਹੁਣ ਸੁਣੋ, ਮੈਂ ਸ਼ਹੀਦਾਂ ਦੀ ਕਿਬਾਬ ਵਿੱਚੋਂ ਇਹ ਬਿਆਨ ਕਰ ਰਿਹਾ ਹਾਂ, "ਸੰਤ ਅਗਸਟੀਨ ਦੇ ਦਿਨਾਂ ਤੋਂ ਲੈ ਕੇ ਜੋ ਕਿ ਹਿੱਪੋ ਸ਼ਹਿਰ ਦਾ ਰਹਿਣ ਵਾਲਾ ਸੀ, ਸੰਨ 1586 ਤੱਕ ਰੋਮਨ ਸ਼ਹੀਦਾਂ ਦੀ ਕਿਤਾਬ ਇਹ ਦੱਸਦੀ ਹੈ ਕਿ ਰੋਮਨ ਕੈਥੋਲਿਕ ਕਲੀਸਿਯਾ ਨੇ 6,80,00000 ਅਥਵਾ ਛੇ ਕਰੋੜ ਅੱਸੀ ਲੱਖ ਪ੍ਰੋਟੈਸਟੈਂਟਾਂ ਦਾ ਕਤਲ ਕੀਤਾ ।" ਕੀ ਉਸਦੀ ਤਲਵਾਰ ਲਾਲ ਸੀ? ਕੀ ਉਹ ਲਾਲ ਘੋੜੇ ਤੇ ਸਵਾਰ ਸੀ? ਇਹ ਕੀ ਸੀ ? ਇਹ ਉਹ ਹੀ ਸ਼ਕਤੀ ਸੀ। ਇਹ ਉਹ ਹੀ ਸਵਾਰ ਸੀ।ਇਹ ਹੀ ਇਹ ਮੋਹਰ ਹੈ।ਉਨ੍ਹਾਂ ਨੇ ਸ਼ਹੀਦਾਂ ਦੀ ਕਿਤਾਬ ਵਿੱਚ ਇਹ ਸਵੀਕਾਰ ਕੀਤਾ ਹੈ ਕਿ, " ਉਨ੍ਹਾਂ ਨੇ ਛੇ ਕਰੋੜ ਅੱਸੀ ਲੱਖ " ਪ੍ਰੋਟੈਸਟੈਂਟਾਂ ਦੀ ਹੱਤਿਆ ਕੀਤੀ ਹੈ, ਇਸ ਤੋਂ ਇਲਾਵਾ ਉਹਨਾਂ ਨੂੰ ਵੀ ਦਿਮਾਗ ਵਿੱਚ ਰੱਖੋ ਜਿਨ੍ਹਾਂ ਦੀ ਗਿਣਤੀ ਇਸ ਨਾਲੋਂ ਵੱਖਰੀ ਹੈ। ਹੇ ਖੁਦਾ ਦਯਾ ਕਰ ਹਨੇਰ ਯੁੱਗ ਦੇ ਦੌਰਾਨ ਲੱਖਾਂ ਲੋਕ ਭੁੱਖੇ ਸ਼ੇਰਾਂ ਨੂੰ ਖੁਆ ਦਿੱਤੇ ਗਏ ਤੇ ਕਈ ਤਰੀਕਆਂ ਨਾਲ ਮਾਰਿਆ ਗਿਆ, ਕਿਉਂਕਿ ਉਹ ਕੈਥੋਲਿਕ ਕਲੀਸਿਯਾ ਦੇ ਅਕੀਦੇ ਅੱਗੇ ਨਾ ਝੁਕੇ।ਤੁਸੀਂ ਇਸ ਤੋਂ ਜਾਣਕਾਰ ਹੋ।

290 ਤੁਹਾਡੇ ਕੋਲ ਹੋਰ ਕਿੰਨਾ ਸਮਾਂ ਹੈ? [ਸੰਗਤ ਆਖਦੀ ਹੈ, ਖੁੱਲ੍ਹਾ ਸਮਾਂ ਹੈ ।ਸਾਰੀ ਰਾਤ।"-ਸੰਪਾ] ਠੀਕ ਹੈ।ਮੈਨੂੰ ਕੁਝ ਪੜ੍ਹਨ ਦਿਓ।ਹੁਣ ਤੁਸੀਂ ਮੇਰੇ ਨਾਲ ਆਪਣੀ ਬਾਈਬਲ ਖੋਲ੍ਹੋ, ਤਾਂ ਕਿ ਮੈਂ ਤੁਹਾਨੂੰ ਕੁਝ ਵਿਖਾਵਾਂ।ਆਓ ਅਸੀਂ ਇੱਕ ਪਲ ਲਈ ਇਸਦੀ ਤਸਵੀਰ ਖਿੱਚੀਏ ।ਇਹ ਹੁਣੇ-ਹੁਣੇ ਮੇਰੇ ਦਿਮਾਗ ਵਿੱਚ ਆਈ ਹੈ, ਆਓ ਅਸੀਂ ਪ੍ਰਕਾਸ਼ ਦੀ ਪੋਥੀ ਦੇ ਸਤਾਰਾਂ ਬਾਬ ਨੂੰ ਕੱਢੀਏ ਅਤੇ ਅਸੀਂ ਬਸ ਇਸਨੂੰ ਪੜ੍ਹਾਂਗੇ।ਸਾਡੇ ਕੋਲ ਹਾਲੇ ਵੀ ਪੰਦਰਾਂ ਮਿੰਟ ਹਨ ।ਠੀਕ ਹੈ, ਹੁਣ ਅਸੀਂ

ਪੜ੍ਹ ਕੇ ਵੇਖ ਸੱਕਦੇ ਹੋ, ਉੱਥੇ ਉਹ ਇਸ ਤਰ੍ਹਾਂ ਹੀ ਕਹਿੰਦਾ ਹੈ।ਧਰਤੀ ਦੇ ਸਾਰੇ ਰਾਜ ਉਸੇ ਦੇ ਹੀ ਹਨ।ਹੁਣ ਇਹ ਯਾਦ ਰੱਖਣਾ ਕਿ ਇਹ ਹੀ ਕਾਰਨ ਹੈ ਕਿ ਉਹ ਲੜਾਈਆਂ ਕਰਦੇ ਹਨ, ਯੁੱਧ ਕਰਦੇ ਹਨ, ਮਾਰਦੇ ਹਨ।

281 ਕੀ ਇਹ ਅਜੀਬ ਗੱਲ ਨਹੀਂ ਹੈ? ਉਨ੍ਹਾਂ ਨੂੰ ਇਹ ਤਲਵਾਰ ਦਿੱਤੀ ਗਈ ਸੀ ਕਿ ਉਹ ਇੱਕ ਦੂਸਰੇ ਨੂੰ ਮਾਰ ਘੱਤਣ।ਔਹ, ਔਹ, ਔਹ, ਮੇਰੇ ਖੁਦਾ !ਹੁਣ ਧਿਆਨ ਕਰੋ।

282 ਹੁਣ, ਜਦ ਉਹਨੇ ਇਹ ਕੀਤਾ ਸੀ ਤਾਂ ਉਸ ਵੇਲੇ ਉਸਦੇ ਕੋਲ ਕਲੀਸਿਯਾਈ ਸ਼ਕਤੀ ਨਹੀਂ ਸੀ। ਪਰ ਉਹਨੇ ਗਲਤ ਸਿੱਖਿਆ ਦੇ ਆਤਮਾ ਨਾਲ ਅੰਦਰ ਵੜਨਾ ਸ਼ੁਰੂ ਕੀਤਾ ਸੀ। ਅਤੇ ਓਹੀ ਸਿੱਖਿਆ ਅੱਗੇ ਜਾ ਕੇ ਇੱਕ ਅਕੀਦਾ ਬਣ ਜਾਂਦੀ ਹੈ । ਅਤੇ ਉਹ ਅਕੀਦਾ ਇੱਕ ਝੂਠੇ ਨਬੀ ਵਿੱਚ ਦੇਹਧਾਰੀ ਹੋ ਜਾਂਦਾ ਹੈ।

283 ਅਤੇ ਫਿਰ ਉਹ ਬਿਲਕੁੱਲ ਠੀਕ ਟਿਕਾਣੇ ਅੱਪੜ ਗਿਆ ।ਹੁਣ ਉਹ ਕਦੇ ਇਸਰਾਇਲ ਨਹੀਂ ਗਿਆ।ਉਹ ਰੋਮ ਵਿੱਚ ਗਿਆ; ਉਹ ਰੋਮ ਵਿੱਚ ਨੀਸੀਆ ਸਭਾ ਵਿੱਚ ਪਹੁੰਚਿਆ।

284 ਅਤੇ ਉੱਥੇ ਇੱਕ ਸਭਾ ਹੋਈ, ਅਤੇ ਉਨ੍ਹਾਂ ਨੇ ਇੱਕ ਪ੍ਰਧਾਨ ਬਿਸ਼ਪ ਚੁਣ ਲਿਆ।ਅਤੇ ਫਿਰ ਇਸ ਤਰ੍ਹਾਂ ਕਰਨ ਦੁਆਰਾ ਉਨ੍ਹਾਂ ਨੇ ਕਲੀਸਿਯਾ ਅਤੇ ਰਾਜ ਨੂੰ ਇੱਕ ਥਾਂ ਸੰਗਠਿਤ ਕਰ ਲਿਆ। ਤਦ ਉਹਨੇ ਆਪਣਾ ਕਮਾਣ ਥੱਲੇ ਸੁੱਟ ਦਿੱਤਾ। ਉਹ ਆਪਣੇ ਚਿੱਟੇ ਘੋੜੇ ਤੋਂ ਥੱਲੇ ਉੱਤਰ ਆਇਆ। ਅਤੇ ਉਹ ਲਾਲ ਘੋੜੇ ਤੇ ਸਵਾਰ ਹੋ ਗਿਆ ਤਾਂ ਕਿ ਉਹ ਉਸ ਕਿਸੇ ਵੀ ਮਨੁੱਖ ਨੂੰ ਮਾਰ ਸਕੇ ਜੋ ਉਸ ਨਾਲ ਸਹਿਮਤ ਨਹੀਂ ਹੈ।ਇਹ ਹੀ ਤੁਹਾਡੀ ਮੋਹਰ ਹੈ।ਇਹ ਇੱਕ ਹੀ ਵਿਅਕਤੀ ਹੈ। ਤੁਸੀਂ ਉਸ ਉੱਤੇ ਤਦ ਤੱਕ ਨਿਗਾਹ ਲਗਾਈ ਰੱਖੋ ਜਦ ਤੱਕ ਉਹ ਸਦੀਪਕਤਾ ਵਿੱਚ ਅਲੋਪ ਨਹੀਂ ਹੋ ਜਾਂਦਾ ਹੈ।ਵੇਖੋ ਉਹ ਆਪਣੀਆਂ ਦੋਹਾਂ ਸ਼ਕਤੀਆਂ ਨੂੰ ਇੱਕ ਮੁੱਠ ਕਰਦਾ ਹੈ।

285 ਬਿਲਕੁੱਲ ਉਹਨਾਂ ਹੀ ਕੰਮਾਂ ਨੂੰ ਕਰਨ ਦਾ ਯਤਨ ਉਹ ਅੱਜ ਕਰ ਰਹੇ ਹਨ,ਉਹੀ ਕੰਮ।ਅਤੇ ਇਹ ਇੱਕ ਬੜੀ ਹੀ ਅਜੀਬ ਗੱਲ ਹੈ, ਹੋ ਸੱਕਦਾ ਹੈ ਕਿ ਤੁਸੀਂ ਇਸਨੂੰ ਨਾ ਸਮਝ ਸਕੋ।ਪ੍ਰੰਤੂ ਅੱਜ ਲੂਈਸਵਿਲੇ ਦੀ ਬੈਪਟਿਸਟ ਮੰਡਲੀ ........ਤੁਸੀਂ ਇਸਦੇ ਬਾਰੇ ਵਿੱਚ ਰੇਡੀਓ ਤੇ ਸੁਣਿਆ ਹੋਵੇਗਾ।ਬੁਲਾਰਾ ਖੜਾ ਹੋਇਆ ਅਤੇ ........ਕਿੰਨਿਆ ਨੇ ਇਹ ਸੁਣਿਆ ਸੀ?ਠੀਕ ਹੈ।ਵੇਖਿਆ? ਇਹ ਸੱਚ ਹੈ।ਤੁਸੀਂ ਇਸੇ ਹੀ ਹਾਲਤ ਵਿੱਚ ਹੋ।ਅਤੇ ਅਸਲ ਵਿੱਚ ......ਉਨ੍ਹਾਂ ਨੇ ਇੱਕ ਤਰ੍ਹਾਂ ਕੈਥੋਲਿਕ ਕਲੀਸਿਯਾ ਵਿੱਚ ਸ਼ਾਮਿਲ ਹੋਣ ਲਈ ਪੁੱਛਿਆ ਹੈ, ਪਰ ਅਸਲ ਵਿੱਚ ਅਸਾਂ ਕੈਥੋਲਿਕ ਕਲੀਸਿਯਾ ਵਿੱਚ ਸ਼ਾਮਿਲ ਨਹੀਂ ਹੋਣਾ ਹੈ, ਸਿਰਫ ਨਾਮ ਮਾਤਰ ਨੂੰ ਹੀ ਮਿਲਣਾ ਹੈ।ਪਰ ਸਾਨੂੰ ਉਹਨਾਂ ਨਾਲ ਸੰਗਤ ਤਾਂ ਰੱਖਣੀ ਪਵੇਗੀ।ਇਹ ਗੱਲ ਲੂਈਸਵਿਲੇ ਵਿੱਚ ਠੀਕ ਉਸ ਸਮੇਂ ਚੱਲ ਰਹੀ ਹੈ ਜਦ ਇੱਥੇ ਪਰਮੇਸ਼ੁਰ ਆਪਣੇ ਲੋਕਾਂ ਤੇ ਮੋਹਰਾਂ ਖੋਲ੍ਹ ਰਿਹਾ ਹੈ ਕਿ ਸਾਨੂੰ ਵਿਖਾਵੇ ਕਿ ਅਸੀਂ ਇਸ ਤਰ੍ਹਾਂ ਨਾ ਕਰੀਏ।ਵੇਖੋ, ਉਹ ਦੋਵੇਂ ਮਿਲ ਕੇ ਕੰਮ ਕਰ ਰਹੇ ਹਨ।ਯਾਦ ਰਹੇ, ਕਾਂ ਅਤੇ ਘੁੱਗੀ ਦੋਨੋਂ ਹੀ ਨੂਹ ਦੀ ਕਿਸ਼ਤੀ ਵਿੱਚ ਪੰਛੀਆਂ ਵਿੱਚ ਇੱਕ ਹੀ ਟਹਿਣੀ ਤੇ ਬੈਠੇ ਹੋਏ ਸਨ।ਯਾਦ ਕਰੋ ਬਿਲਕੁੱਲ ਇਸੇ ਤਰ੍ਹਾਂ ਹੀ ਸੀ।ਤੁਸੀਂ ਇਸਨੂੰ ਬਸ ਯਾਦ ਰੱਖੋ।

286 ਹੁਣ ਅਸੀਂ ਵੇਖ ਲਿਆ ਹੈ ਕਿ ਫਿਰ ਉਸਨੇ ਰਾਜ ਅਤੇ ਕਲੀਸਿਯਾ ਦੀਆਂ ਅਪਣੀਆਂ ਦੋਹਾਂ ਸ਼ਕਤੀਆਂ ਨੂੰ ਇੱਕ ਕਰ ਲਿਆ।ਹੁਣ ਤੁਸੀਂ ਕੀ ਕਰਨ ਜਾ ਰਹੇ ਹੋ? ਉਸਨੇ ਅਪਣਾ ਹੀ ਧਰਮ



ਨਾਸਮਝੀ ਹੈ ", ਤਾਂ ਤੁਸੀਂ ਇਸਨੂੰ ਕਿਤੇ ਹੋਰ ਜਗ੍ਹਾ ਦੇ ਰਹੇ ਹੋ।ਪ੍ਰੰਤੂ ਯਾਦ ਰੱਖੋ, ਵਚਨ ਵਿੱਚ ਇਸਦਾ ਵਾਇਦਾ ਕੀਤਾ ਗਿਆ ਹੈ ਕਿ ਇਸ ਤਰ੍ਹਾਂ ਹੋਵੇਗਾ। ਅਤੇ ਇੱਥੇ ਇਹ ਬਿਲਕੁੱਲ ਉਸੇ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਇਸਨੂੰ ਹੋਣਾ ਚਾਹੀਦਾ ਹੈ।

86 ਅਤੇ ਉਸ ਦਿਨ ਜਦ ਉਹ ਨਦੀ ਤੇ ਖੜੇ ਸਨ !ਤਾਂ ਪ੍ਰਭੂ ਦਾ ਦੂਤ ਜਿਹਦੇ ਬਾਰੇ ਮੈਂ ਤੁਹਾਨੂੰ ਦੱਸਿਆ ਹੈ ਕਿ ਉਹ ਤਾਰੇ ਦੇ ਵਾਗੂੰ ਜਾਂ ਕਿਸੇ ਇਸੇ ਤਰ੍ਹਾਂ ਦੀ ਚੀਜ਼ ਵਾਂਗ ਦਿਖਾਈ ਦਿੰਦਾ ਹੈ ਉੱਥੇ ਆਇਆ, ਜੋ ਕੁਝ ਦੂਰ ਸੀ ਅਤੇ ਫਿਰ ਨੇੜੇ ਆ ਗਿਆ, ਅਤੇ ਮੈਂ ਤੁਹਾਨੂੰ ਦੱਸਿਆ ਸੀ ਕਿ ਉਸਦਾ ਚਮਕਾਰਾ ਪੰਨੇ ਵਰਗਾ ਵਿਖਾਈ ਦਿੰਦਾ ਹੈ।ਅਤੇ ਉਹ ਨਦੀ ਤੇ ਉੱਤਰ ਆਇਆ ਜਿੱਥੇ ਮੈਂ ਬਪਤਿਸਮੇ ਦੇ ਰਿਹਾ ਸੀ।

87 ਬਿਜਨੈਸਮੈਨਾਂ ਨੇ ਸ਼ਹਿਰ ਵਿੱਚ ਮੈਥੋਂ ਪੁੱਛਿਆ, "ਉਸਦਾ ਕੀ ਮਤਲਬ ਹੈ?"

88 ਮੈਂ ਕਿਹਾ, "ਇਹ ਮੇਰੇ ਲਈ ਨਹੀਂ ਸੀ ਇਹ ਤੁਹਾਡੇ ਲਈ ਸੀ।ਮੈਂ ਵਿਸ਼ਵਾਸ਼ ਕਰਦਾ ਹਾਂ। ਸਮਝੇ? ਉਹ ਤਾਂ ਤੁਹਾਡੇ ਲਈ ਸੀ ਭਈ ਖੁਦਾ ਨੇ ਇਹ ਕੀਤਾ ਹੈ ਤਾਂ ਕਿ ਤੁਸੀਂ ਜਾਣ ਜਾਓ ਕਿ ਮੈਂ ਤੁਹਾਨੂੰ ਸੱਚ ਦੱਸ ਰਿਹਾ ਹਾਂ।"ਇੱਕ ਮੁੰਡਾ ਜਾਂ ਨਿਆਣਾ ਜਿਹਾ ਹੋਣ ਦੇ ਕਾਰਨ, ਲੱਗਭੱਗ ਇੱਕੀ ਸਾਲ ਦਾ ਨਿਆਣਾ ਜਿਹਾ ਹੋਣ ਕਰਕੇ, ਉਹ ਇਸਦਾ ਵਿਸ਼ਵਾਸ਼ ਨਹੀਂ ਕਰ ਸਕੇ, ਕਿਉਂਕਿ ਇੱਕ ਨਿਆਣੇ ਲਈ ਇਹ ਬਹੁਤ ਵੱਡੀ ਗੱਲ ਹੈ।ਅਤੇ ਫਿਰ ਮੈਂ ਸੋਚ ਰਿਹਾ ਸੀ ........

89 ਭਾਈ ਰੱਬਰਸਨ ਇੱਥੇ ਸਾਡੇ ਟਰੱਸਟੀਆਂ ਵਿੱਚੋਂ ਇੱਕ ਹਨ .ਮੈਂ ਉਨ੍ਹਾਂ ਨੂੰ ਥੋੜੀ ਦੇਰ ਪਹਿਲਾਂ ਹੀ ਇੱਥੇ ਵੇਖਿਆ ਸੀ।ਉਹ ਕਿਸੇ ਦੂਜੇ ਦਿਨ ਮੈਨੂੰ ਦੱਸ ਰਹੇ ਸਨ ਕਿ ਉਹ ਹਾਊਸਟਨ ਵਿੱਚ ਸਨ ਜਦ ਉਸ ਫੋਟੋ ਨੂੰ ਖਿੱਚਿਆ ਗਿਆ ਜਿਹਨੂੰ ਤੁਸੀਂ ਵੇਖ ਰਹੇ ਹੋ।ਅਤੇ ਮੈਂ ਉੱਥੇ ਸੀ .......ਉਸ ਵਾਦ-ਵਿਵਾਦ ਦੇ ਬਾਰੇ ਮੈਂ ਉਸ ਰਾਤ ਕੁਝ ਕਹਿਣ ਵਾਲਾ ਹੀ ਸੀ।ਭਾਈ ਰਾਏ ਹੀ ਇੱਕਲੇ .......ਇੱਕ ਹੋਰ ਆਦਮੀ ਦੇ ਨਾਲ ਸਨ,ਉਹ ਹੀ ਇੱਕਲੇ ਸਨ ਜਿਨ੍ਹਾਂ ਦੇ ਕੋਲ ਉਸ ਸੰਗਤੀ ਵਿੱਚ ਟੇਪ ਰਿਕਾੱਰਡ ਸੀ।ਇਹ ਉਨ੍ਹਾਂ ਪੁਰਾਣੇ ਤਾਰ ਵਾਲੇ ਰਿਕਾੱਰਡਾ ਵਿੱਚੋਂ ਇੱਕ ਸੀ।ਹੁਣ ਮੈਂ ਭਾਈ ਰਾੱਬਰਸਨ ਅਤੇ ਉਨ੍ਹਾਂ ਦੀ ਪਤਨੀ ਵੇਖਦਾ ਹਾਂ।ਅਤੇ ਉਦੋਂ ਭੈਣ ਰਾੱਬਰਸਨ ਬਿਮਾਰ ਸੀ।

90 ਭਾਈ ਰਾਏ ਇੱਕ ਤਜ਼ਰਬੇਕਾਰ ਆਦਮੀ ਸਨ।ਅਤੇ ਉਹਨਾਂ ਦੀਆਂ ਲੱਤਾਂ ਬੁਰੀ ਤਰ੍ਹਾਂ ਜ਼ਖਮੀ ਹੋ ਚੁੱਕੀਆਂ ਸਨ, ਅਤੇ ਉਨ੍ਹਾਂ ਨੇ ਉਹਨੂੰ ਮਰਨ ਲਈ ਛੱਡ ਦਿੱਤਾ ਸੀ ।ਉਹ ਫੌਜ ਵਿੱਚ ਇੱਕ ਅਫਸਰ ਸਨ।ਅਤੇ ਜਿਸ ਟੈਂਕ ਵਿੱਚ ਉਹ ਸਨ ਉਸ ਤੇ ਜਰਮਨ ਏਟ-ਏਟ (88)ਨੇ ਹਮਲਾ ਕੀਤਾ ਅਤੇ ਰਾਏ ਹੋਰਾਂ ਨੂੰ ਬਿਲਕੁੱਲ ਮਾਰ ਹੀ ਦਿੱਤਾ ਤੇ ਮੁਰਦੇ ਵਾਂਗ ਕਰਕੇ ਸੁੱਟ ਦਿੱਤਾ।ਲੋਕ ਆਖਦੇ ਸਨ ਕਿ ਉਹ ਕਦੇ ਵੀ ਚਲ ਫਿਰ ਨਾ ਸਕਣਗੇ ਕਿਉਂ ਜੋ ਦੋਨੋਂ ਲੱਤਾਂ ਦੀਆਂ ਨਾੜਾਂ ਬਿਲਕੁੱਲ ਫਟ ਗਈਆਂ ਸਨ।ਬੱਲੇ, ਹੁਣ ਤਾਂ ਉਹ ਚੱਲਦੇ ਹੋਏ ਮੈਨੂੰ ਵੀ ਪਿਛਾਂਹ ਛੱਡ ਜਾਂਦੇ ਸਨ।

91 ਪ੍ਰੰਤੂ ਇਹ ਕੀ ਸੀ? ਉੱਥੇ ਕੋਈ ਚੀਜ਼ ਸੀ ਜਿਹੜੀ ਉਨ੍ਹਾਂ ਨੇ ਵੇਖੀ ਸੀ, ਅਤੇ ਉਹ ਹਾਊਸਟਨ ਗਏ।ਅਤੇ ਉਹ ਮੈਨੂੰ ਆਪਣੀ ਪਤਨੀ ਦੇ ਬਾਰੇ ਦੱਸ ਰਹੇ ਸਨ।ਅਤੇ ਉਸਦੇ ਕੋਲ ਇੱਕ ਤਾਰ ਸੀ ; ਜਿਹੜੀ ਕਿ ਉਹ ਟੇਪ ਵਿੱਚ ਲਗਾਉਣ ਚਾਹੁੰਦੇ ਸਨ।ਜਦ ਇੱਥੇ ਸੰਗਤ ਖਤਮ ਹੋ ਜਾਵੇਗੀ ਤਾਂ ਉਹ ਤੁਹਾਨੂੰ ਟੇਪ ਚਲਾ ਕੇ ਸੁਣਾਉਣਗੇ।ਅਤੇ ਤਾਰਾਂ ਵਾਲੀ ਉਸ ਪੁਰਾਣੀ ਟੇਪ ਤੇ ਮੇਰੀਆਂ ਹਾਊਸਟਨ ਵਾਲੀਆਂ ਬੰਦਗੀਆਂ ਭਰੀਆਂ ਹੋਈਆਂ ਹਨ।ਤਦ ਉਨ੍ਹਾਂ ਦੀ ਪਤਨੀ, ਉਹ

ਕਹਿਣ ਲੱਗੇ ਕਿ ਕਿਸੇ ਦੂਸਰੇ ਦਿਨ ਤੋਂ ਪਹਿਲਾਂ ਉਨ੍ਹਾਂ ਨੇ ਆਪਣੀ ਪਤਨੀ ਵੱਲ ਧਿਆਨ ਨਹੀਂ ਦਿੱਤਾ ਕਿ ਉਸਦੀ ਹਾਲਤ ਇਸ ਤਰ੍ਹਾਂ ਹੈ।

92 ਅਤੇ ਉਹ ਬੜੀ ਦੁਖੀ ਸੀ।ਉਹ ਬਿਮਾਰ ਸੀ, ਅਤੇ ਉਹ ਦੁਆ ਦੀ ਲਾਈਨ ਵਿੱਚ ਆਉਣਾ ਚਾਹੁੰਦੀ ਸੀ।ਉਹ ਮੈਨੂੰ ਬਿਲਕੁੱਲ ਨਹੀਂ ਜਾਣਦੇ ਸਨ, ਅਤੇ ਮੈਂ ਆਪਣੀ ਜਿੰਦਗੀ ਵਿੱਚ ਉਨ੍ਹਾਂ ਨੂੰ ਪਹਿਲਾਂ ਕਦੇ ਨਹੀਂ ਵੇਖਿਆ ਸੀ।ਅਤੇ ਉਸ ਦਿਨ ਉਹ ਖਿੜਕੀ ਦੇ ਲਾਗੇ ਬੈਠੀ ਹੋਈ ਬਾਹਰ ਦੇਖ ਰਹੀ ਸੀ ਅਤੇ ਤੁਸੀਂ ਜਾਣਦੇ ਹੋ ਕਿ ਉਹ ਬਹੁਤ ਹੀ ਨਿਰਾਸ਼ ਅਤੇ ਦੁਖੀ ਸੀ ਅਤੇ ਇੱਛਾ ਕਰ ਰਹੀ ਸੀ ਕਿ ਉਸਨੂੰ ਦੁਆ ਦੀ ਕਤਾਰ ਵਿੱਚ ਜਾਣ ਲਈ ਦੁਆ ਕਾਰਡ ਮਿਲ ਜਾਵੇ।

93 ਸ਼ਾਇਦ ਉਹ ਉਸ ਰਾਤ ਜਾਂ ਅਗਲੀ ਰਾਤ ਜਾਂ ਕਿਸੇ ਹੋਰ ਰਾਤ ਨੂੰ ਦੁਆ ਦੀ ਲਾਈਨ ਵਿੱਚ ਆਈ।ਮੈਨੂੰ ਲੱਗਦਾ ਹੈ ਕਿ ਉਹ ਉਸੇ ਰਾਤ ਦੁਆ ਦੀ ਲਾਈਨ ਵਿੱਚ ਆਈ ਸੀ। ਅਤੇ ਉਹ ਦੁਆ ਦੀ ਕਤਾਰ ਵਿੰਚ ਆਈ ।ਅਤੇ ਜਦ ਉਹ ਮੰਚ ਤੇ ਆਈ ਤਾਂ ਪਵਿੱਤਰ ਆਤਮਾ ਨੇ ਉਹਨੂੰ ਦੱਸਿਆ ਕਿ, " ਤੂੰ ਇਸ ਸ਼ਹਿਰ ਦੀ ਨਹੀਂ ਹੈਂ। ਤੂੰ ਉਸ ਸ਼ਹਿਰ ਤੋਂ ਆਈਂ ਹੈਂ ਜਿਹਨੂੰ ਨਿਊ ਅਲਬਾਨੀ ਕਹਿੰਦੇ ਹਨ।" ਅਤੇ ਆਖਿਆ, "ਤੂੰ ਅੱਜ ਖਿੜਕੀ ਦੇ ਲਾਗੇ ਬੈਠੀ ਹੋਈ ਸੀ ਅਤੇ ਬਾਹਰ ਵੱਲ ਨੂੰ ਵੇਖ ਰਹੀ ਸੀ ਅਰ ਦੁਆ ਲਈ ਕਾਰਡ ਪ੍ਰਾਪਤ ਕਰਨ ਲਈ ਪ੍ਰੇਸ਼ਾਨ ਸੀ ।" ਇਹ ਸਾਲਾਂ ਪਹਿਲਾਂ ਦੀ ਘਟਨਾ ਹੈ ਜੋ ਟੇਪ ਤੇ ਹੈ।

94 ਅਤੇ ਤਦ ਸੰਗਤ ਦੇ ਸ਼ੁਰੂ ਵਿੱਚ ਜਦ ਪਵਿੱਤਰ ਆਤਮਾ ਉੱਥੇ ਹਾਜ਼ਰ ਸੀ.....ਇਹ ਪਹਿਲੀ ਸੰਗਤੀ ਹੀ ਸੀ।ਇਸ ਵਿੱਚ ਲੱਗ-ਭੱਗ ਤਿੰਨ ਹਜ਼ਾਰ ਲੋਕ ਸਨ, ਫਿਰ ਇਸਦੇ ਬਾਦ ਲੋਕਾਂ ਦੀ ਗਿਣਤੀ ਅੱਠ ਹਜਾਰ ਅਤੇ ਫਿਰ ਲੱਗ-ਭੱਗ ਤੀਹ ਹਜ਼ਾਰ ਹੋ ਗਈ ਸੀ। ਜਦ ਮੈਂ ਪਹਿਲੀ ਸਭਾ ਵਿੱਚ ੋਲ ਰਿਹਾ ਸੀ ਤਾਂ ਮੈਂ ਕਿਹਾ, "ਮੈਂ ਨਹੀਂ ਜਾਣਦਾ ਹਾਂ ਕਿ ਮੈਂ ਕਿਉਂ ਇਹ ਕਹਿ ਰਿਹਾ ਹਾਂ।" ਹੁਣ ਇਹ ਟੇਪ ਤੇ ਹੈ।ਪ੍ਰੰਤੂ ਇਹ ਮੇਰੇ ਸਮੇਂ ਦੀ ਮਹਾਨ ਘਟਨਾ ਵਿੱਚੋਂ ਇੱਕ ਹੈ।ਇਸ ਸੰਗਤ ਵਿੱਚ ਕੁਝ ਆਜਿਹਾ ਹੋਣ ਵਾਲਾ ਹੈ ਜੋ ਉਸ ਤੋਂ ਵੀ ਵੱਧ ਕੇ ਹੋਵੇਗਾ ਜੋ ਅੱਜ ਤੱਕ ਕਿਸੇ ਨੇ ਨਹੀਂ ਵੇਖਿਆ।

95 ਅਤੇ ਇਹ ਅੱਠ ਜਾਂ ਨੌਂ ਜਾਂ ਦਸ ਰਾਤਾਂ ਮਗਰੋਂ ਦੀ ਗੱਲ ਹੈ, ਜਦ ਪ੍ਰਮੇਸ਼ੁਰ ਦਾ ਦੂਤ ਲੱਗ-ਭੱਗ ਤੀਹ ਹਜਾਰ ਲੋਕਾਂ ਦੇ ਸਾਮ੍ਹਣੇ ਵਿਖਾਈ ਦਿੱਤਾ ਅਤੇ ਥੱਲੇ ਉੱਤਰਿਆ ਅਤੇ ਉਸਦੀ ਫੋਟੋ ਖਿੱਚੀ ਗਈ ਅਤੇ ਹੁਣ ਉਹ ਫੋਟੋ ਠੀਕ ਉੱਥੇ ਹੈ।ਇਹ ਫੋਟੋ ਵਸ਼ਿੰਗਟਨ ਡੀ.ਸੀ. ਵਿੱਚ ਪ੍ਰਕਾਸ਼ਨ ਦੇ ਅਧਿਕਾਰ ਦੇ ਰੂਪ ਵਿੱਚ ਇੱਕਲੀ ਹੀ ਇੱਕ ਅਜਿਹੀ ਤਸਵੀਰ ਹੈ ਜਿਸਦੀ ਸੰਸਾਰ ਵਿੱਚ ਕਦੇ ਵੀ ਤਸਵੀਰ ਨਹੀਂ ਖਿੱਚੀ ਗਈ ਸੀ।

96 ਫਿਰ ਮੈਂ ਕਹਿ ਰਿਹਾ ਸੀ, ਤੁਸੀਂ ਜਾਣਦੇ ਹੋ .......ਕੁਝ ਸਮਾਂ ਪਹਿਲਾਂ ਹਿਰਦੇ ਦੇ ਗੁਪਤ ਵਿਚਾਰਾਂ ਨੂੰ ਬੁੱਝ ਲੈਣ ਦੇ ਦੋਰਾਨ ਮੈਂ ਕਹਿ ਰਿਹਾ ਸੀ, " ਇੱਕ ਆਦਮੀ ਦੇ ਉੱਤੇ ਮੌਤ ਦੀ ਛਾਇਆ ਹੈ ।ਉਸਦੇ ਉੱਤੇ ਮੌਤ ਦਾ ਪ੍ਰਛਾਵਾਂ ਛਾਇਆ ਹੋਇਆ ਹੈ ਅਤੇ ਉਹ ਮਰਨ ਵਾਲਾ ਹੈ।"

97 ਚੜ੍ਹਦੇ ਪਾਈਨਜ ਵਿੱਚ ਜਾਂ ਮੈਂ ਸੋਚਦਾ ਹਾਂ ਲਹਿੰਦੇ ਪਾਈਨਜ ਵਿੱਚ ਤਦ ਹੋਇਆ ਸੀ ਜਦ ਮੈਂ ਉੱਥੇ ਆਖਰੀ ਸਭਾ ਵਿੱਚ ਸੀ। ਇੱਕ ਛੋਟੀ ਔਰਤ ਉੱਥੇ ਬੈਠੀ ਹੋਈ ਸੀ, ਅਤੇ ਜਦ ਮੈਂ ਇੱਕ ਕੁੜੀ ਨਾਲ ਗੱਲ ਕਰ ਰਿਹਾ ਸੀ ਤਾਂ ਕਿਸੇ ਨੇ ਉਸ ਔਰਤ ਨੂੰ ਕਿਹਾ, " ਛੇਤੀ ਦੇਣੀ ਉਹ ਤਸਵੀਰ ਖਿੱਚ ਲੈ।" ਅਤੇ ਉਹ ਤਸਵੀਰ ਬਿਲਕੁੱਲ ਓਸੇ ਤਰ੍ਹਾਂ ਦੀ ਹੀ ਸੀ। ਮੈਂ ਸੋਚਦਾ ਹਾਂ ਕਿ



274 ਹੁਣ, ਜਦ ਘੋੜਸਵਾਰ ਬਾਹਰ ਨਿੱਕਲਿਆ -ਉਸਦੇ-ਉਸਦੇ ਸਿਰ ਤੇ ਤਾਜ ਨਹੀਂ ਸੀ, ਪ੍ਰੰਤੂ ਉਸਨੂੰ ਤਾਜ ਦਿੱਤਾ ਗਿਆ ਸੀ।ਉਹ ਚਿੱਟੇ ਘੋੜੇ ਦਾ ਸਵਾਰ ਹੈ ; ਉਸਦੇ ਕੋਲ ਧਨੁੱਖ ਤਾਂ ਸੀ ਪਰ ਕੋਈ ਤੀਰ ਨਹੀਂ ਸਨ ।ਸਮਝੇ? ਇਸ ਲਈ ਫਿਰ ਉਹ ਅੱਗੇ ਵੱਧਦਾ ਹੈ .........

275 ਫਿਰ ਕੁਝ ਦੇਰ ਬਾਦ ਉਸਨੂੰ ਇੱਕ ਤਾਜ ਦਿੱਤਾ ਗਿਆ, ਕਿਉਂਕਿ ਤੁਸੀਂ ਆਤਮਾ ਦੇ ਸਿਰ ਤੇ ਤਾਜ ਨਹੀਂ ਪਹਿਨਾ ਸੱਕਦੇ ਹੋ।ਪ੍ਰੰਤੂ ਜਦੋਂ ਇਹ ਆਤਮਾ ਆਪਣੇ ਕਰਤੱਵ ਦੇ ਦੂਸਰੇ ਯੁੱਗ ਵਿੱਚ ਦੇਹਧਾਰੀ ਹੋਇਆ ਜੋ ਕਿ ਉਸਦੇ ਕੰਮ ਦਾ ਦੂਸਰਾ ਯੁੱਗ ਹੈ ਤਾਂ ਉਹ ਮਸੀਹ ਵਿਰੋਧੀ ਦੇ ਆਤਮਾ ਦੇ ਕੰਮ ਲਈ ਤਾਜ ਪਹਿਨਿਆ ਝੂਠਾ ਨਬੀ ਬਣ ਗਿਆ।ਹੁਣ ਅਸੀਂ ਵੇਖਦੇ ਹਾਂ ਜਦ ਉਹ ਦੇਹਧਾਰੀ ਹੁੰਦਾ ਹੈ ਤਾਂ ਉਹ ਉਹ ਬਣ ਜਾਂਦਾ ਹੈ ......ਉਹ ਤਾਂ ਪਹਿਲਾਂ ਤੋਂ ਹੀ ਸੀ .....ਸ਼ੈਤਾਨ ਧਰਤੀ ਦੀਆਂ ਰਾਜਨਿਤਕ ਤਾਕਤਾਂ ਨੂੰ ਨਿਯੰਤਰਣ ਵਿੱਚ ਕਰਦਾ ਹੈ।

276 ਹੁਣ ਉਹ ਇੱਕ ਅਜਿਹੀ ਜਗ੍ਹਾ ਤੇ ਆਉਂਦਾ ਹੈ ਜਿੱਥੇ ਉਹ ਇੱਕ ਵਿਸ਼ਵ ਵਿਆਪੀ ਕਲੀਸਿਯਾ ਬਣਾਉਣ ਜਾ ਰਿਹਾ ਹੈ, ਉਹ ਧਾਰਮਿਕ ਅਧਿਕਾਰ ਪ੍ਰਾਪ ਕਰਨ ਜਾ ਰਿਹਾ ਹੈ। ਮੇਰੇ ਭਾਈਓ ਕੀ ਤੁਸੀਂ ਇਸਨੂੰ ਨਹੀਂ ਸਮਝਦੇ ਹੋ, .......ਇਹ ਦੇਸ਼ ਪ੍ਰਕਾਸ਼ ਦੀ ਪੋਥੀ ਦੇ ਤੇਰਵੇਂ ਬਾਬ ਵਿੱਚ ਪ੍ਰਗਟ ਹੁੰਦਾ ਹੈ, ਇਹ ਛੋਟਾ ਜਿਹਾ ਪਸ਼ੂ ਇੱਕ ਲੇਲੇ ਵਾਂਗ ਬਾਹਰ ਨਿੱਕਲਦਾ ਹੈ । ਅਤੇ ਉਸਦੇ ਦੋ ਸਿੰਙ ਹਨ ਜਿਹੜੇ ਉਸਦੀ ਧਾਰਮਿਕ ਅਤੇ ਰਾਜਨਿਤਕ ਸ਼ਕਤੀ ਦੇ ਪ੍ਰਤੀਕ ਹਨ। ਪ੍ਰੰਤੂ ਇਹਨੇ ਉਨ੍ਹਾਂ ਕੰਮਾਂ ਨੂੰ ਹੀ ਕੀਤਾ ਜਿਹੜੇ ਇਸ ਤੋਂ ਪਹਿਲਾਂ ਪਸ਼ੂ ਨੇ ਕੀਤੇ ਸਨ।

277 ਇਹ ਬਹੁਤ ਹੀ ਅਜ਼ੀਬ ਗੱਲ ਹੈ ਕਿ ਅਮਰੀਕਾ ਦਾ ਅੰਕ ਤੇਰਾਂ ਹੈ, ਅਤੇ ਇਹ ਤੀਵੀਂ ਦਾ ਅੰਕ ਹੈ।ਇਹ ਬੜੀ ਹੀ ਅਜੀਬ ਗੱਲ ਹੈ ਕਿ ਇਹ ਪ੍ਰਕਾਸ਼ ਪੋਥੀ ਦੇ ਤੇਰਵੇਂ ਬਾਬ ਵਿੱਚ ਆਉਂਦਾ ਹੈ । ਅਸੀਂ ਆਪਣੀ ਸ਼ੁਰੂਆਤ ਤੇਰਾਂ ਝੰਡੇ ਤੇ ਤੇਰਾਂ ਧਾਰੀਆਂ ਅਤੇ ਤੇਰਾਂ ਤਾਰਿਆਂ ਨਾਲ ਕੀਤੀ ਸੀ। ਇੱਥੇ ਉੱਪਰ ਤੋਂ ਲੈ ਕੇ ਥੱਲੇ ਤੱਕ ਸੱਭ ਕੁਝ " ਤੇਰਾਂ, ਤੇਰਾਂ, ਤੇਰਾਂ, ਤੇਰਾਂ ",ਹੈ।ਇੱਥੇ ਉੱਪਰ ਤੋਂ ਲੈ ਕੇ ਥੱਲੇ ਤੱਕ ਸੱਭ ਕੁਝ "ਤੀਵੀਂ,ਤੀਵੀਂ, ਤੀਵੀਂ ", ਹੈ ।

278 ਅਤੇ ਆਖਰ ਵਿੱਚ ਇਹ ਖਤਮ ਹੋ ਜਾਵੇਗਾ। (ਮੈਂ ਤੁਹਾਨੂੰ ਅਗੇਤਰਾ ਹੀ ਦੱਸਦਾ ਹਾਂ ) ਓੜਕ ਨੂੰ ਇੱਕ ਤੀਵੀਂ ਇਸ ਤੇ ਰਾਜ ਕਰੇਗੀ।ਯਾਦ ਕਰੋ ਮੈਂ ਇਸ ਤਰ੍ਹਾਂ ਤੀਹ ਸਾਲ ਪਹਿਲਾਂ ਕਿਹਾ ਸੀ । ਅਤੇ ਜਿਹੜੀਆਂ ਸੱਤ ਗੱਲਾਂ ਦੀ ਮੈਂ ਭਵਿੱਖਬਾਣੀ ਕੀਤੀ ਸੀ ਉਨ੍ਹਾਂ ਵਿੱਚੋਂ ਪੰਜ ਪੂਰੀਆਂ ਹੋ ਚੁੱਕੀਆਂ ਹਨ।ਅਤੇ ਉਸਨੂੰ ਹੁਣ ਸੱਤਾ ਵਿੱਚ ਲਿਆਉਣ ਲਈ ਉਨ੍ਹਾਂ ਦੇ ਮਨੁੱਖ ਹਨ।ਅਤੇ ਤੁਸੀਂ ਅਪਣੀ ਰਾਜਨਿਤੀ ਦੇ ਰਾਹੀਂ ਵੋਟਾਂ ਦੁਆਰਾ ਉਸਨੂੰ ਚੁਣਦੇ ਹੋ।ਹਾਂ ਜੀ, ਇਹ ਠੀਕ ਗੱਲ ਹੈ।

279 ਕਹਿਣ ਨੂੰ ਬਹੁਤ ਕੁਝ ਹੈ, ਪ੍ਰੰਤੂ ਤੁਸੀਂ ਉਨ੍ਹਾਂ ਗੱਲਾਂ ਨੂੰ ਮੁਸ਼ਕਿਲ ਨਾਲ ਹੀ ਸਮਝੋਗੇ ਜਿਨ੍ਹਾਂ ਨੂੰ ਤੁਸੀਂ ਸਮਝਣਾ ਚਾਹੁੰਦੇ ਹੋ।ਹੁਣ ਧਿਆਨ ਦਿਓ। ਮੈਂ ਤੁਹਾਨੂੰ ਬਹੁਤ ਜਿਆਦਾ ਦੇਰ ਤੱਕ ਰੋਕ ਕੇ ਨਹੀਂ ਰੱਖਣਾ ਚਾਹੁੰਦਾ ਹਾਂ ਕਿਉਂਕਿ ਕੱਲ ਰਾਤ ਨੂੰ ਵੀ ਪ੍ਰਚਾਰ ਚਾਲੂ ਰੱਖਣਾ ਹੈ।

280 ਵੇਖੋ, ਧਿਆਨ ਦਿਓ।ਜਦ ਸ਼ੈਤਾਨ ........ਕੀ ਤੁਸੀਂ ਸਾਰੇ ਇਸ ਗੱਲ ਨੂੰ ਮੰਨਦੇ ਹੋ ਕਿ ਸ਼ੈਤਾਨ ਹੀ ਸਾਰੀਆਂ ਰਾਜਨਿਤਕ ਸ਼ਕਤੀਆਂ ਨੂੰ ਨਿਯੰਤਰਣ ਵਿੱਚ ਰੱਖਦਾ ਹੈ ? [ਸੰਗਤ ਆਖਦੀ ਹੈ, " ਆਮੀਨ।"-ਸੰਪਾ]ਉਸਨੇ ਇੰਝ ਹੀ ਆਖਿਆ ਸੀ। ਤੁਸੀਂ ਮੱਤੀ ਚਾਰ ਬਾਬ ਦੀ ਅੱਠ ਆਇਤ

ਲੱਗੀ? ਓਹ, ਉਹ ਭਰਮਾਉਣ ਵਾਲੀ ਭਿਆਨਕ ਆਤਮਾ ਹੈ ਜੋ ਤੁਸੀਂ ਇਸਨੂੰ ਪੜ੍ਹਨਾ ਚਾਹੁੰਦੇ ਹੋ ਤਾਂ ਤੁਸੀਂ ਇਸਨੂੰ ਦੂਸਰਾ ਥਸਲੁਨੀਕੀਆਂ 2:3 ਵਿੱਚ ਪੜ੍ਹ ਸੱਕਦੇ ਹੋ ਅਤੇ ਤੁਸੀਂ ਵੇਖ ਸੱਕਦੇ ਹੋ ਕਿ ਇਹ ਕਿੱਥੇ ਹੈ।

268 ਅਤੇ ਬਿਲਕੁੱਲ ਤੁਹਾਨੂੰ ਚੇਤਾ ਆ ਜਾਵੇਗਾ ਕਿ ਸ਼ੈਤਾਨ ਹੀ ਸਾਰੀਆਂ ਰਾਜਨਿਤਕ ਸ਼ਕਤੀਆਂ ਦਾ ਹਾਕਮ ਹੈ।ਕਿੰਨੇ ਇਸ ਗੱਲ ਨੂੰ ਜਾਣਦੇ ਹਨ? [ਸੰਗਤ ਆਖਦੀ ਹੈ, " ਆਮੀਨ।"-ਸੰਪਾ]ਕੀ ਤੁਸੀਂ ਇਸਨੂੰ ਲਿੱਖਣਾ ਚਾਹੁੰਦੇ ਹੋ? ਇਹ ਮੱਤੀ 4:8 ਹੈ।"ਫਿਰ ਸ਼ੈਤਾਨ ਯਿਸੂ ਨੂੰ ਇੱਕ ਬਹੁਤ ਉੱਚੇ ਪਹਾੜ ਤੇ ਲੈ ਗਿਆ ਅਤੇ ਉਸਨੇ ਉਹਨੂੰ ਪਲ ਭਰ ਵਿੱਚ ਹੀ ਇਸ ਜਗਤ ਦੀਆਂ ਸਾਰੀਆਂ ਬਾਦਸ਼ਾਹੀਆਂ ਦਾ ਜਲੋ ਵਿਖਾਇਆ, ਜਿਹੜੀਆਂ ਕਿ ਹੋ ਚੁੱਕੀਆਂ ਸਨ ਅਤੇ ਜਿਹੜੀਆਂ ਅਗਾਂਹ ਨੂੰ ਹੋਰ ਹੋਣਗੀਆਂ।" ਲੋਕਾਂ ਬਾਰੇ ਕੀ ਕਹੀਏ! ਸ਼ੈਤਾਨ ਨੇ ਕਿਹਾ, " ਜੇ ਤੂੰ ਮੇਰੀ ਭਗਤੀ ਕਰੇਂ ਤਾਂ ਮੈਂ ਉਹ ਸੱਭ ਤੈਨੂੰ ਦੇ ਦਿਆਂਗਾ।" ਅਤੇ ਯਿਸੂ ਜਾਣਦਾ ਸੀ ਕਿ ਉਹ ਉਸਨੂੰ ਪ੍ਰਾਪਤ ਕਰਨ ਲਈ ਜਾ ਰਿਹਾ ਹੈ।

269 ਇਹ ਹੀ ਉਹ ਗੱਲ ਹੈ ਜਿਹੜੀ ਉਹ ਕਰਦੇ ਹਨ, "ਕਿਉਂ, ਤੁਸੀਂ ਪਵਿੱਤਰ ਪਖੰਡੀਆਂ ਦਾ ਗਰੀਬ ਜਿਹਾ ਝੁੰਡ ਹੋ !"

270 ਕਿਉਂ, ਦੁਨੀਆਂ ਸਾਡੀ ਹੀ ਹੈ ! ਯਿਸੂ ਨੇ ਕਿਹਾ ਸੀ, " ਮਨ ਦੇ ਦੀਨ ਧਰਤੀ ਦੇ ਵਾਰਿਸ ਹੋਣਗੇ।" ਸਮਝੇ?ਵੇਖਿਆ?

271 ਧਿਆਨ ਦਿਓ, ਯਿਸੂ ਜਾਣਦਾ ਸੀ ਕਿ ਉਹ ਇਨ੍ਹਾਂ ਸੱਭਨਾਂ ਚੀਜ਼ਾਂ ਨੂੰ ਜਿਨ੍ਹਾਂ ਨੂੰ ਉਨ੍ਹਾਂ ਗੁਆ ਦਿੱਤਾ ਸੀ ਪ੍ਰਾਪਤ ਕਰਨ ਜਾ ਰਿਹਾ ਹੈ, ਇਸ ਲਈ ਉਸਨੇ ਆਖਿਆ, " ਸ਼ੈਤਾਨ ਮੇਰੇ ਕੋਲੋਂ ਦੂਰ ਚਲਾ ਜਾ।ਕਿਉਂਕਿ ਇਹ ਲਿਖਿਆ ਹੋਇਆ ਹੈ ", ਵੇਖੋ ਉਹ ਠੀਕ ਲਿਖਤਾਂ ਵੱਲ ਨੂੰ ਮੁੜਿਆ, " ਤੂੰ ਸਿਰਫ ਆਪਣੇ ਪ੍ਰਭੂ ਪ੍ਰਮੇਸ਼ੁਰ ਦੀ ਉਪਾਸਨਾ ਕਰ।" ਸਮਝੇ?

272 ਹੁਣ -ਹੁਣ ਜਦ -ਜਦ ਉਹ ਪ੍ਰਧਾਨ ਦੁਸ਼ਟ ਆਤਮਿਆਂ ਦਾ ਸਰਦਾਰ, ਇਸ ਸਰਵੋਤਮ ਧਾਰਮਿਕ ਆਦਮੀ ਵਿੱਚ ਦੇਹਧਾਰੀ ਹੋ ਜਾਂਦਾ ਹੈ ਤਾਂ ਉਹ ਆਪਣੀ ਕਲੀਸਿਯਾ ਅਤੇ ਰਾਜ ਨੂੰ ਇੱਕ ਜਗ੍ਹਾ ਇਕੱਠੇ ਕਰਦਾ ਹੈ ਜਿਵੇਂ ਕਿ ਬਾਈਬਲ ਵਿੱਚ ਨਬੂਵਤ ਕੀਤੀ ਗਈ ਹੈ। ਅਤੇ ਇਹ ਦੋਨੋਂ ਤਾਕਤਾਂ ਮਿਲ ਕੇ ਇੱਕਮੁੱਠ ਹੋ ਕੇ ਉਸ ਦੀਆਂ ਆਪਣੀਆਂ ਬਣ ਗਈਆਂ। ਵੇਖਿਆ?

273 ਜਦ ਮਸੀਹ ਵਿਰੋਧੀ ਆਤਮਾ ਅੱਗੇ ਵਧਿਆ ਸੀ ਤਾਂ ਉਹ ਇੱਕ ਆਤਮਾ ਹੀ ਸੀ।ਇਸ ਤੋਂ ਬਾਦ ਇਹ ਕੀ ਬਣ ਜਾਂਦਾ ਹੈ ? ਫਿਰ ਇਹ ਬਣ ਜਾਂਦਾ ਹੈ ........ਹੁਣ ਇਸ ਮੋਹਰ ਨੂੰ ਵੇਖੋ । ਜਦ ਇਹ ਆਤਮਾ ਅੱਗੇ ਵਧਿਆ ਤਾਂ ਇਹ ਮਸੀਹ ਵਿਰੋਧੀ ਸੀ, ਮਸੀਹ ਦੀਆਂ ਸਿੱਖਿਆਵਾਂ ਦੇ ਵਿਰੁੱਧ ਸੀ। ਇਹ ਸਹੀ ਗੱਲ ਹੈ।ਇਸ ਤੋਂ ਬਾਦ ਅਗਲਾ ਕੰਮ ਜਿਹੜਾ ਉਸਨੇ ਕੀਤਾ ..........ਜਿਹੜਾ ਮਸੀਹ ਨੇ ਆਪਣੀ ਕਲੀਸਿਯਾ ਲਈ ਕਰਨ ਨੂੰ ਠਹਿਰਾਇਆ ਸੀ, ਉਹ ਪਾਪ ਦੇ ਵਿਰੁੱਧ ਸੀ। ਪ੍ਰੰਤੂ ਇਸਨੇ ਕਿਹਾ, " ਓਹ, ਇਸਦਾ ਮਤਲਬ ਇਹ ਨਹੀਂ ਹੈ। ਇਹ ਗੱਲ ਤਾਂ ਕਿਸੇ ਦੂਜੇ ਲਈ ਸੀ।ਇਹ ਗੱਲ ਸੈਂਕੜੇ ਸਾਲਾਂ ਪੁਰਾਣੀ ਹੈ।ਇਹ ਸਾਡੇ ਲਈ ਨਹੀਂ ਹੈ।" ਸਮਝੇ? ਇਹ *ਵਿਰੋਧੀ* ਹੈ, ਜਾਣੀ "ਵਿਰੋਧਤਾ ਕਰਨਾ।" ਫਿਰ ਇਹ ਬਣ ਗਿਆ ........



ਉਹ ਤਸਵੀਰ ਸੂਚਨਾ ਬੋਰਡ ਤੇ ਲੱਗੀ ਹੋਈ ਹੋਵੇਗੀ, ਅਰ ਇਸ ਗੱਲ ਨੂੰ ਕੋਈ ਐਡਾ ਚਿਰ ਨਹੀਂ ਹੋਇਆ। ਉਸ ਫੋਟੋ ਵਿੱਚ ਉਸ ਲੜਕੀ ਦਾ ਚਿਹਰਾ ਉਸ ਕਾਲੀ ਛਾਇਆ ਨਾਲ ਪੂਰੀ ਤਰ੍ਹਾਂ ਢੱਕਿਆ ਹੋਇਆ ਸੀ।

98 ਅਤੇ ਜਿਵੇਂ ਹੀ ਪਵਿੱਤਰ ਆਤਮਾ ਨੇ ਇਹ ਐਲਾਨ ਕੀਤਾ ਕਿ, " ਤੂੰ ਚੰਗੀ ਹੋਣ ਜਾ ਰਹੀ ਹੈਂ -ਖੁਦਾ ਨੇ ਤੈਨੂੰ ਚੰਗੀ ਕਰ ਦਿੱਤਾ ਹੈ।ਕੈਂਸਰ ਚਲਾ ਗਿਆ ਹੈ।" ਓਸੇ ਵੇਲੇ ਹੀ ਉਸਨੇ ਉਸ ਲੜਕੀ ਦੀ ਫੋਟੋ ਫਿਰ ਖਿੱਚੀ, ਅਤੇ ਉਹ ਕਾਲੀ ਛਾਇਆ ਉਸਦੇ ਉੱਤੋਂ ਜਾ ਚੁੱਕੀ ਸੀ। ਬਿਲਕੁੱਲ ਇਸੇ ਤਰ੍ਹਾਂ ਹੀ ਹੋਇਆ ਸੀ। ਅਤੇ ਉਹ ਚੰਗੀ ਹੋ ਗਈ। ਸਮਝੇ? ਇਸੇ ਤਰ੍ਹਾਂ ਹੀ ਹੋਇਆ ਸੀ।ਸਮਝੇ?

99 ਅਜਿਹਾ ਕੇਵਲ ਇਸ ਲਈ ਹੁੰਦਾ ਹੈ ਕਿ ਸਾਨੂੰ ਇਹ ਵਿਖਾਇਆ ਜਾਵੇ ਕਿ ਖੁਦਾ ਜਾਣਦਾ ਹੈ ਕਿ ਇਹ ਦਿਨ ਦਾ ਕਿਹੜਾ ਸਮਾਂ ਹੈ । ਪ੍ਰੰਤੂ ਅਸੀਂ ਨਹੀਂ ਜਾਣਦੇ ਹਾਂ।ਸਾਨੂੰ ਤਾਂ ਬੱਸ ਉਸਦੀ ਪਾਲਨਾ ਕਰਨੀ ਚਾਹੀਦੀ ਹੈ।

100 ਹੁਣ ਅਸੀਂ ਬੋਲਣ ਨੂੰ ਜੁਟੇ ਰਹਿ ਸੱਕਦੇ ਹਾਂ, ਪ੍ਰੰਤੂ ਆਓ ਹੁਣ ਅਸੀਂ ਥੋੜੀ ਦੇਰ ਲਈ ਪਿੱਛੇ ਚੱਲੀਏ ਅਤੇ ਪਹਿਲੀ ਮੋਹਰ ਨੂੰ ਵੇਖੀਏ ਤਾਂ ਕਿ ਅਸੀਂ ਇਸਨੂੰ ਇਸਦੇ ਨਾਲ ਜੋੜ ਸਕੀਏ। ਹੁਣ ਅਸੀਂ ਬਸ ਥੋੜੀ ਦੇਰ ਲਈ ਪਹਿਲੀ ਮੋਹਰ ਨੂੰ ਵੇਖੀਏ।

101 ਅਸੀਂ ਪਹਿਲੀ ਮੋਹਰ ਦੇ ਖੁੱਲ੍ਹਣ ਸਮੇਂ ਵੇਖਿਆ ਸੀ ਕਿ ਸ਼ੈਤਾਨ ਦਾ ਪੁਰਖ ਇੱਕ ਬਹੁਤ ਵੱਡਾ ਧਰਮੀ ਪੁਰਖ ਹੈ।ਕੀ ਤੁਸੀਂ ਉਸ ਚਿੱਟੇ (ਕੁੱਲੇ) ਘੋੜੇ ਦੇ ਸਵਾਰ ਤੇ ਧਿਆਨ ਦਿੱਤਾ ਹੈ? ਇਹ ਸੋਚਿਆ ਜਾਂਦਾ ਸੀ ਕਿ ਉਹ ........ਉਸਦੇ ਬਾਰੇ ਵਿੱਚ ਲੋਕ ਸੋਚਦੇ ਹਨ ਕਿ ਉਹ ਸ਼ੁਰੂ ਦੀ ਕਲੀਸਿਯਾ ਹੈ ਜੋ ਅੱਗੇ ਵੱਧਦੀ ਹੈ।ਇਸ ਤਰ੍ਹਾਂ ਸਾਲਾਂ ਤੋਂ ਸਿਖਾਇਆ ਜਾ ਰਿਹਾ ਹੈ ਪ੍ਰੰਤੂ ਇਸ ਤਰ੍ਹਾਂ ਨਹੀਂ ਹੋ ਸੱਕਦਾ । ਤੁਸੀਂ ਬਸ ਵੇਖਿਓ ਜਦੋਂ ਬਾਕੀ ਸਾਰਿਆਂ ਨੂੰ ......ਜਦ ਅਸੀਂ ਉਨ੍ਹਾਂ ਸਾਰਿਆਂ ਨੂੰ ਇੱਕ ਥਾਂ ਇਕੱਠਾ ਕਰ ਦਿੰਦੇ ਹਾਂ, ਤਾਂ ਤੁਸੀਂ ਦੇਖਿਓ ਕਿ ਇਹ ਕਿੱਥੇ ਹੈ।ਹੁਣ ਮੈਂ ਨਹੀਂ ਜਾਣਦਾ ਹਾਂ ਕਿ ਉਹ ਬਾਕੀ ਮੋਹਰਾਂ ਕੀ ਹਨ ਪ੍ਰੰਤੂ ਉਨ੍ਹਾਂ ਨੇ ਤਾਂ ਪੂਰਨ ਸਿੱਧਤਾ ਵਿੱਚ ਆਉਣਾ ਹੈ ਕਿਉਂਕਿ ਇਹ ਸੱਚਾਈ ਹੈ।ਇਹ ਸੱਚ ਹੈ ।ਉਹ ਕੁੱਲੇ ਘੋੜੇ ਦਾ ਸਵਾਰ ਅਸਲ ਵਿੱਚ ਰੋਮਨ ਗਿਰਜੇ ਦਾ ਪਾਦਰੀ ਸਮਾਜ ਹੈ।

102 ਉਹ ਲੋਕ ਜਿਹੜੇ ਇਹ ਸੋਚਦੇ ਹਨ ਕਿ ਯਹੂਦੀ ਮਸੀਹ ਵਿਰੋਧੀ ਹਨ ਉਹ ਪੱਕਾ ਉਸ ਰਾਹ ਤੋਂ ਲੱਖਾਂ ਮੀਲ ਦੂਰ ਹਨ।ਤੁਸੀਂ ਕਦੇ ਵੀ ਇਹ ਨਾ ਸੋਚਿਓ ਕਿ ਯਹੂਦੀ ਮਸੀਹ ਵਿਰੋਧੀ ਹਨ।ਉਨ੍ਹਾਂ ਦੀਆਂ ਅੱਖਾਂ ਤਾਂ ਇਸ ਲਈ ਬੰਦ ਕੀਤੀਆਂ ਗਈਆਂ ਸਨ ਤਾਂ ਕਿ ਸਾਨੂੰ ਅੰਦਰ ਜਾਣ ਦਾ ਰਾਹ ਮਿਲ ਸਕੇ, ਤਾਂ ਕਿ ਸਾਨੂੰ ਤੋਬਾ ਦਾ ਮੋਕਾ ਮਿਲ ਸਕੇ।

103 ਪ੍ਰੰਤੂ ਮਸੀਹ ਵਿਰੋਧੀ ਪਰਾਈਆਂ ਜਾਤੀਆਂ ਵਿੱਚੋਂ ਇੱਕ ਹੈ।ਬਿਲਕੁੱਲ ਇਸੇ ਤਰ੍ਹਾਂ ਹੀ ਹੈ।ਇਹ ਤਾਂ ਸੱਚਾਈ ਦੀ ਨਕਲ ਕਰਨ ਵਾਲਾ ਹੈ; *ਵਿਰੋਧੀ* (ANTI) ਸ਼ਬਦ ਦਾ ਅਰਥ ਹੈ (AGAINST) "*ਵਿਪਰੀਤ ਜਾਂ ਮੁਕਾਬਲੇ ਵਿੱਚ*" ਹੁਣ, ਇਹ ਮਹਾਨ ਆਦਮੀਂ (ਸੁਪਰਮੈਨ) ਕਿਸ ਤਰ੍ਹਾਂ ਵੱਡਾ ਮਨੁੱਖ ਬਣਦਾ ਹੈ -ਅਤੇ ਫਿਰ ਆਖਰ ਵਿੱਚ ਉਹ ਸਿੰਘਾਸਣ ਤੇ ਬੈਠਦਾ ਹੈ।ਅਤੇ ਫਿਰ ਸਿੰਘਾਸਣ ਤੇ ਬੈਠਣ ਤੋਂ ਬਾਦ ਉਸਨੂੰ ਤਾਜ ਪਹਿਨਾਇਆ ਜਾਂਦਾ ਹੈ।ਅਤੇ ਫਿਰ ਇਸ ਤੋਂ ਬਾਦ ਉਸਦੀ ਪ੍ਰਮੇਸ਼ੁਰ ਦੇ ਥਾਂ ਤੇ ਪੂਜਾ ਹੁੰਦੀ ਹੈ।

104 ਹੁਣ, ਵੇਖੋ, ਇਸ ਤੋਂ ਪਹਿਲਾਂ ਕਿ ਅਸੀਂ ਉਸ ਤੇ ਜਾਈਏ । ਮੈਂ ਤੁਹਾਥੋਂ ਕੁਝ ਪੁੱਛਣਾ ਚਾਹੁੰਦਾ ਹਾਂ। ਉਹ ਕੌਣ ਸੀ? ਉਹ ਕੌਣ ਸੀ ਜਿਹਦੇ ਬਾਰੇ ਵਿੱਚ ਪੌਲੁਸ 2 ਥੱਸਲੁਨੀਕੀਆ 2:3 ਵਿੱਚ ਜ਼ਿਕਰ ਕੀਤਾ ਹੈ, ਕਿ ਉਹ ਪੁਰਖ ਆਏਗਾ? ਇਸ ਮਨੁੱਖ ਪੌਲੁਸ ਨੇ ਕਿਉਂ ਅਪਣੇ ਯੁੱਗ ਵਿੱਚ ਰਹਿ ਕੇ ਅਗਾਂਹ ਦੀ ਵੱਲ ਵੇਖਿਆ ਸੀ ਅਤੇ ਇਹ ਵੇਖਿਆ?ਕਿਉਂਕਿ ਉਹ ਪ੍ਰਮੇਸ਼ੁਰ ਦਾ ਨਬੀ ਸੀ।ਯਕੀਨਨ ਉਹ ਨਬੀ ਸੀ। ਕਿਉਂ ਉਸਨੇ ..........

105 ਉਸਨੇ ਆਖਿਆ, " ਆਤਮਾ ਸਾਫ-ਸਾਫ ਦੱਸਦਾ ਹੈ ਕਿ, "ਅੰਤ ਦੇ ਦਿਨਾਂ ਵਿੱਚ ਲੋਕ ਨਿਹਚਾ ਤੋਂ ਫਿਰ ਜਾਣਗੇ ਅਤੇ ਭਰਮਾਉਣ ਵਾਲੀਆਂ ਰੂਹਾਂ ਦੀ ਸਿੱਖਿਆ ਪਿੱਛੇ ਚਿੱਤ ਲਗਾਉਣਗੇ ......" ਤੁਸੀਂ ਜਾਣਦੇ ਹੀ ਹੋ ਕਿ *ਭਰਮਾਉਣ ਵਾਲੀ ਰੂਹ* ਕੀ ਹੁੰਦੀ ਹੈ । ਕਲੀਸਿਯਾ ਵਿੱਚ ਜਿਹੜੀ ਭਰਮਾਉਣ ਵਾਲੀ ਰੂਹ ਹੈ ਉਹ ਪਾਦਰੀ ਵਰਗ ਹੈ। " ਭਰਮਾਉਣ ਵਾਲੀ ਪਾਦਰੀ ਵਰਗ ਦੀ ਆਤਮਾ ਹੈ ਜਿਹੜੀ ਦੁਸ਼ਟ ਦੇ ਕੰਮ ਕਰਦੀ ਹੈ; ਕਲੀਸਿਯਾ ਵਿੱਚ ਪਖੰਡ ਕਰਦੀ ਹੈ।

106 ਤੁਸੀਂ ਵੇਖੋ, ਕਿ ਉਹ ਢੀਠ, ਘੁਮੰਡੀ, ਚਲਾਕ, ਬੁੱਧੀਵਾਲੇ, ਭਗਤੀ ਦਾ ਰੂਪ ਧਾਰਨ ਕਰਨ ਵਾਲੇ ਹਨ।" (ਬਸ ਕਹਿੰਦੇ ਹਨ, " ਅੱਛਾ, ਅਸੀਂ ਮਸੀਹੀ ਹਾਂ, ਸਾਨੂੰ ਗਿਰਜੇ ਜਾਣਾ ਚਾਹੀਦਾ ਹੈ।") "ਭਗਤੀ ਦਾ ਰੂਪ ਧਾਰ ਕੇ, ਪ੍ਰੰਤੂ ਪ੍ਰਕਾਸ਼ ਦੇ ਇਨਕਾਰੀ, ਆਤਮਾ ਦੀ ਸ਼ਕਤੀ ਅਤੇ ਉਹਦੇ ਕੰਮਾਂ ਦੇ ਇਨਕਾਰੀ ਹਨ ; ਅਜਿਹਿਆਂ ਤੋਂ ਪਰੇ ਰਹੋ।" ਸਮਝੇ ? ਹੁਣ ਧਿਆਨ ਦਿਓ, ਪੌਲੁਸ ਨੇ ਕਿਹਾ, ਇਨ੍ਹਾਂ ਵਿੱਚ ਉਹ ਲੋਕ ਹਨ ਜਿਹੜੇ ਘਰੋ-ਘਰੀ ਜਾ ਕੇ ਉਨ੍ਹਾਂ ਛਛੋਰੀਆਂ ਤੀਵੀਆਂ ਨੂੰ ਮੋਹ ਲੈਂਦੇ ਹਨ......" ਇੱਥੇ ਪੌਲੁਸ ਦਾ ਮਤਲਬ ਪਵਿੱਤਰ ਆਤਮਾ ਪਾਈਆਂ ਹੋਈਆਂ ਤੀਵੀਆਂ ਤੋਂ ਨਹੀਂ ਹੈ ।ਬਲਕਿ ਛਛੋਰੀਆਂ ਤੀਵੀਆਂ ਜਿਹੜੀਆਂ ਹਰ ਤਰ੍ਹਾਂ ਦੀਆਂ ਗੰਦੀਆਂ ਕਾਮਨਾਵਾਂ ਦੇ ਵੱਸ ਵਿੱਚ ਹਨ।"

107 ਨਾਨਾ ਪ੍ਰਕਾਰ ਦੀਆਂ ਗੰਦੀਆਂ ਕਾਮਨਾਵਾਂ !ਉਹ ਹਰ ਉਸ ਕਾਮਨਾ ਵਿੱਚ ਘੁਸ ਜਾਂਦੀਆਂ ਹਨ ਜਿਸ ਵਿੱਚ ਉਹ ਘੁਸ ਸੱਕਦੀਆਂ ਹੋਣ, ਅਤੇ ਹਰ ਤਰ੍ਹਾਂ ਦੇ ਸਮਾਜਾਂ ਵਿੱਚ ਘੁਸਣਾ ਪਸੰਦ ਕਰਦੀਆਂ ਹਨ ; ਅਤੇ ਕਿਸੇ ਵੀ ਢੰਗ ਦਾ ਜੀਵਨ ਬਤੀਤ ਕਰਦੀਆਂ ਹਨ, ਅਤੇ ਫਿਰ ਵੀ, " ਅਸੀਂ ਗਿਰਜੇ ਜਾਂਦੀਆਂ ਹਾਂ।ਅਸੀਂ ਵੀ ਦੂਸਰਿਆਂ ਦੇ ਵਾਂਗ ਠੀਕ ਹਾਂ।" ਨੱਚਣਾ, ਪਾਰਟੀਆਂ ਵਿੱਚ ਜਾਣਾ, ਵਾਲ ਕਟਾਉਣੇ, ਸੁਰਖੀ -ਬਿੰਦੀ ਲਾਉਣੀ, ਜਿਸ ਤਰ੍ਹਾਂ ਦੇ ਚਾਹੁਣ ਕੱਪੜੇ ਪਾਉਂਦੀਆਂ ਹਨ, ਅਤੇ ਫਿਰ ਵੀ ਕਹਿੰਦੀਆਂ ਹਨ, "ਅਸੀਂ ਪੈਂਟੀਕਾਸਟਲ ਹਾਂ।ਅਸੀਂ ਬਾਕੀਆਂ ਵਾਂਗ ਹੀ ਚੰਗੀਆਂ ਹਾਂ।" ਔਹ! ਤੁਹਾਡੇ ਆਪਣੇ ਕੰਮ ਹੀ ਤੁਹਾਡੀ ਪਛਾਣ ਹਨ।ਧਿਆਨ ਦਿਓ।

108 ਪ੍ਰੰਤੂ ਉਸਨੇ ਆਖਿਆ, " ਇਹ ਤਾਂ ਉਹ ਲੋਕ ਹਨ ਜਿਨ੍ਹਾਂ ਦੀ ਬੁੱਧੀ ਭ੍ਰਿਸ਼ਟ ਹੋਈ ਹੋਈ ਹੈ, ਅਤੇ ਸੱਚਾਈ ਤੋਂ ਨਿਕੰਮੇ ਹਨ।" ਸੱਚਾਈ ਕੀ ਹੈ?ਵਚਨ ਸੱਚਾਈ ਹੈ ਜੋ ਕਿ ਮਸੀਹ ਹੈ।" ਸੱਚਾਈ ਦੇ ਬਾਰੇ ਵਿੱਚ ਨਿਕੰਮੇ ਹਨ।"

109 "ਔਹ, ਤੁਸੀਂ ਮੇਰੇ ਬਾਰੇ ਕਹਿੰਦੇ ਹੋ .......ਤੁਸੀਂ ਤੀਵੀਆਂ ਨੂੰ ਦੋੜਾ ਦੇਣ ਵਾਲੇ ਹੋ ।ਤੁਸੀਂ ਤੀਵੀਆਂ ਨਾਲ ਨਫਰਤ ਕਰਦੇ ਹੋ । ਤੁਸੀਂ *ਇਹ* ਕਰਦੇ ਹੋ ਤੁਸੀਂ *ਉਹ* ਕਰਦੇ ਹੋ ।"

110 ਨਹੀਂ ਸ਼੍ਰੀਮਾਨ ਜੀ।ਇਹ ਗੱਲ ਠੀਕ ਨਹੀਂ ਹੈ।ਇਹ ਹੈ- ਇਹ ਝੂਠ ਹੈ।ਮੈਂ ਤੀਵੀਆਂ ਨੂੰ ਨਫਰਤ ਨਹੀਂ ਕਰਦਾ ਹਾਂ ।ਨਹੀਂ ਜੀ, ਸ਼੍ਰੀਮਾਨ।ਉਹ ਤਾਂ ਮੇਰੀਆਂ ਭੈਣਾਂ ਹਨ, ਜੇ ਉਹ ਭੈਣਾਂ ਹਨ।ਪ੍ਰੰਤੂ ਗੱਲ ਇਹ ਹੈ ਕਿ ਮੈਂ ..........

264 ਹੁਣ, ਇਸ ਲਈ ਰੋਅਬ ਅਤੇ ਸ਼ਾਨ ਵਾਲੇ ਤੇ ਵਧੀਆ ਬਸਤਰਾਂ ਵਾਲੇ ਅਤੇ ਪੜ੍ਹੇ ਲਿਖੇ ਲੋਕ, ਤੁਸੀਂ ਜਾਣਦੇ ਹੋ ਕਿ ਇਸ ਤਰ੍ਹਾਂ ਦੇ ਲੋਕ ਆਖਰ ਆ ਹੀ ਵੜਦੇ ਹਨ, "ਇੱਕ ਜਿਹੇ ਪਰਾਂ ਵਾਲੇ ਪੰਛੀ, ਅਸੀਂ ਸਾਰਿਆਂ ਨੂੰ ਇੱਕ ਜਗ੍ਹਾ ਮਿਲਾ ਲਵਾਂਗੇ।ਅਤੇ ਜੇ ਉਸ ਗਰੀਬ ਝੁੰਢ ਨੂੰ ਠੋਕਰ ਲੱਗਦੀ ਹੈ ਤਾਂ ਲੱਗਣ ਦਿਓ ਜੇ ਉਹ ਅਲੱਗ ਹੋਣਾ ਚਾਹੁੰਦੇ ਹਨ ਤਾਂ ਹੋ ਜਾਣ ।ਉਨ੍ਹਾਂ ਨਾਲੋ ਚੰਗੇ ਲੋਕ ਜੋ ਸਾਡੇ ਗਿਰਜੇ ਵਿੱਚ ਆਉਣ ਲੱਗ ਪਏ ਹਨ।ਜੇ ਅਸੀਂ ਇਨ੍ਹਾਂ ਲੋਕਾਂ ਤੋਂਵੱਖ ਹੋ ਕੇ ਇੱਕ ਜਗ੍ਹਾ ਮਿਲ ਜਾਵਾਂਗੇ ਤਾਂ ਸਾਡਾ ਝੁੰਢ ਤਾਂ ਬਸ ਰਾਜ ਮਿਸਤਰੀਆਂ ਦਾ ਝੁੰਢ ਹੀ ਆਖਵਏਗਾ ।ਅਸੀਂ ਸੱਭਨਾਂ ਗੱਲਾਂ ਦਾ ਸੁਧਾਰ ਕਰਾਂਗੇ ਨਹੀਂ ਤਾਂ ਸਾਡੀ ਸੰਗਤੀ ਤਾਂ ਅਜੀਬ ਜਿਹੇ ਲੋਕਾਂ ਦਾ ਝੁੰਢ ਹੀ ਬਣ ਜਾਵੇਗੀ।" ਅਤੇ ਇਸ ਲਈ ਹੁਣ .......ਹੁਣ ਅਜੀਬ ਲੋਕਾਂ ਦਾ ਟੋਲਾ ਨਹੀਂ ਹਾਂ ........ਪ੍ਰੰਤੂ ਤੁਸੀਂ ਜਾਣਦੇ ਹੋ ਕਿ ਮੇਰੇ ਕਹਿਣ ਦਾ ਕੀ ਮਤਲਬ ਹੈ।ਪਰ ਉਹਨਾਂ ਦੀ ਇਹ ਹਰਕਤ ਇੱਕ ਸੱਚੇ ਵਿਸ਼ਵਾਸ਼ੀ ਦੀ ਨਿਗਾਹ ਵਿੱਚ ਬੁਰੀ ਹੈ।ਪ੍ਰੰਤੂ ਦੂਸਰੇ ਸ਼ਬਦਾਂ ਵਿੱਚ ਉਸਨੇ ਕਿਹਾ ਹੋਵੇਗਾ, " ਅਸੀਂ ਤਾਂ ਇੱਕ ਛੋਟੀ ਜਿਹੀ ਕਲੀਸਿਯਾ ਚਾਹੁੰਦੇ ਹਾਂ ਜਿਹਨੂੰ ਅਸੀਂ ਅਪਣੀ ਕਹਿ ਸਕੀਏ, ਵੇਖਿਆ ਕਿੰਨੀ ਮਸੂਮ ਵਿਚਾਰਧਾਰਾ ਹੈ।" ਭਾਈਓ ਇਹ ਸੱਚ ਹੈ ਕਿ ਸਾਡੇ ਦਿਲ ਵਿੱਚ ਤੁਹਾਡੇ ਲਈ ਕੋਈ ਵੀ ਬੁਰੀ ਗੱਲ ਨਹੀਂ ਹੈ ।ਤੁਸੀਂ ਆਪਣੀ ਜਗ੍ਹਾ ਤੇ ਠੀਕ ਹੋ, ਪਰ ਤੁਸੀਂ ਜਾਣਦੇ ਹੋ ਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਸਾਡੇ ਕੋਲ ਆਪਣੇ ਵਿਉਪਾਰ ਹਨ ਅਤੇ ਇਸੇ ਤਰ੍ਹਾਂ ਹੀ ਸੱਭ ਕੰਮ ਹਨ, ਜੇ ਅਸੀਂ ਆਪਸ ਵਿੱਚ ਇੱਕ ਹੋ ਜਾਈਏ ।" ਸਮਝ ਲੱਗੀ? ਅਤੇ ਇਹ ਵਿਚਾਰਧਾਰਾ ਚੱਲਦੀ ਰਹੀ ਜਦ ਤੱਕ ਕਿ ਉਹ ਸਾਰੇ ਇੱਕ ਨਾ ਹੋ ਗਏ, ਹਾਂ, ਸ਼੍ਰੀਮਾਨ ਜੀ ।

265 ਪਰ ਜਦ ਇਹ ਭਿਆਨਕ ਧੋਖੇਬਾਜ ਆਤਮਾ (ਔਹ, ਆਦਮੀ) ਜਦ ਇਹ ਮੱਤ ਰੂਪੀ ਆਤਮਾ ਮਸੀਹ ਦੀ ਥਾਂ ਲੈਣ ਲਈ ਇੱਕ ਮਨੁੱਖ ਵਿੱਚ ਦੇਹਧਾਰੀ ਹੋ ਗਈ ।ਤਦ ਇਹਦੀ ਭਗਤੀ ਮਸੀਹ ਵਾਂਗ ਹੋਣੀ ਜਰੂਰੀ ਸੀ, ਫਿਰ ਇਸਦੀ ਭਗਤੀ ਮਸੀਹ ਵਾਂਗੂ ਹੋਣ ਲੱਗੀ।ਦੂਸਰੇ ਸ਼ਬਦਾਂ ਵਿੱਚ ਵੈਟੀਕਨ ਵਿੱਚ .....ਮੈਂ ਉੱਥੇ ਜਾ ਕੇ ਆਇਆਂ ਹਾਂ।ਉੱਥੇ "ਵਿਕਾਰਿਅਸ ਫਿਲੀ ਡੇਈ" (VICARIVS FILII DEI) ਲਿਖਿਆ ਹੋਇਆ ਹੈ, ਅਤੇ ਇਹ ਰੋਮਨ ਅੱਖਰਾਂ ਵਿੱਚ ਲਿਖਿਆ ਹੋਇਆ ਹੈ। ਤੁਸੀਂ ਰੋਮਨ ਅੰਕਾਂ ਦੇ ਥੱਲੇ ਇੱਕ ਲਈਨ ਖਿੱਚੋ। ਅਤੇ ਇਹਦਾ ਅਰਥ ਹੈ, " ਪ੍ਰਮੇਸ਼ੁਰ ਦੇ ਪੁੱਤਰ ਦੀ ਜਗ੍ਹਾ ਤੇ ।" ਉਹ, ਦੂਜਿਆਂ ਸ਼ਬਦਾਂ ਵਿੱਚ ਉਹ ਵਿਕਾਰ ਅਥਵਾ ਕਿਸੇ ਦੀ ਥਾਂ ਮੱਲਣ ਵਾਲਾ ਹੈ।ਤੁਸੀਂ ਜਾਣਦੇ ਹੋ ਵਿਕਾਰ ਸ਼ਬਦ ਦਾ ਅਰਥ ਕੀ ਹੈ।ਉਹ ਕਿਸੇ ਦੀ ਥਾਂ ਲੈਂਦਾ ਹੈ।ਉਹ ਵਿਕਾਰ ਹੈ ਜਿਹਨੇ "ਪਰਮੇਸ਼ੁਰ ਦੇ ਪੁੱਤਰ ਦੀ ਥਾਂ ਮੱਲੀ ਹੋਈ ਹੈ।"

266 ਅਤੇ ਬਾਈਬਲ ਕਹਿੰਦੀ ਹੈ, " ਜਿਹਦੇ ਕੋਲ ਬੁੱਧ ਦਾ ਦਾਨ ਹੋਵੇ ਉਹ ਉਸ ਪਸ਼ੂ ਦੇ ਅੰਕਾਂ ਨੂੰ ਗਿਣ ਲਵੇ, ਕਿਉਂ ਜੋ ਉਹ ਅੰਕ ਆਦਮੀ ਦਾ ਹੈ ਅਤੇ ਉਸਦਾ ਅੰਕ 666 ਹੈ ।ਹੁਣ ਤੁਸੀਂ ਵਿਕਾਰਿਅਸ ਫਿਲੀ ਡੇਈ ਨੂੰ ਲਵੋ ਅਤੇ ਉਸਦੇ ਥੱਲੇ ਇੱਕ ਰੇਖਾ ਖਿੱਚ ਕੇ ਇਨ੍ਹਾਂ ਰੋਮਨ ਅੰਕਾਂ ਨੂੰ ਗਿਣੋ, Vਪੰਜ ਲਈ ਅਤੇ I ਇੱਕ ਲਈ ਪ੍ਰਯੋਗ ਹੁੰਦੀ ਹੈ ........ਇਸੇ ਤਰ੍ਹਾਂ ਇਨ੍ਹਾਂ ਅੰਕਾਂ ਨੂੰ ਜੋੜਦੇ ਜਾਓ ਅਤੇ ਵੇਖੋ ਕੀ ਤੁਹਾਨੂੰ ਛੇ ਸੋ ਛਿਹਾਠ ਨਹੀਂ ਮਿੱਲਦਾ ਹੈ।

267 ਬਾਈਬਲ ਕਹਿੰਦੀ ਹੈ ਕਿ, " ਉਹ ਪਰਮੇਸ਼ੁਰ ਦੇ ਮੰਦਰ ਵਿੱਚ ਬੈਠੂ ਅਤੇ ਉਸਦੀ ਭਗਤੀ ਪਰਮੇਸ਼ੁਰ ਵਾਂਗ ਹੋਵੇਗੀ। ਜਦ ਉਹ ਛੋਟਾ ਜਿਹਾ ਮੱਤ ਮਨੁੱਖ ਵਿੱਵ ਦੇਹਧਾਰੀ ਹੋ ਜਾਂਦਾ ਹੈ ਤਾਂ ਉੜਕ ਨੂੰ ਇਹ ਵਿਕਾਰ ਅਰਥਾਤ "ਪਰਮੇਸ਼ੁਰ ਦੇ ਪੁੱਤਰ ਦੀ ਜਗ੍ਹਾ ਤੇ " ਬਣ ਜਾਂਦਾ ਹੈ।ਸਮਝ

259. ਅਸੀਂ ਹੁਣੇ ਵੇਖਿਆ ਕਿ ਲੜਾਈਆਂ ਅਤੇ ਲੜਾਈਆਂ ਦੀਆਂ ਅਵਾਈਆਂ ਉੱਡਣਗੀਆਂ।ਤੇ ਹੁਣ ਅਸੀਂ ਵੇਖਦੇ ਹਾਂ ਕਿ ਹੰਜੀਰ ਦਾ ਰੁੱਖ ਆਪਣੀਆਂ ਟਹਿਣੀਆਂ ਕੱਢ ਚੁੱਕਿਆ ਹੈ। ਅਤੇ ਦੂਸਰੇ ਰੁੱਖਾਂ ਉੱਤੇ ਵੀ ਕੂੰਬਲੀਆਂ ਲੱਗਣ ਲੱਗੀਆਂ ਹਨ।ਮੈਥੋਡਿਸਟ, ਬੈਪਟਿਸਟ, ਪ੍ਰੈਸਬਾਈਟੇਰੀਅਨ ਅਤੇ ਬਾਕੀ ਸਾਰਿਆਂ ਤੇ ਕਰੂੰਬਲਾਂ ਲੱਗ ਗਈਆਂ ਹਨ ਅਤੇ ਇੱਕ ਵੱਡੀ ਬੇਦਾਰੀ ਚੱਲਦੀ ਪਈ ਹੈ।

260 ਹੁਣ ਮੈਂ ਵਿਸ਼ਵਾਸ਼ ਕਰਦਾ ਹਾਂ ਕਿ ਪਰਮੇਸ਼ੁਰ ਉਸ ਆਖਰੀ ਸਮੇਂ ਲਈ ਦੁਲਹਨ ਨੂੰ, ਚੁਣਿਆਂ ਹੋਇਆਂ ਨੂੰ ਇਕੱਠਾ ਕਰ ਰਿਹਾ ਹੈ। ਹੇ ਮੇਰੇ ਖੁਦਾ !ਹੁਣ ਧਿਆਨ ਦਿਓ।

261 ਆਓ ਅਸੀਂ ਹੁਣ ਉਨ੍ਹਾਂ ਗੱਲਾਂ ਤੇ ਧਿਆਨ ਦੇਈਏ ਜਿਹੜੀਆਂ ਯੂਹੰਨਾ ਨੇ ਵੇਖੀਆਂ ਸਨ।ਉਸਨੇ ਵੇਖਿਆ ਕਿ ਇੱਕ ਲਾਲ ਘੋੜਾ ਹੈ ਅਤੇ ਉਸਦਾ ਸਵਾਰ ਅੱਗੇ ਵੱਧਦਾ ਹੈ, ਉਸਨੂੰ ਇਹ ਅਧਿਕਾਰ ਦਿੱਤਾ ਗਿਆ ਕਿ ਉਹ ਉਸ ਵੱਡੀ ਤਲਵਾਰ ਨਾਲ ਕਤਲ ਕਰੇ।" ਹੁਣ ਇਸ ਤੇ ਮੇਰਾ ਪ੍ਰਕਾਸ਼ ਇਸ ਤਰ੍ਹਾਂ ਹੈ।ਇਹ ਫਿਰ ਸ਼ੈਤਾਨ ਹੈ।ਇਹ ਫਿਰ ਦੁਬਾਰਾ ਸ਼ੈਤਾਨ ਹੈ ਪਰ ਦੂਸਰੇ ਰੂਪ ਵਿੱਚ ਹੈ। ਹੁਣ, ਅਸੀਂ ਜਾਣਦੇ ਹਾਂ ਮੋਹਰਾਂ ਦਾ ਸਬੰਧ ਹੈ ......ਜਿਵੇਂ ਕਿ ਮੈਂ ਕਿਸੇ ਦੂਜੀ ਰਾਤ ਕਿਹਾ ਸੀ।ਅਰ ਤੁਸੀਂ ਵੇਖੋ ਕਿ ਤੁਰ੍ਹੀਆਂ ਦਾ ਸਬੰਧ ਘਰੇਲੂ ਜੰਗਾਂ ਤੋਂ ਹੈ ਜਿਹੜੀਆਂ ਲੋਕਾਂ ਅਤੇ ਕੌਮਾਂ ਅੰਦਰ ਲੱਗਦੀਆਂ ਹਨ, ਪਰ ਕਿਉਂ ਜੋ ਉਸਦੇ ਹੱਥ ਵਿੱਚ ਇਕ ਵੱਡੀ ਕਿਰਪਾਨ ਹੈ ਇਸ ਲਈ ਇਸਦਾ ਸਬੰਧ ਕਲੀਸਿਯਾ ਨਾਲ ਹੈ, ਇਸਦਾ ਮਤਲਬ ਰਜਿਨਿਤਕ ਯੁੱਧ ਹੈ।ਹੋ ਸੱਕਦਾ ਹੈ ਤੁਸੀਂ ਇਸ ਤਰ੍ਹਾਂ ਨਾ ਸੋਚਦੇ ਹੋਵੋਂ ਪਰ ਤੁਸੀਂ ਇਸ ਤੇ ਇੱਕ ਮਿੰਟ ਵਾਸਤੇ ਧਿਆਨ ਦਿਓ, ਬਸ ਕੁਝ ਕੁ ਪਲਾਂ ਲਈ ਇਸ ਤੇ ਧਿਆਨ ਦਿਓ।

262 ਤੁਸੀਂ ਇਨ੍ਹਾਂ ਘੋੜਿਆਂ ਦੇ ਬਦਲਦੇ ਰੰਗਾਂ ਨੂੰ ਵੇਖੋ।ਇਨ੍ਹਾਂ ਦਾ ਸਵਾਰ ਇੱਕ ਹੀ ਹੈ ; ਬਸ ਘੋੜਿਆਂ ਦਾ ਰੰਗ ਬਦਲ ਰਿਹਾ ਹੈ।ਅਤੇ ਘੋੜਾ ਇੱਕ ਪਸ਼ੂ ਹੈ। ਅਤੇ ਪਸ਼ੂ ਬਾਈਬਲ ਵਿੱਚ ਇੱਕ ਨਮੂਨੇ ਜਾਂ ਚਿੰਨ੍ਹ ਦੇ ਤੋਰ ਤੇ ਸ਼ਕਤੀ ਜਾਂ ਅਧਿਕਾਰ ਨੂੰ ਦੱਸਦਾ ਹੈ।ਇੱਕ ਹੀ ਪ੍ਰਣਾਲੀ ਕਿਸੇ ਦੂਸਰੇ ਰੰਗ ਦੀ ਸ਼ਕਤੀ 'ਤੇ ਸਵਾਰ ਹੈ, ਇੱਕ ਨਿਰਦੋਸ਼ ਚਿੱਟੇ ਤੋਂ ਲਹੂ ਵਰਗੇ ਲਾਲ ਰੰਗ ਤੇ ਸਵਾਰ ਹੈ।ਸਮਝੇ? ਹੁਣ ਉਸ ਤੇ ਧਿਆਨ ਦਿਓ, ਕਿ ਉਹ ਕਿਵੇਂ ਆਉਂਦਾ ਹੈ।

263 ਜਦ ਉਸ ਨੇ ਪਹਿਲਾਂ ਵੱਧਣਾ ਸ਼ੁਰੂ ਕੀਤਾ ਸੀ ਤਾਂ ਉਹ ਲੋਕਾਂ ਵਿੱਚ ਇੱਕ ਛੋਟੀ ਜਿਹੀ ਸਿੱਖਿਆ ਸੀ ਜਿਸਨੂੰ ਨਿਕੁਲਾਈਆਂ ਦਾ ਮੱਤ ਆਖਿਆ ਗਿਆ।ਅਸਲ ਵਿੱਚ ਉਹ ਇਸ ਹਾਲਤ ਵਿੱਚ ਕਿਸੇ ਦਾ ਕਤਲ ਨਹੀਂ ਕਰ ਸੱਕਦਾ ਸੀ।ਇਹ ਪ੍ਰਕਾਸ਼ ਪੋਥੀ 2:6 ਹੈ ਜੇ ਕਰ ਤੁਸੀਂ ਇਸਨੂੰ ਲਿਖਣਾ ਚਾਹੁੰਦੇ ਹੋ ਤਾਂ ਤੁਸੀਂ ਇਸਨੂੰ ਲਿਖ ਸੱਕਦੇ ਹੋ।ਇਹ ਕਿਸੇ ਨੂੰ ਮਾਰ ਨਹੀਂ ਸੱਕਦਾ ਸੀ ਇਹ ਤਾਂ ਬਸ ਇੱਕ ਸਿਧਾਂਤ ਸੀ, ਇਹ ਤਾਂ ਬਸ ਲੋਕਾਂ ਵਿੱਚ ਇੱਕ ਆਤਮਾ ਸੀ।ਹੁਣ ਉਹ ਕਿਸੇ ਦਾ ਕਤਲ ਨਹੀਂ ਕਰ ਸੱਕਦਾ ਸੀ । ਔਹ, ਉਹ ਏਡਾ ਭੋਲਾ ਸੀ ਕਿ ਉਹ ਇਸ ਚਿੱਟੇ ਘੋੜੇ ਤੇ ਸਵਾਰ ਹੈ। " ਚੰਗਾ, ਤੁਸੀਂ ਜਾਣਦੇ ਹੋ ਕਿ ਸਾਡੇ ਕੋਲ ਇੱਕ ਬਹੁਤ ਵੱਡੀ ਵਿਸ਼ਵ ਵਿਆਪੀ ਕਲੀਸਿਯਾ ਹੋ ਸੱਕਦੀ ਹੈ।ਅਸੀਂ ਉਸਨੂੰ ਵਿਸ਼ਵ ਵਿਆਪੀ ਕਲੀਸਿਯਾ ਕਹਿ ਸੱਕਦੇ ਹਾਂ।" ਉਹ ਹੁਣ ਵੀ ਇਸੇ ਤਰ੍ਹਾਂ ਹੀ ਕਰਦੇ ਹਨ।ਇਹ ਠੀਕ ਗੱਲ ਹੈ।ਹੁਣ, ਸਾਡੇ ਕੋਲ ਹੋ ਸੱਕਦਾ ਹੈ .......ਔਹ, ਓਹ ਕਿੰਨਾ ਭੋਲਾ ਹੈ।ਔਹ, ਉਹ ਬਹੁਤ ਹੀ ਭੋਲਾ ਹੈ। " ਇਹ ਤਾਂ ਲੋਕਾਂ ਦਾ ਇੱਕ ਝੁੰਢ ਹੈ।ਅਸੀਂ ਸੱਭ ਇੱਕ ਜਗ੍ਹਾ ਸੰਗਤੀ ਲਈ ਇਕੱਠੇ ਹੋਵਾਂਗੇ ।" ਸਮਝੇ, ਉਹ ਕਿੰਨਾ ਭੋਲਾ ਹੈ, ਇਹ ਚਿੱਟਾ ਘੋੜਾ ਹੈ ਇਹ ਚਿੱਟਾ ਘੋੜਾ ਹੈ।ਸਮਝੇ?



111 ਪਿਆਰ ਸੁਧਾਰਕ ਹੁੰਦਾ ਹੈ।ਜੇ ਇਹ ਸੁਧਾਰ ਕਰਨ ਵਾਲਾ ਨਹੀਂ ਹੈ ਤਾਂ ਇਹ ਪਿਆਰ ਨਹੀਂ ਹੈ।ਮੈਂ ਤੁਹਾਨੂੰ ਦੱਸਦਾ ਹਾਂ, ਜੇ ਇਹ ਇਸ ਤਰ੍ਹਾਂ ਦਾ ਪਿਆਰ ਹੈ ਤਾਂ ਇਹ ਸ਼ਰੀਰਕ (PHILEO) ਪਿਆਰ ਹੈ, ਇਹ ਸ਼ਰੀਰਕ ਪਿਆਰ ਹੈ ਪਰ ਆਤਮਿਕ ਅਥਵਾ ਰੱਬੀ (AGAPAO) ਨਹੀਂ ਹੈ।ਤੁਹਾਡੇ ਵਿੱਚ ਕਿਸੇ ਕੁੜੀ ਲਈ ਜੋ ਸੋਹਣੀ ਵਿਖਾਈ ਦਿੰਦੀ ਹੈ ਉਸ ਲਈ ਸ਼ਰੀਰਕ ਪਿਆਰ ਹੋ ਸੱਕਦਾ ਹੈ।ਪਰ ਰੱਬੀ ਪਿਆਰ ਵੱਖਰੀ ਕਿਸਮ ਦਾ ਹੁੰਦਾ ਹੈ, ਇਹ ਉਹ ਪਿਆਰ ਹੈ ਜਿਹੜਾ ਗਲਤੀਆਂ ਦਾ ਸੁਧਾਰ ਕਰਦਾ ਹੈ ਅਤੇ ਖੁਦਾ ਨਾਲ ਕਿਸੇ ਅਜਿਹੀ ਜਗ੍ਹਾ ਤੇ ਮੁਲਾਕਾਤ ਕਰਾਉਂਦਾ ਹੈ ਜਿੱਥੇ ਅਸੀਂ ਸਦੀਪਕਤਾ ਤੱਕ ਰਹਿ ਸੱਕਦੇ ਹਾਂ। ਸਮਝੇ? ਮੇਰੇ ਕਹਿਣ ਦਾ ਅਰਥ ਇਹ ਨਹੀਂ ਹੈ, ਪਰ ਹੋ ਸੱਕਦਾ ਹੈ ਕਿ ਇਹ ਇਸ ਢੰਗ ਨਾਲ ਲੱਗਦਾ ਹੋਵੇ,ਪ੍ਰੰਤੂ ਮੈਂ .....ਤੁਸੀਂ ਜਾਣਦੇ ਹੋ ਮੇਰਾ ਕੀ...... ਮੈਂ ਉਮੀਦ ਕਰਦਾ ਹਾਂ ਕਿ ਤੁਸੀਂ ਸਮਝਦੇ ਹੋ।

112 ਹੁਣ, ਪ੍ਰੰਤੂ, ਯਾਦ ਰੱਖੋ, ਉਸਨੇ ਕਿਹਾ, " ਜਿਵੇਂ ਯੰਨੇਸ ਅਤੇ ਯੰਬਰੇਸ ਨੇ ਮੂਸਾ ਦਾ ਸਾਹਮਣਾ ਕੀਤਾ ਸੀ, ਉਸੇ ਤਰ੍ਹਾਂ ਹੀ ਇਹ ਵੀ ਕਰਨਗੇ। ਪ੍ਰੰਤੂ ਉਨ੍ਹਾਂ ਦੀਮੂਰਖਤਾ ਛੇਤੀ ਹੀ ਪ੍ਰਗਟ ਹੋ ਜਾਵੇਗੀ।"

113 ਕਿਉਂ? ਜਦੋਂ ਮੂਸਾ ਨੂੰ ਕੁਝ ਕਰਨ ਦਾ ਅਧਿਕਾਰ ਦਿੱਤਾ ਗਿਆ ਤਾਂ ਇਹ ਬੜਾ ਅਜ਼ੀਬ ਜਿਹਾ ਲੱਗਦਾ ਸੀ, ਪ੍ਰੰਤੂ ਮੂਸਾ ਜਿੰਨੀ ਇਮਾਨਦਾਰੀ ਨਾਲ ਉੱਥੇ ਜਾ ਸੱਕਦਾ ਸੀ ਗਿਆ । ਅਤੇ ਖੁਦਾ ਨੇ ਉਸਨੂੰ ਆਪਣੀ ਲਾਠੀ ਲੈ ਕੇ ਜਾਣ ਅਤੇ ਉਸਨੂੰ ਧਰਤੀ ਤੇ ਸੁੱਟਣ ਲਈ ਕਿਹਾ ਸੀ, ਅਤੇ ਇਹ ਸੱਪ ਬਣ ਗਈ ਸੀ।ਫਿਰ ਖੁਦਾ ਨੇ ਮੂਸਾ ਨੂੰ ਇਹ ਵਿਖਾਉਣ ਲਈ ਕਿ ਕੀ ਹੋਵੇਗਾ, ਉਹ ਕਰਕੇ ਵਿਖਾਇਆ ਸੀ। ਅਤੇ ਉਹ ਫਿਰਾਊਨ ਦੇ ਅੱਗੇ ਉਸੇ ਤਰ੍ਹਾਂ ਹੀ ਜਾ ਕੇ ਖੜਾ ਹੋਇਆ ਜਿਸ ਤਰ੍ਹਾਂ ਖੁਦਾ ਨੇ ਉਸਨੂੰ ਆਗਿਆ ਦਿੱਤੀ ਸੀ ਅਤੇ ਉਸਨੇ ਆਪਣੀ ਲਾਠੀ ਧਰਤੀ ਤੇ ਰੱਖ ਦਿੱਤੀ ਅਤੇ ਉਹ ਸੱਪ ਬਣ ਗਈ।

114 ਅਤੇ ਕੋਈ ਸ਼ੱਕ ਨਹੀਂ ਕਿ ਫਿਰਾਊਨ ਨੇ ਕਿਹਾ, " ਇਹ ਤਾਂ ਜਾਦੂ ਦੀ ਕਰਾਮਾਤ ਹੈ !" ਇਸ ਲਈ ਉਹ ਗਿਆ ਅਤੇ ਉਸਨੇ ਯੰਨੇਸ ਅਤੇ ਯੰਬਰੇਸ ਨੂੰ ਬੁਲਾਇਆ ।ਅਤੇ ਕਿਹਾ, " ਅਸੀਂ ਵੀ ਇਨ੍ਹਾਂ ਕੰਮਾਂ ਨੂੰ ਕਰ ਸੱਕਦੇ ਹਾਂ।"ਅਤੇ ਉਨ੍ਹਾਂ ਨੇ ਆਪਣੀਆਂ ਲਾਠੀਆਂ ਥੱਲੇ ਸੁੱਟੀਆਂ ਅਤੇ ਉਹ ਸੱਪ ਬਣ ਗਈਆਂ।

ਹੁਣ, ਮੂਸਾ ਕੀ ਕਰ ਸੱਕਦਾ ਸੀ?

115 ਇਹ ਕੀ ਸੀ? ਇਹ ਇਸ ਲਈ ਸੀ ਕਿ ਇਹ ਵਿਖਾਇਆ ਜਾਵੇ ਕਿ ਖੁਦਾ ਦੇ ਹਰ ਇੱਕ ਅਸਲੀ ਸੱਚੇ ਕੰਮ ਦੀ ਸ਼ੈਤਾਨ ਨਕਲ ਕਰਦਾ ਹੈ।ਉਹ ਲੋਕਾਂ ਨੂੰ ਰਾਹ ਤੋਂ ਭਟਕਾਉਣ ਲਈ ਨਕਲ ਕਰਦੇ ਹਨ।

116 ਮੂਸਾ ਨੇ ਕੀ ਕੀਤਾ, ਕੀ ਉਸਨੇ ਕਿਹਾ ਕਿ, "ਚੰਗਾ, ਮੈਨੂੰ ਗਲਤੀ ਲੱਗ ਗਈ ਹੈ ।ਮੇਰੇ ਲਈ ਇਹੋ ਹੀ ਚੰਗਾ ਹੈ ਕਿ ਮੈਂ ਵਾਪਿਸ ਮੁੜ ਜਾਵਾਂ ?" ਉਹ ਬਸ ਸ਼ਾਂਤ ਖੜਾ ਰਿਹਾ, ਕਿਉਂਕਿ ਉਸਨੇ ਤਾਂ ਖੁਦਾ ਦੇ ਦਿੱਤੇ ਅਧਿਕਾਰ ਨੂੰ ਠੀਕ-ਠੀਕ ਵਰਤਿਆ ਸੀ।

117 ਅਤੇ ਪਹਿਲੀ ਗੱਲ ਤੁਸੀਂ ਜਾਣਦੇ ਹੋ ਕਿ ਮੂਸਾ ਦੇ ਸੱਪ ਨੇ ਬਾਕੀ ਦੇ ਸੱਪਾਂ ਨੂੰ ਖਾ ਲਿਆ ਸੀ। ਸਮਝੇ? ਕੀ ਤੁਸੀਂ ਕਦੇ ਸੋਚਿਆ ਸੀ ਕਿ ਉਨ੍ਹਾਂ ਬਾਕੀ ਸੱਪਾਂ ਦਾ ਕੀ ਬਣਿਆ ਸੀ? ਉਹ ਕਿੱਥੇ

ਚਲਾ ਗਿਆ ਸੀ? ਮੂਸਾ ਨੇ ਲਾਠੀ ਚੁੱਕੀ ਅਤੇ ਉਹਦੇ ਨਾਲ ਬਾਹਰ ਚਲਾ ਗਿਆ । ਉਸਨੇ ਇਹਦੇ ਨਾਲ ਚਮਤਕਾਰ ਕੀਤੇ ਸਨ।ਅਤੇ ਉਹ ਸੱਪ ਮੂਸਾ ਦੀ ਲਾਠੀ ਦੇ ਅੰਦਰ ਸੀ। ਵੇਖਿਆ? ਇਹ ਕਿੰਨਾ ਅਦਭੁਤ ਹੈ । ਕੀ ਇਹ ਹੈਰਾਨੀਜਨਕ ਨਹੀਂ ਹੈ ? ਜੀ ਹਾਂ, ਸ਼੍ਰੀਮਾਨ, ਇਹ ਹੈ।

118 ਹੁਣ, ਮਸੀਹ ਵਿਰੋਧੀ ਸਹਿਜੇ-ਸਹਿਜੇ ਰੋਸ਼ਨੀ ਵਿੱਚ ਆਉਂਦਾ ਹੈ ।ਮੈਂ ਚਾਹੁੰਦਾ ਹਾਂ ਕਿ ਤੁਸੀਂ ਇਸ ਤੇ ਧਿਆਨ ਦਿਓ। ਹੁਣ, ਜਦ ਤੁਸੀਂ ਸੁਣੋ .........

119 ਹੁਣ ਮੇਰੇ ਕੈਥੋਲਿਕ ਦੋਸਤੋ ਕੁਝ ਪਲਾਂ ਲਈ ਸ਼ਾਂਤੀ ਨਾਲ ਬੈਠੇ ਰਹੋ, ਅਤੇ ਹੁਣ ; ਅਸੀਂ ਵੇਖਾਂਗੇ ਕਿ ਪ੍ਰੋਟੈਸਟੈਂਟ ਕਿੱਥੇ ਹਨ; ਅਸੀਂ ਸੱਭ ਕਿੱਥੇ ਹਾਂ।

120 ਪਹਿਲੀ ਕਲੀਸਿਯਾ ਤੇ ਧਿਆਨ ਦਿਓ, ਜਦ ਕੈਥੋਲਿਕ ਕਲੀਸਿਯਾ ਨੇ ਕਿਹਾ ਕਿ ਅਸੀਂ ਪਹਿਲੀ ਮੂਲ ਕਲੀਸਿਯਾ ਸਾਂ, ਉਹ ਬਿਲਕੁੱਲ ਠੀਕ ਸਨ।ਉਹ ਹੀ ਸਨ।ਉਨ੍ਹਾਂ ਦੀ ਸ਼ੁਰੂਆਤ ਪੈਂਤੀਕੁਸਤ ਵਾਲੇ ਦਿਨ ਹੋਈ ਸੀ। ਇਹ ਹੈ ਜਿੱਥੇ ਕੈਥੋਲਿਕ ਕਲੀਸਿਯਾ ਸ਼ੁਰੂ ਹੋਈ ਸੀ। ਹੁਣ, ਪਹਿਲਾਂ ਮੈਂ ਇਸਨੂੰ ਨਹੀਂ ਸੀ ਮੰਨਦਾ ਜਦ ਤੱਕ ਕਿ ਮੈਂ ਇਤਿਹਾਸ ਨਹੀਂ ਪੜ੍ਹਿਆ ਸੀ, ਪ੍ਰੰਤੂ ਮੈਂ ਇਤਿਹਾਸ ਵਿੱਚ ਲੱਭਿਆ ਕਿ ਇਹ ਸੱਚ ਹੈ। ਉਨ੍ਹਾਂ ਦਾ ਅਰੰਭ ਪੈਂਤੀਕੁਸਤ ਤੋਂ ਹੀ ਹੋਇਆ ਸੀ।ਪ੍ਰੰਤੂ ਉਹ ਹੋਲੀ-ਹੋਲੀ ਉਸ ਤੋਂ ਲਾਂਭੇ ਹੋਣ ਲੱਗੇ,ਅਤੇ ਤੁਸੀਂ ਵੇਖੋ ਉਹ ਕਿੱਥੇ ਅੱਪੜ ਗਏ ਹਨ।

121 ਜੇ ਪੈਂਟੀਕਾਸਟਲ ਕਲੀਸਿਯਾ ਕਦੇ ਵਿਗੜੀ ਹੈ ਤਾਂ ਉਹ ਹੁਣ ਹੈ, ਅਤੇ ਉਸਨੂੰ ਵਿਗੜਨ ਲਈ ਹੁਣ ਦੋ ਹਜਾਰ ਸਾਲ ਨਹੀਂ ਲੱਗਣਗੇ । ਉਹ ਤਾਂ ਹੁਣ ਸੋ ਸਾਲਾਂ ਵਿੱਚ ਹੀ ਏਨਾ ਵਿਗੜ ਜਾਣਗੇ ਕਿ ਕੈਥੋਲਿਕਾਂ ਨੂੰ ਵੀ ਕਿਤੇ ਪਿਛਾਂਹ ਪਛਾੜ ਜਾਣਗੇ ।ਇਹ ਠੀਕ ਗੱਲ ਹੈ।

122 ਪ੍ਰੰਤੂ ਇਸ ਕੁੱਲੇ ਘੋੜੇ ਦੇ ਸਵਾਰ ਤੇ ਧਿਆਨ ਦਿਓ ।ਹੁਣ ਅਸੀਂ ਇਸ ਦੂਸਰੀ ਮੋਹਰ ਦਾ ਪਿਛੋਕੜ ਤਿਆਰ ਕਰਨ ਲਈ -ਅਸੀਂ ਇਸਨੂੰ ਥੋੜੀ ਕੁ ਦੇਰ ਤਦ ਤੱਕ ਵੇਖਾਂਗੇ ਜਦ ਤੱਕ ਕਿ ਅਸੀਂ ਇਸ ਦੂਜੀ ਮੋਹਰ ਤੇ ਨਹੀਂ ਆ ਜਾਂਦੇ ਹਾਂ।ਹੁਣ ਤੁਸੀਂ ਕੁੱਲੇ ਜਾਂ ਚਿੱਟੇ ਘੋੜੇ ਦੇ ਸਵਾਰ ਵੱਲ ਧਿਆਨ ਦਿਓ, ਜਦ ਉਹ ਬਾਹਰ ਆਉਂਦਾ ਹੈ ਤਾਂ ਉਹ ਤਿੰਨ ਪੜਾਵਾਂ ਵਿੱਚ ਕੰਮ ਕਰਦਾ ਹੈ ।ਜਿਵੇਂ ਮੈਂ ਕਿਸੇ ਰਾਤ ਸਿੱਧ ਕੀਤਾ ਸੀ ਕਿ ਤਸਲੀਸ ਵਿੱਚ ਸੈਤਾਨ ਹੈ, ਇੱਥੇ ਉਹ ਖੁਦਾ ਦੇ ਵਾਂਗ ਹੈ। ਪ੍ਰੰਤੂ ਇਨ੍ਹਾਂ ਤਿੰਨਾਂ ਪੜਾਵਾਂ ਵਿੱਚ ਸਾਰੇ ਸਮੇਂ ਇੱਕ ਹੀ ਸ਼ੈਤਾਨ ਹੈ।ਹੁਣ ਤੁਸੀਂ ਉਸ ਦੀਆਂ ਹਾਲਤਾਂ ਜਾਂ ਪੜਾਵਾਂ ਤੇ ਧਿਆਨ ਦਿਓ ।ਪਹਿਲੀ ਹਾਲਤ ਵਿੱਚ ਉਹ ਆਉਂਦਾ ਹੈ ........

123 ਪਵਿੱਤਰ ਆਤਮਾ ਉਨ੍ਹਾਂ ਤੇ ਉੱਤਰਿਆ ਸੀ, ਅਤੇ ਉਨ੍ਹਾਂ ਵਿੱਚ ਹਰ ਇੱਕ ਚੀਜ਼ ਸਾਂਝੀ ਸੀ।ਅਤੇ ਖੁਦਾ ਦਾ ਆਤਮਾ ਉਨ੍ਹਾਂ ਤੇ ਸੀ।ਅਤੇ ਰਸੂਲ ਘਰ-ਘਰ ਜਾਂਦੇ ਸਨ ਅਤੇ ਲੋਕਾਂ ਨਾਲ ਰੋਟੀ ਤੋੜਦੇ ਸਨ।ਅਤੇ ਉਨ੍ਹਾਂ ਦੇ ਵਿੱਚਕਾਰ ਬਹੁਤ ਸਾਰੇ ਚਿੰਨ੍ਹ ਅਤੇ ਚਮਤਕਾਰ ਹੁੰਦੇ ਸਨ।

124 ਅਤੇ-ਅਤੇ ਫਿਰ ਪਹਿਲੀ ਗੱਲ ਤੁਸੀਂ ਜਾਣਦੇ ਹੋ ਕਿ ਸ਼ੈਤਾਨ ਨੇ ਉਨ੍ਹਾਂ ਵਿੱਚ ਉੱਪਰ ਆਉਣ ਲਈ ਬੁੜਬੁੜ ਉਤਪਨ ਕਰ ਦਿੱਤੀ।

125 ਅਤੇ ਫਿਰ ਥੋੜੀ ਦੇਰ ਪਿੱਛੋਂ ਗੁਲਾਮ ਅਤੇ ਦੇਸ਼ ਦੇ ਗਰੀਬ ਲੋਕ ਜਿਨ੍ਹਾਂ ਨੇ ਪਵਿੱਤਰ ਆਤਮਾ ਪਾਇਆ ਸੀ, ਗਵਾਹੀ ਦੇਣ ਲਈ ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਚਲੇ ਗਏ । ਉਨ੍ਹਾਂ ਨੇ ਆਪਣੇ ਮਾਲਕਾਂ ਨੂੰ ਆਪਣੀ ਗਵਾਹੀ ਦਿੱਤੀ।



"ਉਹ ਤੇਰੇ ਪਿੱਛੇ ਤੰਬੂ ਵਿੱਚ ਹੈ।"

ਕਿਹਾ, " ਮੈਂ ਤੈਨੂੰ ਫਿਰ ਮਿਲਣ ਆਵਾਂਗਾ।"

252 ਉਹ ਔਰਤ ਜਿਹੜੀ ਸੋ ਕੁ ਸਾਲ ਦੀ ਸੀ ਤੰਬੂ ਵਿੱਚ ਪਰਦੇ ਦੇ ਪਿੱਛੇ ਇੱਕ ਤਰ੍ਹਾਂ ਮਨ ਵਿੱਚ ਹੱਸੀ ਸੀ ਅਤੇ ਉਸਨੇ ਆਪਣੇ ਮਨ ਵਿੱਚ ਕਿਹਾ ਸੀ, " ਕੀ ਮੈਂ ਜੋ ਇੰਨੀ ਬੁੱਢੀ ਹੋ ਗਈ ਹਾਂ ........" ਤੁਸੀਂ ਜਾਣਦੇ ਹੋ ਕਿ ਇੱਕ ਪਤੀ ਅਤੇ ਪਤਨੀ ਵਾਲਾ ਸਬੰਧ ਉਨ੍ਹਾਂ ਵਿੱਚ ਖਤਮ ਹੋ ਚੁੱਕਾ ਸੀ, ਕਿਉਂਕਿ ਅਬਰਾਹਾਮ ਸੌ ਸਾਲ ਦਾ ਹੋ ਚੁੱਕਾ ਸੀ ਅਤੇ ਸਾਰਾਹ ਨੱਬੇ ਸਾਲ ਦੀ ਸੀ।ਸਾਰਾਹ ਨੇ ਕਿਹਾ, " ਇਸ ਤਰ੍ਹਾਂ ਕਦੇ ਨਹੀਂ ਹੋ ਸੱਕਦਾ ਹੈ।"

253 ਉਸਨੇ ਆਖਿਆ, " ਉਹ ਕਿਉਂ ਹੱਸੀ?" ਵਾਹਹ! ਉਸਦੀ ਪਿੱਠ ਤੰਬੂ ਵੱਲ ਸੀ ਅਤੇ ਇਹਦੇ ਬਾਵਜੂਦ ਵੀ ਉਹ ਕਹਿੰਦਾ ਹੈ, " ਉਹ ਇਹ ਕਹਿ ਕੇ ਕਿਉਂ ਹੱਸੀ ਭਈ ਇਹ ਗੱਲਾਂ ਕਿਵਂ ਹੋ ਸੱਕਦੀਆਂ ਹਨ।" ਵੇਖਿਆ, ਉਸਨੇ ਉਸਨੂੰ ਇੱਕ ਚਿੰਨ੍ਹ ਵਿਖਾਇਆ ਸੀ।

254 ਹੁਣ ਉਸਨੇ ਵਾਇਦਾ ਕੀਤਾ ਹੈ ਕਿ ਇਸ ਤਰ੍ਹਾਂ ਫਿਰ ਦੁਬਾਰਾ ਅੰਤ ਦੇ ਦਿਨਾਂ ਵਿੱਚ ਹੋਵੇਗਾ।

255 ਅਤੇ ਉਹ ਦੋ ਜਣੇ ਉੱਥੇ ਥੱਲੇ ਗਏ ਅਤੇ ਉਨ੍ਹਾਂ ਨੇ ਪ੍ਰਚਾਰ ਕੀਤਾ ਅਤੇ ਉਨ੍ਹਾਂ ਨੇ ਲੂਤ ਨੂੰ ਆਖਿਆ ਇੱਥੋਂ ਨਿੱਕਲ ਜਾ, ਇਸ ਦੇਸ਼ ਨੂੰ ਅੱਗ ਨਾਲ ਸਾੜਿਆ ਜਾਣਾ ਹੈ ਅਤੇ ਉਹ ਸਾੜਿਆ ਵੀ ਗਿਆ।ਅਤੇ ਲੂਤ ਲੜਖੜਾਉਂਦਾ ਹੋਇਆ ਉੱਥੋਂ ਬਾਹਰ ਨਿੱਕਲਿਆ, ਸੰਸਾਰਕ ਕਲੀਸਿਯਾ ਜੋ ਕਿ ਪਾਪ ਵਿੱਚ ਡਿੱਗੀ ਹੋਈ ਸੀ, ਅਤੇ ਪਾਪ ਦੇ ਚਿੱਕੜ ਵਿੱਚ ਫਸੀ ਹੋਈ ਸੀ ਫਿਰ ਵੀ ਲੂਤ ਉਨ੍ਹਾਂ ਦੇ ਮਿਸ਼ਨਾਂ ਦੇ ਪ੍ਰੋਗਰਾਮਾਂ ਵਿੱਚ ਰੁੱਝਾ ਹੋਇਆ ਸੀ।ਪ੍ਰੰਤੂ ਦੁਲਹਨ ..........

256 ਪ੍ਰੰਤੂ ਉਹ ਇੱਕ ਮਨੁੱਖ ਕਦੇ ਵੀ ਉਨ੍ਹਾਂ ਦੇ ਕੋਲ ਨਹੀਂ ਗਿਆ।ਉਹ ਬਸ ਗਿਆ ਤੇ ਉਸਨੇ ਸਿਰਫ ਦੁਲਹਨ ਦੇ ਨਮੂਨੇ ਨੂੰ ਬੁਲਾਇਆ।ਹੁਣ ਅਸੀਂ ਅੰਤਲੇ ਦਿਨਾਂ ਅੰਦਰ ਹਾਂ।ਵੇਖਿਆ ? ਹੁਣ ਧਿਯਨ ਦਿਓ।

ਤੁਸੀਂ ਕਹਿੰਦੇ ਹੋ, "ਉੱਥੇ ਪਰਮੇਸ਼ੁਰ ਸ਼ਰੀਰ ਵਿੱਚ ਪ੍ਰਗਟ ਹੋਇਆ ਸੀ?"

257 ਯਿਸੂ ਨੇ ਆਪ ਹੀ ਅਖਿਆ, "ਤੁਸੀਂ ਕਿਵੇਂ ਮੇਰੇ ਤੇ ਦੋਸ਼ ਲਗਾਉਂਦੇ ਹੋ?" ਉਸਨੇ ਆਖਿਆ," ਕੀ ਇਹ ਤੁਹਾਡੀ ਬਾਈਬਲ, ਤੁਹਾਡੀ ਬਿਵਸਥਾ ਵਿੱਚ ਇਹ ਲਿਖਿਆ ਹੋਇਆ ਨਹੀਂ ਹੈ ਕਿ ਜਿਨ੍ਹਾਂ ਨਬੀਆਂ ਦੇ ਕੋਲ ਪਰਮੇਸ਼ੁਰ ਦਾ ਵਚਨ ਆਇਆ ਸੀ ਤੁਸੀਂ ਉਨ੍ਹਾਂ ਨੂੰ ਦੇਵਤੇ ਆਖਿਆ, ਕਿਉਂਕਿ ਵਚਨ ਉਨ੍ਹਾਂ ਦੇ ਕੋਲ ਆਉਂਦਾ ਸੀ ਤਾਂ ਫਿਰ ਤੁਸੀਂ ਕਿਸ ਤਰ੍ਹਾਂ ਮੇਰੇ ਤੇ ਦੋਸ਼ ਲਗਾ ਸੱਕਦੇ ਹੋ ਜਦ ਮੈਂ ਕਹਿੰਦਾ ਹਾਂ ਕਿ ਮੈਂ ਪਰਮੇਸ਼ੁਰ ਦਾ ਪੁੱਤਰ ਹਾਂ?" ਉਸਨੇ ਉਨ੍ਹਾਂ ਨੂੰ ਉਨ੍ਹਾਂ ਦੀ ਬਿਵਸਥਾ ਵਿੱਚੋਂ ਹੀ ਚੁੱਪ ਕਰਾ ਦਿੱਤਾ ਸੀ।ਤੁਸੀਂ ਇਸੇ ਹੀ ਹਾਲਤ ਵਿੱਚ ਹੋ।ਸਮਝੇ?

258 ਹੁਣ ਅਸੀਂ ਕਿੱਥੇ ਹਾਂ? ਅਸੀਂ ਅੰਤ ਸਮੇਂ ਵਿੱਚ ਹਾਂ।ਹੁਣ ਤੁਸੀਂ ਬੜੇ ਹੀ ਧਿਆਨ ਨਾਲ ਸੁਣੋ।

243 A-b-r-a-h-a-m ਵੇਖੋ ਅਬਰਾਹਾਮ ਵਿੱਚ ਅੰਗਰੇਜ਼ੀ ਦੇ ਸੱਤ ਅੱਖਰ ਆਉਂਦੇ ਹਨ, A-b-r-a-h-a-m.

244 ਪਰ ਸਾਡੇ ਭਾਈ ਬਿਲੀ ਗ੍ਰਾਹਮ G-R-A-H-A-M ਦੇ ਨਾਮ ਵਿੱਚ ਛੇ ਅੱਖਰ ਹਨ ਸੱਤ ਨਹੀਂ। ਜਗਤ, ਜਿੱਥੇ ਉਹ ਸੇਵਕਾਈ ਕਰ ਰਿਹਾ ਹੈ ਉਹ ਸੰਸਾਰਿਕ ਕਲੀਸਿਯਾ ਹੈ।

245 ਸੰਸਾਰਕ ਕਲੀਸਿਯਾ ਸਦੂਮ ਵਿੱਚ ਲੂਤ ਸੀ। ਅਤੇ ਜਦ ਇਹ ਮਨੁੱਖ ਇੱਥੇ ਥੱਲੇ ਗਿਆ ਅਤੇ ਖੁਸ਼ਖਬਰੀ ਦਾ ਪ੍ਰਚਾਰ ਕੀਤਾ ਤਾਂ ਉਸਨੇ ਉਨ੍ਹਾਂ ਨੂੰ ਖੁਸ਼ਖਬਰੀ ਨਾਲ ਅੰਨ੍ਹਾ ਕਰ ਦਿੱਤਾ ਸੀ।

246 ਪਰ ਉੱਥੇ ਇੱਕ ਸੀ ਜਿਹੜਾ ਅਬਰਾਹਾਮ ਦੇ ਕੋਲ ਰੁਕ ਗਿਆ ਸੀ ਅਤੇ ਅਬਰਾਹਾਮ ਨੇ ਉਸਨੂੰ " ਇਲੋਹੀਮ, ਪ੍ਰਭੂ " ਕਹਿ ਕੇ ਬੁਲਾਇਆ ਸੀ।ਹੁਣ ਜਦ ਅਬਰਾਹਾਮ ਨੇ ਉਨ੍ਹਾਂ ਤਿੰਨਾਂ ਨੂੰ ਆਉਂਦੇ ਵੇਖਿਆ ਤਾਂ ਉਹਨੇ ਕਿਹਾ, "ਹੇ ਮੇਰੇ ਪ੍ਰਭੂ।"

247 ਜਦ ਲੂਤ ਨੇ ਉਨ੍ਹਾਂ ਦੋ ਜਣੇ ਆਉਂਦੇ ਵੇਖੇ ਤਾਂ ਉਸਨੇ ਕਿਹਾ, " ਹੇ ਮੇਰੇ ਪ੍ਰਭੂਓ ।" ਇੱਥੇ ਤੁਹਾਡਾ ਫਰਕ ਹੈ।ਕੀ ਤੁਸੀਂ ਆਪਣੀ ਤਸਲੀਸ ਦੇ ਕੰਮ ਨੂੰ ਦੇਖਦੇ ਹੋ ? ਸਮਝ ਲੱਗੀ?

248 ਯਿਸੂ ਨੇ ਕਿਹਾ, "ਜਿਵੇਂ ਲੂਤ ਦੇ ਦਿਨਾਂ ਵਿੱਚ ਹੋਇਆ ਸੀ ........" ਕੀ ਤੁਸੀਂ ਇਸਨੂੰ ਸਮਝਦੇ ਹੋ।ਤੁਸੀਂ ਇਸ ਤੇ ਧਿਆਨ ਦਿਓ।

249 ਹੁਣ, ਇੱਕ ਜਣਾ ਆਤਮਿਕ ਕਲੀਸਿਯਾ ਅਰਥਾਤ ਦੁਲਹਨ ਕੋਲ ਆਇਆ ਜੋ ਕਿ ਅਬਰਾਹਾਮ ਆਪ ਸੀ, ਉਹ ਸ਼ੁਰੂ ਤੋਂ ਹੀ ਸਦੂਮ ਵਿੱਚ ਨਹੀਂ ਸੀ।ਅਰ ਧਿਆਨ ਦਿਓ ਜੋ ਉਸਨੇ ਕੀਤਾ।ਉਸਨੇ ਕਦੇ ਵੀ ਕੋਈ ਪਰਚਾਰ ਨਹੀਂ ਕੀਤਾ ਸੀ, ਜਿਵੇਂ ਉਨ੍ਹਾਂ ਨੇ ਪ੍ਰਚਾਰ ਕੀਤਾ ਸੀ।ਉਸਨੇ ਉਹਨਾਂ ਨੂੰ ਸਿੱਖਿਆ ਦਿੱਤੀ ਸੀ ਪਰ ਇਸ ਤੋਂ ਬਾਦ ਉਸਨੇ ਉਹਨਾਂ ਦੇ ਸਾਹਮਣੇ ਇੱਕ ਚਿੰਨ੍ਹ ਵਿਖਾਇਆ ਸੀ।ਉਸਨੇ ਮਸੀਹ ਵਾਲਾ ਚਿੰਨ੍ਹ ਵਿਖਾਇਆ ਸੀ ।ਉਸਦੀ ਪਿੱਠ ਤੰਬੂ ਵੱਲ ਨੂੰ ਸੀ ਅਤੇ ਉਸਨੇ ਕਿਹਾ, " ਅਬਰਾਹਾਮ ......." ਹੁਣ ਤੁਹਾਨੂੰ ਯਾਦ ਰਹੇ ਕਿ ਕਸ ਤੋਂ ਕੁਝ ਦਿਨ ਪਹਿਲਾਂ ਉਸਦਾ ਅਸਲੀ ਨਾਂ ਅਬਰਾਮ ਸੀ ਪ੍ਰੰਤੂ ਉਸਨੇ ਕਿਹਾ, "ਅਬਰਾਹਾਮ , ਤੇਰੀ ਪਤਨੀ ਸਾ-ਰਾ-ਹ ਕਿੱਥੇ ਹੈ?" ਥੋੜੇ ਦਿਨ ਪਹਿਲਾਂ ਉਹਦਾ ਨਾਮ ਸਾਰਈ ਸੀ।

ਅਬਰਾਹਾਮ ਨੇ ਕਿਹਾ, "ਉਹ ਤੇਰੇ ਪਿੱਛੇ ਤੰਬੂ ਵਿੱਚ ਹੈ।"

250 ਅਤੇ ਉਸਨੇ ਆਖਿਆ, " ਅਬਰਾਹਾਮ ਮੈਂ .........." ਇੱਥੇ ਫਿਰ ਵਿਅਕਤੀਗਤ ਪੜਨਾਂਵ ਦੀ ਗੱਲ ਕੀਤੀ ਗਈ ਹੈ। " ਮੈਂ ਆਪਣੇ ਵਾਇਦੇ ਦੇ ਅਨੁਸਾਰ ਜੋ ਮੈਂ ਤੇਰੇ ਨਾਲ ਕੀਤਾ ਹੈ, ਮਿਲਣ ਆਵਾਂਗਾ।" ਤੁਸੀਂ ਵੇਖੋ ਕਿ ਉਹ ਕੌਣ ਸੀ।ਇੱਕ ਮਨੁੱਖ ਜਿਹਦੇ ਕੱਪੜੇ ਮਿੱਟੀ ਨਾਲ ਭਰੇ ਪਏ ਸਨ, ਜੋ ਬੱਛੇ ਦਾ ਮਾਸ ਖਾ ਰਿਹਾ ਸੀ, ਅਤੇ ਗਾਂ ਦਾ ਦੁੱਧ ਪੀ ਰਿਹਾ ਸੀ ਅਤੇ ਮੱਕੀ ਦੀ ਰੋਟੀ ਖਾ ਰਿਹਾ ਸੀ। ਜੀ ਹਾਂ ਸ਼੍ਰੀਮਾਨ।ਉਹ ਇਲੋਹੀਮ, ਪ੍ਰਮੇਸ਼ੁਰ ਸੀ ਜੋ ਸ਼ਰੀਰ ਵਿੱਚ ਪਰਗਟ ਹੋਇਆ ਸੀ !

251 ਉਸਨੇ ਵਾਇਦਾ ਕੀਤਾ ਹੈ ਕਿ ਉਹ ਅੰਤ ਦੇ ਦਿਨਾਂ ਵਿੱਚ ਫਿਰ ਆਪਣੇ ਆਪ ਨੂੰ ਸ਼ਰੀਰ ਵਿੱਚ ਪ੍ਰਗਟ ਕਰੇਗਾ!ਧਿਆਨ ਦਿਓ।

"ਅਬਰਾਹਾਮ, ਤੇਰੀ ਪਤਨੀ ਸਾਰਾਹ ਕਿੱਥੇ ਹੈ?"



126 ਅਤੇ ਬਾਦ ਵਿੱਚ ਇਸ ਵਿੱਚ ਉੱਚ ਪਦਵੀਆਂ ਵਾਲੇ ਲੋਕ ਜਿਵੇਂ ਫੋਜ ਦੇ ਕਪਤਾਨ ਅਤੇ ਕਈ ਤਰ੍ਹਾਂ ਦੇ ਲੋਕ ਆਉਣ ਲੱਗੇ। ਜਦ ਉਨ੍ਹਾਂ ਨੇ ਉਹਨਾਂ ਨੂੰ ਅਚੰਭੇ ਅਤੇ ਚਮਤਕਾਰ ਕਰਦੇ ਵੇਖਿਆ ਤਾਂ ਉਨ੍ਹਾਂ ਨੇ ਮਸੀਹਤ ਨੂੰ ਕਬੂਲ ਕਰ ਲਿਆ।

127 ਚੰਗਾ, ਇਸ ਤੋਂ ਬਾਦ ਤੁਸੀਂ ਵੇਖਦੇ ਹੋ ਕਿ ਜਦ ਉਸਨੇ ਮਸੀਹਤ ਨੂੰ ਕਬੂਲ ਕਰ ਲਿਆ ਤਾਂ ਉਹ ਉਸ ਜਗ੍ਹਾ ਤੇ ਪਹੁੰਚਾ ਜਿੱਥੇ ਮਸੀਹੀ ਲੋਕ ਪੁਰਾਣੇ, ਗੰਦੇ ਕਮਰਿਆਂ ਵਿੱਚ ਸੰਗਤੀ ਕਰ ਰਹੇ ਸਨ,ਅਤੇ ਆਪਣੇ ਹੱਥਾਂ ਨਾਲ ਤਾੜੀ ਵਜਾ ਰਹੇ ਸਨ ਅਤੇ ਚਿਲਾ ਅਤੇ ਪਰਾਈ ਭਾਖਿਆ ਬੋਲ ਰਹੇ ਸਨ ਅਤੇ ਸੰਦੇਸ਼ ਪ੍ਰਾਪਤ ਕਰ ਰਹੇ ਸਨ।ਉਹ ਇਨ੍ਹਾਂ ਸੱਚੇ ਮਸੀਹੀਆਂ ਦੇ ਅਨੁਭਵ ਨੂੰ ਜਾਂ ਇਹ ਜੋ ਕੁਝ ਵੀ ਸੀ, ਉਸਨੂੰ ਆਪਣੇ ਮੁਕਾਬਲੇ ਵਾਲਿਆਂ ਅਤੇ ਆਪਣੇ ਵਿਉਪਾਰ ਵਿੱਚ ਕਦੇ ਨਹੀਂ ਲਿਜਾ ਸੱਕਦਾ ਸੀ ।" ਉਹ ਇਸਦਾ ਇਸ ਤਰ੍ਹਾਂ ਕਦੇ ਵਿਸ਼ਵਾਸ਼ ਨਹੀਂ ਕਰ ਸੱਕਦਾ ਸੀ।" ਬਿਲਕੁੱਲ ਉਹ ਇਸ ਤਰ੍ਹਾਂ ਨਹੀਂ ਕਰ ਸੱਕਦਾ ਸੀ।ਇਸ ਲਈ ਉਸਨੇ ਇਸਤੇ ਇੱਕ ਭੇਸ ਚੜ੍ਹਾਉਣਾ ਸੀ।ਸੋ ਉਨ੍ਹਾਂ ਨੇ ਇੱਕ ਜਗ੍ਹਾ ਇਕੱਠੇ ਹੋਣਾ ਸ਼ੁਰੂ ਕਰ ਦਿੱਤਾ ਅਤੇ ਉਹ ਇਹ ਸੋਚਣ ਲੱਗੇ ਕਿ,"ਹੁਣ ਅਸੀਂ ਇਸ ਦੀ ਥੋੜੀ ਜਿਹੀ ਸ਼ਕਲ ਬਦਲਾਂਗੇ।"

128 ਅਤੇ ਪ੍ਰਭੂ ਯਿਸੂ ਨੇ ਉਨ੍ਹਾਂ ਨੂੰ ਪਹਿਲੇ ਕਲੀਸਿਯਾਈ ਯੁੱਗ ਦੇ ਬਾਦ ਪਰਕਾਸ਼ ਦੀ ਪੋਥੀ 2 ਬਾਬ ਵਿੱਚ ਗਿਲਾ ਕਰਦਿਆਂ ਕਿਹਾ ਹੈ, " ਮੈਨੂੰ ਤੇਰੇ ਨਾਲ ਨਿਕੁਲਾਈਆਂ ਦੀ ਸਿੱਖਿਆ ਦੇ ਕਾਰਨ ਗਿਲਾ ਹੈ।"

129 *ਨਿਕੋ* ਦਾ ਅਰਥ ਹੈ, "ਜਿੱਤਣਾ ",ਲੋਕਾਂ ਨੂੰ ਜਿੱਤਣਾ।ਦੂਸਰੇ ਸ਼ਬਦਾਂ ਵਿੱਚ ਇਸ ਗੱਲ ਦੀ ਥਾਂ ਕਿ ਉਹ ਸੱਭ ਇੱਕੋ ਜਿਹੇ ਗਿਣੇ ਜਾਣ, ਉਹ ਕਿਸੇ ਨੂੰ ਆਪਣਾ ਪਵਿੱਤਰ ਪੁਰਖ ਕਰ ਕੇ ਬਣਾਉਣਾ ਚਾਹੁੰਦੇ ਸਨ।ਹੁਣ ਉਹ ਮਸੀਹਤ ਨੂੰ ਮੂਰਤੀ ਪੂਜਕਾਂ ਦੇ ਧਰਮ ਦੇ ਨਮੂਨੇ ਤੇ ਢਾਲਣਾ ਚਾਹੁੰਦੇ ਸਨ, ਜਿਨ੍ਹਾਂ ਵਿੱਚੋਂ ਉਹ ਬਾਹਰ ਨਿੱਕਲ ਕੇ ਮਸੀਹਤ ਵਿੱਚ ਆਏ ਸਨ ਅਤੇ ਆਖਰ ਵਿੱਚ ਉਨ੍ਹਾਂ ਨੇ ਇਸੇ ਤਰ੍ਹਾਂ ਹੀ ਕਰ ਲਿਆ।

130 ਹੁਣ ਧਿਆਨ ਦਿਓ।ਪਹਿਲਾਂ "ਨਿਕੁਲਾਈ ਨੂੰ ਵੇਖੋ। "*ਨਿਕੁਲਾਈਆਂ* ਨੂੰ ਬਾਈਬਲ ਵਿੱਚ *ਮਸੀਹ ਵਿਰੋਧੀ* ਕਿਹਾ ਗਿਆ ਹੈ ਕਿਉਂਕਿ ਉਹ ਮਸੀਹ ਦੀ ਮੁੱਢਲੀ ਸਿੱਖਿਆ ਅਤੇ ਚੇਲਿਆਂ ਦੀ ਸਿੱਖਿਆ ਦੇ ਵਿਰੁੱਧ ਸੀ।

131 ਮੈਂ ਇਸ ਪੁਰਖ ਦਾ ਨਾਮ ਨਹੀਂ ਲੈਣਾ ਚਾਹੁੰਦਾ ਹਾਂ।ਉਹ ਇੱਕ ਮਹਾਨ ਆਦਮੀ ਹੈ। ਪ੍ਰੰਤੂ ਕੁਝ ਸਾਲ ਪਹਿਲਾਂ ਮੈਂ ਇੱਥੇ ਉਸਦੀ ਇੱਕ ਸੰਗਤੀ ਵਿੱਚ ਸਾਂ । ਅਤੇ ਉਹ ਜਾਣਦਾ ਸੀ ਕਿ ਮੈਂ ਉੱਥੇ ਹਾਂ ਕਿਉਂਕਿ ਮੈਂ ਉਹਦੇ ਨਾਲ ਹੱਥ ਮਿਲਾਇਆ ਸੀ।ਅਤੇ ਉਹਨੇ ਕਿਹਾ, "ਔਹ, ਤੁਸੀਂ ਜਾਣਦੇ ਹੋ, ਅੱਜ ਸਾਡੇ ਵਿੱਚ ਕੁਝ ਅਜਿਹੇ ਲੋਕ ਉੱਠ ਖੜੇ ਹਨ ਜਿਹੜੇ ਆਪਣੇ ਆਪ ਨੂੰ ਪੈਂਟੀਕਾਸਟਲ ਕਹਿੰਦੇ ਹਨ।" ਅਤੇ ਉਸਨੇ ਆਖਿਆ, "ਉਹ ਰਸੂਲਾਂ ਦੇ ਕਰਤੱਵ ਦੀ ਕਿਤਾਬ ਤੇ ਭਰੋਸਾ ਰੱਖਦੇ ਹਨ।" ਅਤੇ ਕਿਹਾ, " ਤੁਸੀਂ ਵੇਖਦੇ ਹੋ ਕਿ ਰਸੂਲਾਂ ਦੇ ਕਰਤੱਵ ਦੀ ਕਿਤਾਬ ਤਾਂ ਸਿਰਫ ਓਸੇ ਕਲੀਸਿਯਾ ਲਈ ਉਸਾਰੀ ਦੇ ਕੰਮ ਲਈ ਸਨ।"

132 ਕੀ ਤੁਸੀਂ ਕਲਪਨਾ ਕਰ ਸੱਕਦੇ ਹੋ ਕਿ ਇੱਕ ਇਸ ਤਰ੍ਹਾਂ ਦਾ ਆਦਮੀ ਜਿਹਨੇ ਬਾਈਬਲ ਦਾ ਅਧਿਐਨ ਹੋਰਨਾਂ ਲੋਕਾਂ ਵਾਂਗ ਕੀਤਾ ਹੋਵੇ, ਇਸ ਤਰ੍ਹਾਂ ਦੀਆਂ ਗੱਲਾਂ ਕਰ ਸੱਕਦਾ ਹੈ? ਇਸ ਤੋਂ ਤਾਂ ਬਸ ਇਹ ਹੀ ਲੱਗਦਾ ਹੈ ਕਿ ਉਸਨੇ ਇਹ ਪਵਿੱਤਰ ਆਤਮਾ ਰਾਹੀਂ ਨਹੀਂ ਕਿਹਾ ਹੈ।

133 ਹਰ ਕੋਈ ਜਿਹਦੇ ਵਿੱਚ ਆਮ ਸਮਝ ਹੈ ਇਸ ਗੱਲ ਨੂ ਚੰਗੀ ਤਰ੍ਹਾਂ ਸਮਝ ਜਾਵੇਗਾ ਕਿ ਰਸੂਲਾਂ ਦੇ ਕਰਤੱਵ ਦੀ ਕਿਤਾਬ, ਰਸੂਲਾਂ ਦੇ ਕਰਤੱਵ ਦੀ ਕਿਤਾਬ ਨਹੀਂ ਹੈ ਬਲਕਿ ਇਹ ਤਾਂ ਰਸੂਲਾਂ ਦੇ ਵਿੱਚ ਪਵਿੱਤਰ ਆਤਮਾ ਦੇ ਕਰਤੱਵ ਹਨ।ਕੀ ਤੁਹਾਨੂੰ ਨਹੀਂ ਪਤਾ ਕਿ ਅਸੀਂ ਸੱਤਾਂ ਕਲੀਸਿਯਾਈ ਯੁੱਗਾਂ ਦੇ ਅਧਿਐਨ ਦੌਰਾਨ ਇਸਨੂੰ ਨਕਸ਼ਾ ਬਣਾ ਕੇ ਸਮਝਾਇਆ ਸੀ? ਉਹ ਜੰਤੂ ਉੱਥੇ ਬੈਠੇ ਹੋਏ ਉਸ ਸੰਦੂਕ ਦੀ ਰਾਖੀ ਕਰ ਰਹੇ ਹਨ।ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਉੱਥੇ ਖੜੇ ਉਸਦੀ ਰਾਖੀ ਕਰ ਰਹੇ ਹਨ।ਅਤੇ ਉੱਥੇ ਜੋ ਕੁਝ ਵੀ ਹੋਇਆ ਉਹ ਮੱਤੀ, ਮਰਕੁਸ, ਲੂਕਾ ਅਤੇ ਯੂਹੰਨਾ ਦੀਆਂ ਇੰਜੀਲਾਂ ਦੀ ਰਚਨਾ ਦੇ ਨਤੀਜੇ ਵਜੋਂ ਹੋਇਆ।

134 ਇਹ ਹੀ ਓਹ ਹੈ ਜੋ ਦਰੱਖਤ ਨੇ ਆਪਣੀ ਪਹਿਲੀ ਟਹਿਣੀ ਦੇ ਰੂਪ ਵਿੱਚ ਪੈਦਾ ਕੀਤਾ ਸੀ ਅਤੇ ਇਹ ਹੀ ਹੈ ਓਹ ਜੋ ਕੁਝ ਹੋਇਆ ਸੀ।ਅਤੇ ਜੇ ਉਸ ਦਰੱਖਤ ਵਿੱਚੋਂ ਕਦੇ ਕੋਈ ਹੋਰ ਟਹਿਣੀ ਨਿੱਕਲਦੀ ਹੈ ਤਾਂ ਉਹ ਇਸਦੇ ਪਿੱਛੇ ਇੱਕ ਹੋਰ ਰਸੂਲਾਂ ਦੇ ਕਰਤੱਵ ਦੀ ਕਿਤਾਬ ਲਿਖਣਗੇ।ਕਿਉਂਕਿ ਤੁਸੀਂ ਵੇਖਦੇ ਹੋ ਕਿ ਉਸੇ ਰੁੱਖ ਵਿੱਚ ਓਹੀ ਜੀਵਨ ਚੱਲਿਆ ਆਉਂਦਾ ਹੈ।

135 ਹੁਣ ਅੱਜ ਕੱਲ ਜਦ ਅਸੀਂ ਆਪਣੀਆਂ ਮਿਸ਼ਨਾਂ ਮੈਥੋਡਿਸਟ, ਪ੍ਰੈਸਬਾਈਟੇਰੀਅਨ, ਲੂਥਰਨ, ਅਖੌਤੀ ਚਰਚ ਆੱਫ ਕਰਾਈਸਟ ਅਤੇ ਪੈਂਟੀਕਾਸਟਲਾਂ ਆਦਿ ਵੱਲ ਨਿਗਾਹ ਮਾਰਦੇ ਹਾਂ ਤਾਂ ਅਸੀਂ ਇਨ੍ਹਾਂ ਨੂੰ ਕਿੱਥੇ ਵੇਖਦੇ ਹਾਂ?ਉਨ੍ਹਾਂ ਵਿੱਚ ਅੱਜ ਉਹ ਗੱਲ ਨਹੀਂ ਹੈ।

136 ਮੈਂ ਮੰਨਦਾ ਹਾਂ ਕਿ ਪੈਂਟੀਕਾਸਟਲਾਂ ਦਾ ਉਸ ਨਾਲ ਨੇੜੇ ਤੋਂ ਨੇੜੇ ਦਾ ਸਬੰਧ ਤਾਂ ਹੈਗਾ ਹੈ ਕਿਉਂ ਜੋ ਉਹ ਲਾਉਦੀਕੀਆ ਦੀ ਕਲੀਸਿਯਾ ਵਿੱਚ ਆਏ ਹਨ। ਉਨ੍ਹਾਂ ਦੇ ਕੋਲ ਸੱਚਾਈ ਸੀ, ਅਰ ਉਨ੍ਹਾਂ ਨੇ ਉਸਨੂੰ ਰੱਦ ਕਰ ਦਿੱਤਾ ਸੀ। ਅਤੇ ਉਹ ਇਸ ਨਾਲ ਸੀਲਗਰਮ ਹੋ ਗਏ ਸਨ, ਅਤੇ ਖ਼ੁਦਾ ਨੇ ਉਨ੍ਹਾਂ ਨੂੰ ਆਪਣੇ ਮੂੰਹ ਵਿੱਚੋਂ ਉਗਲਛ ਦਿੱਤਾ । ਇਹ ਗੱਲ ਬਿਲਕੁੱਲ ਬਾਈਬਲ ਦੇ ਅਨੁਸਾਰ ਹੈ।

137 ਤੁਸੀਂ ਲਿਖਤਾਂ ਨੂੰ ਝੁਠਲਾ ਨਹੀਂ ਸੱਕਦੇ ਹੋ।ਸਮਝੇ? ਉਹ ਤਾਂ ਹਮੇਸ਼ਾਂ ਸੱਚ ਹੀ ਸਾਬਤ ਹੋਣਗੀਆਂ। ਇਹ ਕਰਨ ਦੀ ਕੋਸ਼ਿਸ਼ ਨਾ ਕਰੋ .......ਬਸ ਇਹ ਕੰਮ ਕਰਨ ਦੀ ਕੋਸ਼ਿਸ਼ ਨਾ ਕਰੋ ਆਪਣੀ ਸੋਚ ਨੂੰ ਵਚਨ ਦੇ ਉੱਪਰ ਰੱਖਣ ਦੀ ........ਜਾਂ ਵਚਨ ਨੂੰ ਆਪਣੇ ਵਿਚਾਰ ਅਨੁਸਾਰ ਨਾ ਢਾਲ ਲਓ ਸਗੋਂ ਆਪਣੇ ਆਪਨੂੰ ਵਚਨ ਦੀ ਸੇਧ ਵਿੱਚ ਲਿਆਓ।ਆਪਣੇ ਆਪ ਨੂੰ ਵਚਨ ਦੀ ਕਤਾਰ ਵਿੱਚ ਰੱਖੋ।ਤਾਂ ਤੁਸੀਂ ਖ਼ੁਦਾ ਦੇ ਨਾਲ ਚੱਲ ਸੱਕਦੇ ਹੋ। ਭਾਵੇਂ ਤੁਹਾਨੂੰ ਕਿੰਨਾ ਵੀ ਕੱਟਣਾ ਜਾਂ ਛੱਟਣਾ ਜਾਂ ਵੱਖ ਹੋਣਾ ਪੈਂਦਾ ਹੈ ਤੁਸੀਂ ਵਚਨ ਦੀ ਕਤਾਰ ਵਿੱਚ ਰਹੋ।ਸਮਝੇ?

138 ਵੇਖੋ, ਇਸਨੇ ਪਹਿਲੀ ਵਾਰ ਕੀ ਕੀਤਾ ਸੀ ਉਹ ਡਿੱਗ ਗਈ ਸੀ।ਚੰਗਾ, ਜੇ ਖ਼ੁਦਾ ਨੇ ਪਹਿਲੀ ਵਾਰ ਉਸ ਢੰਗ ਨਾਲ ਕੰਮ ਕੀਤਾ ਸੀ ਤਾਂ ਉਸਨੂੰ ਦੁਬਾਰਾ ਵੀ ਓਸੇ ਢੰਗ ਦੇ ਨਾਲ ਹੀ ਕੰਮ ਕਰਨਾ ਚਾਹੀਦਾ ਹੈ। ਉਸਨੂੰ ਹਰ ਵਾਰ ਉਸੇ ਢੰਗ ਦੇ ਨਾਲ ਹੀ ਕੰਮ ਕਰਨਾ ਚਾਹੀਦਾ ਹੈ ਜਾਂ ਉਸਨੇ ਪਹਿਲੀ ਵਾਰ ਕੰਮ ਕਰਨ ਵਿੱਚ ਗਲਤੀ ਕੀਤੀ ਸੀ।

ਵੇਖੋ ਅਸੀਂ ਨਾਸ਼ਵਾਨ ਹੋਣ ਕਾਰਨ ਗਲਤੀਆਂ ਕਰ ਸੱਕਦੇ ਹਾਂ ।ਖ਼ੁਦਾ ਕਦੇ ਗਲਤੀ ਨਹੀਂ ਕਰ ਸੱਕਦਾ।

139 ਪ੍ਰਮੇਸ਼ੁਰ ਦਾ ਪਹਿਲਾ ਫੈਸਲਾ ਹੀ ਸਿੱਧ ਹੁੰਦਾ ਹੈ।ਅਤੇ ਜਿਹੜਾ ਢੰਗ ਉਹ ਕੰਮ ਕਰਨ ਲਈ ਚੁਣਦਾ ਹੈ ਉਸ ਤੋਂ ਵੱਧ ਵਧੀਆ ਕੋਈ ਹੋਰ ਢੰਗ ਹੋ ਹੀ ਨਹੀਂ ਸੱਕਦਾ ਹੈ। ਉਹ ਉਸ ਵਿੱਚ ਕਿਸੇ



236 ਤਾਂ ਉਸਨੇ ਆਖਿਆ, " ਜਦੋਂ ਤੁਸੀਂ ਹੰਜੀਰ ਦੇ ਰੁੱਖ ਨੂੰ ਟਹਿਣੀਆਂ ਕੱਢਦੇ ਵੇਖਦੇ ਹੋ ਤਾਂ ਤੁਸੀਂ ਸਮਝ ਲੈਂਦੇ ਹੋ ਕਿ ਸਮਾਂ ਬੂਹੇ ਤੇ ਹੈ, ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਜਦ ਤੱਕ ਇਹ ਗੱਲਾਂ ਹੋ ਨਾ ਲੈਣਗੀਆਂ ਤਦ ਤੱਕ ਇਹ ਪੀੜ੍ਹੀ ਜਾਂਦੀ ਨਾ ਰਹੇਗੀ।" ਵੇਖੋ, ਨਿਹਚਾਹੀਣ ਕਿਸ ਤਰ੍ਹਾਂ ਬਿਨਾਂ ਕਿਸੇ ਵਿਆਖਿਆ ਦੇ ਇਸ ਤੇ ਟਿਕੇ ਰਹਿਣਾ ਚਾਹੁੰਦੇ ਹਨ।" ਸਮਝੇ ? ਉਸਨੇ ਕਿਹਾ ਸੀ, "ਇਹ ਪੀੜ੍ਹੀ ਨਾ ਕਿ ਉਹ ਪੀੜ੍ਹੀ ਜਿਸਦੇ ਨਾਲ ਉਹ ਗੱਲਾਂ ਕਰ ਰਿਹਾ ਸੀ, ਪ੍ਰੰਤੂ ਇਹ ਪੀੜ੍ਹੀ ਜਿਹੜੀ ਹੰਜੀਰ ਦੇ ਬੂਟੇ ਤੇ ਕੂੰਬਲੀਆਂ ਨਿੱਕਲਦੀਆਂ ਵੇਖੇਗੀ।"

237 ਹੁਣ ਮੈਂ ਤੁਹਾਥੋਂ ਕੁਝ ਪੁੱਛਣਾ ਚਾਹੁੰਦਾ ਹਾਂ।ਹੁਣ ਤੁਸੀਂ ਉਸ ਚੀਜ ਤੇ ਧਿਆਨ ਦਿਓ ਜਿਹੜੀ ਕਿ ਠੀਕ ਸਾਡੇ ਸਾਮ੍ਹਣੇ ਹੈ।ਹੁਣ ਪਹਿਲੀ ਵਾਰ ਇਸਰਾਇਲ 2500 ਸਾਲਾਂ ਤੋਂ ਬਾਦ ਇੱਕ ਦੇਸ਼ ਬਣਿਆ ਹੈ ।ਦੁਨੀਆਂ ਦਾ ਸੱਭ ਤੋਂ ਪੁਰਾਣਾ ਝੰਡਾ ਅੱਜ ਰਾਤ ਯਰੂਸ਼ਲਮ ਵਿੱਚ ਲਹਿਰਾ ਰਿਹਾ ਹੈ।ਇਸਰਾਇਲ ਆਪਣੀ ਮਾਤਰ ਭੂਮੀ ਵਿੱਚ ਹੈ।

238 ਇੱਕ ਭਾਈ ਸਨ ਜੋ ਕਿ ਯਹੂਦੀ ਕੌਮ ਲਈ ਮਿਸ਼ਨਰੀ ਬਣ ਕੇ ਯਰੂਸ਼ਲਮ ਜਾਣਾ ਚਾਹੁੰਦਾ ਸੀ।ਮੈਂ ਉਸਨੂੰ ਆਖਿਆ, " ਹੋ ਸੱਕਦਾ ਹੈ ਕਿ ਤੈਨੂੰ ਇੱਕ ਮਿਲ ਜਾਵੇ ਫਿਰ।" ਔਹ, ਲੋਕ ਸੋਚਦੇ ਹਨ ਕਿ, ਸਾਰੀ ਕੌਮ ! ਨਹੀਂ ਸ਼੍ਰੀਮਾਨ ਜੀ।

239 ਇਸਰਾਇਲ ਜਦ ਬਦਲੇਗਾ ਤਾਂ ਇੱਕ-ਇੱਕ ਕਰਕੇ ਨਹੀਂ ।"ਬਲਕਿ ਇੱਕ ਦਿਨ ਵਿੱਚ ਹੀ ਸਾਰੀ ਕੌਮ ਬਦਲ ਜਾਵੇਗੀ।" ਇਹ ਇਸਰਾਇਲ ਹੈ। "ਸਾਰਾ ਇਸਰਾਇਲ ਬਚਿਆ ਹੋਇਆ ਹੈ।" ਬਸ ਇਹ ਯਾਦ ਰੱਖੋ।ਪੌਲੁਸ ਨੇ ਇਸ ਤਰ੍ਹਾਂ ਕਿਹਾ ਸੀ, " ਸਾਰਾ ਇਸਰਾਇਲ ਬਚਿਆ ਹੋਇਆ ਹੈ।" ਹੁਣ ਤੁਸੀਂ "ਸਾਰੇ ਇਸਰਾਇਲ" ਤੇ ਧਿਆਨ ਦਿਓ।ਇਹ ਬਿਲਕੁੱਲ ਸੱਚ ਹੈ।

240 ਹੁਣ ਇਸ ਤੇ ਧਿਆਨ ਦਿਓ। "ਪਰ ", ਉਸਨੇ ਕਿਹਾ ਸੀ, " ਜਦ ਤੁਸੀਂ ਹੰਜੀਰ ਦੇ ਰੁੱਖ ਅਤੇ ਦੂਸਰੇ ਸਾਰੇ ਰੁੱਖਾਂ ਤੇ ਟਹਿਣੀਆਂ ਨਿੱਕਲਦੀਆਂ ਵੇਖੋ ।" ਹੁਣ ਗੌਹ ਕਰੋ।ਇਨ੍ਹਾਂ ਪੰਜੀ ਸੌ ਸਾਲਾਂ ਵਿੱਚ ਅਜਿਹਾ ਸਮਾਂ ਕਦੇ ਵੀ ਨਹੀਂ ਆਇਆ ਕਿ ਇਸਰਾਇਲ ਆਪਣੀ ਮਾਤਰ ਭੂਮੀ ਵਿੱਚ ਆਇਆ ਹੋਵੇ।ਤੁਸੀਂ ਜਾਣਦੇ ਹੋ ਕਿ ਸਾਡੇ ਕੋਲ *ਅੱਧੀ ਰਾਤ ਹੋਣ ਵਿੱਚ ਤਿੰਨ ਮਿੰਟ* ਨਾਮਕ ਛੋਟਾ ਨਾਟਕ ਹੈ।ਉਹ ਹੁਣ ਕੌਮ ਬਣੀ ਬੈਠੀ ਹੈ ਅਤੇ ਦਾਊਦ ਦਾ ਛੇਆਂ ਨੁਕਰਾਂ ਵਾਲਾ ਝੰਡਾ ਯਰੂਸ਼ਲਮ ਵਿੱਚ ਝੂਲਦਾ ਪਿਆ ਹੈ, ਅਤੇ ਉੱਥੇ ਇਹ ਸਾਰੀਆਂ ਚੀਜ਼ਾਂ ਹਨ।

241 ਕੀ ਕਦੇ ਕਿਸੇ ਨਾਮਧਾਰੀ ਮਿਸ਼ਨਾਂ ਵਿੱਚ ਇਸ ਤਰ੍ਹਾਂ ਦੀ ਬੇਦਾਰੀ ਹੋਈ ਸੀ ਜਿਹੀ ਕਿ ਉਹਨਾਂ ਵਿੱਚ ਕੁਝ ਆਖਰੀ ਸਾਲਾਂ ਵਿੱਚ ਆਈ ਹੈ ? ਹੁਣ ਇਸਦਾ ਅਧਿਐਨ ਕਰੋ।ਅਸੀਂ ਵੀ ਆਪਣੀ ਮਾਤਰ-ਭੂਮੀ ਵਿੱਚ ਹਾਂ।

242 ਕੀ ਕਦੇ ਕਿਸੇ ਮਨੁੱਖ ਦੇ ਅਧੀਨ ਮਿਸ਼ਨਾਂ ਏਨੀਆਂ ਪ੍ਰਫੁਲਤ ਹੋਈਆਂ ਜਿੰਨੀਆਂ ਕਿ ਬਿਲੀ ਗ੍ਰਾਹਮ ਦੇ ਅਧੀਨ ਹੋਈਆਂ ; ਮੈਥੋਡਿਸਟ, ਬੈਪਟਿਸਟ ਅਤੇ ਹੋਰ-ਹੋਰ ? ਇਤਿਹਾਸ ਨੂੰ ਪੜ੍ਹ ਕੇ ਵੇਖੋ ਕਿ ਕਦੇ ਇਹੋ ਜਿਹਾ ਆਦਮੀ ਪਹਿਲੇ ਸੀਲਗਰਮ ਮਿਸ਼ਨਾਂ ਵੱਲ ਗਿਆ ਹੋਵੇ ਜਿਸ ਦੇ ਨਾਮ ਦੇ ਅਖੀਰ ਵਿੱਚ H-A-M ਆਇਆ ਹੋਵੇ? ਜਰਾ ਆਪਣੇ ਆਪ ਤੋਂ ਪੁੱਛੋ। A-B-E .........

*......ਤਾਂ ਇੱਕ ਹੋਰ ਘੋੜਾ ਨਿੱਕਲਿਆ ਜੋ ਲਾਲ ਸੀ* (ਪਹਿਲਾ ਚਿੱਟਾ ਸੀ) *ਅਤੇ ਉਹ ਦੇ ਸਵਾਰ ਨੂੰ ਇਹ ਦਿੱਤਾ ਗਿਆ ਭਈ ਧਰਤੀ ਉੱਤੋਂ ਸੁਲਾਹ ਨੂੰ ਚੁੱਕ ਸੁੱਟੇ ਅਤੇ ਇਹ ਜੋ ਮਨੁੱਖ ਇੱਕ ਦੂਏ ਨੂੰ ਮਾਰ ਘੱਤਣ ਅਤੇ ਇੱਕ ਵੱਡੀ ਸਾਰੀ ਤਲਵਾਰ ਉਹਨੂੰ ਫੜਾਈ ਗਈ।*

231 ਹੁਣ ਇੱਥੇ ਕੁਝ ਪ੍ਰਤੀਰੂਪ ਜਾਂ ਚਿੰਨ੍ਹ ਹਨ ਅਤੇ ਇਨ੍ਹਾਂ ਨੂੰ ਬਹੁਤ ਬਰੀਕੀ ਨਾਲ ਵੇਖਣਾ ਚਾਹੁੰਦੇ ਹਾਂ।ਮੇਰੀ ਸਮਝ ਅਨੁਸਾਰ ਜਿੱਥੇ ਤੱਕ ਮੈਂ ਹੁਣ ਜਾਣਦਾ ਹਾਂ, ਯਿਸੂ ਨੇ ਇਸੇ ਗੱਲ ਦੀ ਭਵਿੱਖਬਾਣੀ ਮੱਤੀ 24 ਵਿੱਚ ਕੀਤੀ ਹੈ। ਸਮਝੇ? ਉਸਨੇ ਕਿਹਾ ਸੀ, " ਤੁਸੀਂ ਲੜਾਈਆਂ ਅਤੇ ਲੜਾਈਆਂ ਦੀਆਂ ਅਵਾਈਆਂ ਸੁਣੋਂਗੇ, ਬਸ ਲੜਾਈਆਂ ਅਤੇ ਲੜਾਈਆਂ ਦੀਆਂ ਅਵਾਈਆਂ, ਅਤੇ ਲੜਾਈਆਂ।ਅਤੇ ਪ੍ਰੰਤੂ, " ਉਸਨੇ ਕਿਹਾ, "ਇਹ ਸੱਭ ਗੱਲਾਂ ਹਾਲੇ ਨਹੀਂ ਹੋਣਗੀਆਂ, ਬਸ ਲੜਾਈਆਂ ਅਤੇ ਲੜਾਈਆਂ ਦੀ ਚਰਚਾ ਹੋਵੇਗੀ। ਵੇਖੋ, ਇਨ੍ਹਾਂ ਦਾ ਸਮਾਂ ਹਾਲੇ ਨਹੀਂ ਹੈ।" ਵੇਖੋ, ਉਨ੍ਹਾਂ ਨੇ ਯਿਸੂ ਕੋਲੋਂ ਤਿੰਨ ਪ੍ਰਸ਼ਨ ਪੁੱਛੇ ਸਨ । ਸਮਝੇ? ਅਤੇ ਯਿਸੂ ਨੇ ਉਨ੍ਹਾਂ ਤਿੰਨਾਂ ਦਾ ਹੀ ਉੱਤਰ ਦਿੱਤਾ ਸੀ।

232 ਇੱਥੇ ਆ ਕੇ ਸਾਡੇ ਬਹੁਤ ਸਾਰੇ ਭਾਈ ਇਨ੍ਹਾਂ ਬਿਆਨਾਂ ਵਿੱਚ ਫਸ ਕੇ ਰਹਿ ਜਾਂਦੇ ਹਨ ਅਤੇ ਵਿਆਖਿਆ ਕਰਨ ਦੀ ਕੋਸ਼ਿਸ਼ ਕਰਦੇ ਹਨ .......ਸ਼ਨਿੱਚਰ ਮਿਸ਼ਨ ਵਾਲੇ ਇਸਨੂੰ ਸੱਤਵੇਂ ਦਿਨ ਅਤੇ ਪਿਛਲੀਆਂ ਗੱਲਾਂ ਨਾਲ ਮਿਲਾਉਣ ਦੀ ਕੋਸ਼ਿਸ਼ ਕਰਦੇ ਹਨ । ਉਨ੍ਹਾਂ ਦਾ ਮੰਨਣਾ ਹੈ ਕਿ, " ਹਾਏ ਉਨ੍ਹਾਂ ਉੱਤੇ ਜੋ ਗਰਭਵਤੀ ਅਤੇ ਦੁੱਧ ਚੁੰਘਾਉਣ ਵਾਲੀਆਂ ਹਨ ਅਤੇ ਦਰਵਾਜੇ ਸਬਤ ਦੇ ਦਿਨ ਬੰਦ ਹੋ ਜਾਣਗੇ, " ਅਤੇ ਉਹ ਇਸੇ ਤਰ੍ਹਾਂ ਦੀਆਂ ਹੀ ਗੱਲਾਂ ਕਰਦੇ ਹਨ, ਪ੍ਰੰਤੂ ਇਸਦਾ ਤਾਂ ਉਸ ਪ੍ਰਸ਼ਨ ਨਾਲ ਕੋਈ ਵੀ ਸਬੰਧ ਨਹੀਂ ਹੈ ।ਵੇਖੋ ਇਸਦਾ ਉਸ ਨਾਲ ਕੋਈ ਵੀ ਵਾਸਤਾ ਨਹੀਂ ਹੈ।ਸਮਝੇ?

233 ਉਹ ਤਾਂ ਉਨ੍ਹਾਂ ਨੂੰ ਉਸਦਾ ਉੱਤਰ ਦੇ ਰਿਹਾ ਸੀ ਜੋ ਉਨ੍ਹਾਂ ਨੇ ਪੁੱਛਿਆ ਸੀ। ਪ੍ਰੰਤੂ ਉਨੇ ਇਸਨੂੰ ਪੂਰੀ ਤਰ੍ਹਾਂ ਅੰਤ ਦੇ ਦਿਨ ਤੇ ਲਾਗੂ ਨਹੀਂ ਕੀਤਾ ਸੀ। ਉਸਨੇ ਕਿਹਾ ਸੀ, " ਤੁਸੀਂ ਸੁਣੋਂਗੇ ......." ਹੁਣ ਅਸੀਂ ਇੱਥੇ ਇਸੇ ਗੱਲ ਦਾ ਹੀ ਅਧਿਐਨ ਕਰ ਰਹੇ ਹਾਂ। ਪ੍ਰੰਤੂ ਅਸੀਂ ਉਸ ਦੀਆਂ ਕੁਝ ਹੋਰ ਗੱਲ ਦਾ ਅਧਿਐਨ ਅਗਲੀਆਂ ਕੁਝ ਰਾਤਾਂ ਵਿੱਚ ਕਰਾਂਗੇ।ਵੇਖੋ, ਉਸਨੇ ਕਿਹਾ, "ਤੁਸੀਂ ਲੜਾਈਆਂ ਅਤੇ ਲੜਾਈਆਂ ਦੀਆਂ ਅਵਾਈਆਂ ਸੁਣੋਂਗੇ, ਪ੍ਰੰਤੂ ਉਸ ਵੇਲੇ ਇਹ ਸੱਭ ਨਹੀਂ ਹੈ ........ਵੇਖੋ, ਤਦ ਉਹ ਪਿਛਾਂਹ ਪਰਤਣਗੇ ਅਤੇ ਤੁਹਾਨੂੰ ਫੜਵਾ ਦੇਣਗੇ ਪ੍ਰੰਤੂ ਤਦ ਉਹ ਸਮਾਂ ਨਾ ਹੋਵੇਗਾ।"

234 ਫੇਰ ਉਹ ਉਨ੍ਹਾਂ ਗੱਲਾਂ ਵੱਲ ਨੂੰ ਪਰਤਦਾ ਹੈ ਜਿਨ੍ਹਾਂ ਬਾਰੇ ਉਨ੍ਹਾਂ ਉਸ ਤੋਂ ਸਵਾਲ ਪੁੱਛਿਆ ਸੀ ਭਈ ਜਗਤ ਦੇ ਅੰਤ ਦਾ ਕੀ ਲੱਛਣ ਕੀ ਹੋਵੇਗਾ।"

235 "ਇਹ ਸੱਭ ਗੱਲਾਂ ਕਦ ਹੋਣਗੀਆਂ, ਕਦੋਂ ਪੱਥਰ ਉੱਤੇ ਪੱਥਰ ਵੀ ਨਾ ਛੱਡਿਆ ਜਾਵੇਗਾ ? ਲੱਛਣ ਕੀ ਹੋਊ?ਅਤੇ ਤੇਰਾ ਆਉਣਾ ਕਦ ਹੋਵੇਗਾ, ਜਗਤ ਦਾ ਅੰਤ ਕਦ ਹੋਵੇਗਾ ?" ਵੇਖੋ ਉਨ੍ਹਾਂ ਨੇ ਉਸ ਤੋਂ ਤਿੰਨ ਗੱਲਾਂ ਪੁੱਛੀਆਂ ਸਨ।

ਜਦ ਉਹ ਇਸ ਪ੍ਰਸ਼ਨ ਕਿ, " ਜਗਤ ਦਾ ਅੰਤ ਕਦ ਹੋਵੇਗਾ ", ਤੇ ਆਇਆ ।



ਵੀ ਤਰ੍ਹਾਂ ਦਾ ਕੋਈ ਸੁਧਾਰ ਨਹੀਂ ਕਰ ਸੱਕਦਾ ਹੈ ਕਿਉਂਕਿ ਉਹ ਤਾਂ ਸ਼ੁਰੂ ਤੋਂ ਹੀ ਸਿੱਧ ਹੈ।ਜੇ ਇਸ ਤਰ੍ਹਾਂ ਨਹੀਂ ਹੈ ਤਾਂ ਉਹ ਅਨੰਤ ਵੀ ਨਹੀਂ ਹੈ। ਅਰ ਜੇ ਉਹ ਅਨੰਤ ਹੈ ਤਾਂ ਫਿਰ ਉਹ ਸਰਵ-ਸ਼ਕਤੀਮਾਨ ਵੀ ਹੈ।ਆਮੀਨ ! ਪ੍ਰਮੇਸ਼ੁਰ ਹੋਣ ਲਈ ਉਸਨੂੰ ਇਸ ਤਰ੍ਹਾਂ ਦਾ ਹੋਣਾ ਜਰੂਰੀ ਹੈ। ਸਮਝ ਲੱਗੀ? ਇਸ ਲਈ ਹੁਣ ਤੁਸੀਂ ਇਹ ਨਹੀਂ ਕਹਿ ਸੱਕਦੇ ਕਿ, "ਉਹ ਹੋਰ ਸਿੱਖਦਾ ਹੈ।" ਉਹ ਹੋਰ ਨਹੀਂ ਸਿੱਖਦਾ ਹੈ ।ਉਹ ਤਾਂ ਸਾਰੇ ਹੀ ਗਿਆਨ ਦਾ ਸਰੋਤ ਹੈ।ਸਮਝੇ?

140 ਇੱਥੇ ਸਾਡਾ ਗਿਆਨ ਤਾਂ ਸ਼ੈਤਾਨ ਦੀ ਵਲੋਂ ਆਉਂਦਾ ਹੈ।ਸਾਨੂੰ ਇਹ ਅਦਨ ਦੇ ਬਾਗ ਤੋਂ ਵਿਰਾਸਤ ਵਿੱਚ ਮਿਲਿਆ ਹੈ ਜਿੱਥੇ ਅਸੀਂ ਨਿਹਚਾ ਦੀ ਜਗ੍ਹਾ ਗਿਆਨ ਨੂੰ ਲੈ ਲਿਆ ਸੀ।ਹੱਵਾਹ ਨੇ ਇਸ ਤਰ੍ਹਾਂ ਕੀਤਾ ਸੀ।

141 ਹੁਣ, ਪਹਿਲਾਂ ਉਹ ਮਸੀਹ ਵਿਰੋਧੀ ਸਦਾਇਆ।ਦੂਸਰੇ ਪੜਾਅ ਵਿੱਚ ਉਹ ਝੂਠਾ ਨਬੀ ਸਦਾਇਆ, ਕਿਉਂ ਜੋ ਉਹ ਆਤਮਾ ਲੋਕਾਂ ਦੇ ਵਿੱਚ ਦੇਹਧਾਰੀ ਹੋ ਗਿਆ ਸੀ।

142 ਹੁਣ ਤੁਸੀਂ ਚਿੱਟੇ ਘੋੜੇ ਦੇ ਸਵਾਰ ਨੂੰ ਚੇਤੇ ਰੱਖੋ ਕਿ ਪਹਿਲਾਂ ਜਦ ਉਸ ਅਰੰਭ ਕੀਤਾ ਤਾਂ ਉਸਦੇ ਕੋਲ ਕੋਈ ਤਾਜ ਨਹੀਂ ਸੀ, ਪ੍ਰੰਤੂ ਬਾਦ ਵਿੱਚ ਉਸਨੂੰ ਇੱਕ ਮੁਕਟ ਦਿੱਤਾ ਗਿਆ ਸੀ।ਕਿਉਂ? ਕਿਉਂਕਿ ਸ਼ੁਰੂ ਵਿੱਚ ਉਹ ਨਿਕੁਲਾਈਆਂ ਦੀ ਆਤਮਾ ਸੀ ਅਤੇ ਇਸ ਤੋਂ ਬਾਦ ਉਹ ਇੱਕ ਮਨੁੱਖ ਵਿੱਚ ਦੇਹਧਾਰੀ ਹੋ ਜਾਂਦਾ ਹੈ ; ਅਤੇ ਤਦ ਉਸਨੂੰ ਮੁਕਟ ਦਿੱਤਾ ਜਾਂਦਾ ਹੈ।ਫਿਰ ਉਹ ਕਾਫੀ ਲੰਬੇ ਸਮੇਂ ਤੱਕ ਕੰਮ ਕਰਦਾ ਹੈ ਜਿਵੇਂ ਕਿ ਅਸੀਂ ਇਸਨੂੰ .......ਮੋਹਰਾਂ ਦੇ ਖੋਲ੍ਹੇ ਜਾਣ ਤੇ ਵੇਖਾਂਗੇ।

143 ਅਤੇ ਫਿਰ ਅਸੀਂ ਵੇਖਾਂਗੇ ਕਿ ਇੱਕ ਲੰਮੇ ਸਮੇਂ ਤੋਂ ਬਾਦ ਸ਼ੈਤਾਨ ਨੂੰ ਸਵਰਗ ਤੋਂ ਥੱਲੇ ਸੁੱਟ ਦਿੱਤਾ ਗਿਆ ਸੀ।ਅਤੇ ਉਹ ਲਿਖਤਾਂ ਦੇ ਅਨੁਸਾਰ ਥੱਲੇ ਆਉਂਦਾ ਹੈ, ਅਤੇ ਆਪਣੇ ਆਪ ਸਿੰਘਾਸਣ ਤੇ ਬਿਰਾਜਮਾਨ ਹੋ ਜਾਂਦਾ ਹੈ।ਜਰਾ ਸੋਚੋ, ਉਸਨੇ ਆਪਣੇ ਆਪ ਨੂੰ ਉਸ ਮਨੁੱਖ ਵਿੱਚ ਬਿਠਾ ਲਿਆ ਅਤੇ ਪਸ਼ੂ ਬਣ ਗਿਆ ਸੀ। ਅਤੇ ਉਸਦੇ ਕੋਲ ਸ਼ਕਤੀ ਸੀ, ਉਸਦੇ ਕੋਲ ਸਰਵੋਤਮ ਸ਼ਕਤੀ ਸੀ ਕਿ ਉਹ ਹਰ ਤਰ੍ਹਾਂ ਦੇ ਚਮਤਕਾਰ ਅਤੇ ਸੱਭ ਕੁਝ ਕਰ ਸੱਕਦਾ ਸੀ -ਜਾਂ ਉਹ ਮਾਰਨਾ ਅਤੇ ਖੂਨੀ ਲੜਾਈਆਂ ਅਤੇ ਸੱਭ ਕੁਝ ਕਰ ਸੱਕਦਾ ਸੀ ਜੋ ਰੋਮ ਪੈਦਾ ਕਰ ਸੱਕਦਾ ਸੀ। ਇਹ ਠੀਕ ਗੱਲ ਹੈ।ਉਸਨੇ ਰੋਮ ਦੀ ਭਿਆਨਕ ਸਜਾ ਦੁਆਰਾ ਹੱਤਿਆਵਾਂ ਕੀਤੀਆਂ ।ਓਹ, ਇੱਥੇ ਅਸੀਂ ਬਸ ਵਚਨ ਦੀਆਂ ਕੁਝ ਲਿਖਤਾਂ ਬਿਆਨ ਕਰ ਸੱਕਦੇ ਹਾਂ !

144 ਯਾਦ ਰੱਖੋ, ਯਿਸੂ ਮਸੀਹ ਰੋਮ ਦੀ ਸਜਾ ਦੇ ਹੇਠ,ਰੋਮ ਦੀ ਮੌਤ ਦੀ ਸਜਾ ਦੇ ਹੇਠ ਸੂਲੀ ਚਾੜ੍ਹਿਆ ਗਿਆ ਸੀ ।

145 ਅਗਲੀ ਸਭਾ ਵਿੱਚ ਜਿਹੜਾ ਪ੍ਰਚਾਰ ਮੇਰੇ ਮਨ ਅੰਦਰ ਹੈ ਜੋ ਤਿੰਨ ਚਾਰ ਸ਼ਬਦਾਂ ਤੇ ਅਧਾਰਿਤ ਹੈ, ਉਹ ਮੈਂ ਗੁੱਡ ਫਰਾਈਡੇ ਦੀ ਦੁਪਹਿਰ ਨੂੰ ਪ੍ਰਚਾਰਾਂਗਾ, ਸਮਝੇ। "ਉੱਥੇ ਉਨ੍ਹਾਂ ਉਹਨੂੰ ਸਲੀਬ ਦਿੱਤੀ।" "*ਉੱਥੇ,*" ਸੰਸਾਰ ਦਾ ਸੱਭ ਤੋਂ ਵੱਧ ਪਵਿੱਤਰ ਧਰਮ ਅਸਥਾਨ ਯਰੂਸ਼ਲਮ ਹੈ। "*ਉਹਨਾਂ* ", ਸੰਸਾਰ ਦੇ ਸੱਭ ਤੋਂ ਵੱਧ ਪਵਿੱਤਰ (ਜਿਹੀ ਕਿ ਉਨ੍ਹਾਂ ਤੋਂ ਆਸ ਕੀਤੀ ਜਾਂਦੀ ਸੀ)ਲੋਕਾਂ, ਯਹੂਦੀਆਂ ਨੇ।ਉੱਥੇ ਉਨ੍ਹਾਂ *ਸਲੀਬ ਦਿੱਤਾ,* ਸੱਭ ਤੋਂ ਕਠੋਰ ਦੰਡ ਜਿਹਦੀ ਕਿ ਰੋਮ ਕਾਢ ਕੱਢ ਸੱਕਦਾ ਸੀ। "*ਉਹਨੂੰ* ਸਲੀਬ ਦਿੱਤਾ ।" ਕਿਸਨੂੰ ਸਲੀਬ ਦਿੱਤਾ? ਉਸ ਮਹਾਨ ਮਨੁੱਖ ਨੂੰ ਜੋ ਕਦੇ ਧਰਤੀ ਤੇ ਹੋਇਆ ਹੋਵੇ। "ਉੱਥੇ ਉਨ੍ਹਾਂ ਉਹਨੂੰ ਸਲੀਬ ਦਿੱਤਾ।" ਹੇ ਮੇਰੇ ਪ੍ਰਭੂ !

146 ਹੇ ਖੁਦਾ ਮੇਰੀ ਮੰਦਦ ਕਰ ਕਿ ਮੈਂ ਇਸਨੂੰ ਉਨ੍ਹਾਂ ਬਿਜਨੈਸਮੈਨਾਂ ਦੇ ਝੁੰਢ ਨੂੰ ਚੰਗੀ ਤਰ੍ਹਾਂ ਸਮਝਾ ਸਕਾਂ ਅਤੇ ਉਨ੍ਹਾਂ ਨੂੰ ਵਿਖਾ ਸਕਾਂ ਕਿ ਉਹ ਕਿੱਥੇ ਖੜੇ ਹਨ।ਹੁਣ ਮੇਰਾ ਦ੍ਰਿਸ਼ਟੀਕੋਣ ਵੱਖਵਾਦੀ ਨਹੀਂ ਤੇ ਨਾ ਹੀ ਮੈਂ ਘ੍ਰਿਣਾਯੋਗ ਹੋਣਾ ਚਾਹੁੰਦਾ ਹਾਂ; ਪ੍ਰੰਤੂ ਉਸ ਝੁੰਢ ਨੂੰ ਝਜੋੜਨ ਲਈ ਇਹ ਦੱਸਣਾ ਚਾਹੁੰਦਾ ਹਾਂ ਤਾਂ ਕਿ ਉਹ ਭਾਈ ਵੇਖ ਸਕਣ ਕਿ ਉਨ੍ਹਾਂ ਦੀਆਂ ਡਿਗਰੀਆਂ (ਉਪਾਧੀਆਂ) ਅਤੇ ਪਵਿੱਤਰ ਪਿਤਾ ਅਤੇ ਜਿਹੜੀਆਂ ਗੱਲਾਂ ਉਨ੍ਹਾਂ ਨੇ ਇਸ ਬਿਜਨੈਸਮੈਨ ਰਸਾਲੇ ਵਿੱਚ ਲਿਖੀਆਂ ਹਨ,ਉਹ ਮੂਰਖਤਾ ਹਨ।ਮਸੀਹੀ ਲੋਕਾਂ ਤੋਂ ਇਹ ਉਮੀਦ ਨਹੀਂ ਕੀਤੀ ਜਾਂਦੀ ਕਿ ਕਿਸੇ ਆਦਮੀ ਨੂੰ "ਪਿਤਾ" ਕਹਿਣ।ਉਨ੍ਹਾਂ ਨੇ ਇਸਨੂੰ ਸ਼ੁਰੂ ਕੀਤਾ ਹੈ।ਮੈਂ ਹਰ ਇੱਕ ਤਰ੍ਹਾਂ ਜਿੰਨੀ ਉਨ੍ਹਾਂ ਦੀ ਮੱਦਦ ਕਰ ਸੱਕਦਾ ਸੀ ਕਰਨ ਦੀ ਕੋਸ਼ਿਸ਼ ਕੀਤੀ ਹੈ।ਤੁਸੀਂ ਜਾਣਦੇ ਹੋ ਕਿ ਇਹ ਟੇਪ ਕਿੱਥੇ ਕਿੱਥੇ ਜਾਂਦੀ ਹੈ। ਮੇਰਾ ਕੰਮ ਪੂਰਾ ਹੋ ਗਿਆ ਹੈ।ਬਿਲਕੁੱਲ ਮੇਰੇ ਕੋਲ ਇਸ ਨੂੰ ਛੱਡ ਕੇ ਕੁਝ ਹੋਰ ਕਰਨ ਨੂੰ ਕੁਝ ਨਹੀਂ ਹੈ।ਸੱਭ ਠੀਕ ਹੈ। ਪਹਿਲਾਂ ਤੁਸੀਂ ਮਸੀਹ ਨੂੰ ਯਾਦ ਰੱਖੋ।

147 ਪਹਿਲਾਂ ਨਿਕੁ .........ਨਿਕੁਲਾਈਆਂ ਦੇ ਯੁੱਗ ਦੀ ਕੀ ਮੰਗ ਸੀ?ਇਹਨਾਂ ਦੀ ਮੰਗ ਸੀ ਕਿ ਉਨ੍ਹਾਂ ਲੋਕਾਂ ਤੋਂ ਦੂਰ ਰਹਿਣ ਜਿਹੜੇ ਆਪਣੇ ਹੱਥਾਂ ਨਾਲ ਤਾੜੀਆਂ ਮਾਰਦੇ, ਚੀਕਾਂ ਮਾਰਦੇ, ਰੌਲਾ ਪਾਉਂਦੇ ਅਤੇ ਅਸੱਭਿਆ ਲੱਗਦੇ ਹਨ; ਜਿਵੇਂ ਕਿ ਉਨ੍ਹਾਂ ਦੇ ਪੈਂਤੀਕੁਸਤ ਦੇ ਦਿਹਾੜੇ ਕੀਤਾ ਸੀ, ਉਹ ਮੈ ਪੀਤੇ ਹੋਏ ਲੋਕਾਂ ਵਾਂਗੂ ਵਿਵਹਾਰ ਕਰ ਰਹੇ ਸਨ, ਆਤਮਾ ਵਿੱਚ ਝੂਮ ਰਹੇ ਸਨ,ਅਤੇ ਇਸੇ ਤਰ੍ਹਾਂ ਹੀ ਕਰ ਰਹੇ ਸਨ।ਉਹ ਇਸ ਤਰ੍ਹਾਂ ਦੀਆਂ ਫਾਲਤੂ ਗੱਲਾਂ ਨਹੀਂ ਚਾਹੁੰਦੇ ਸਨ।ਉਨ੍ਹਾਂ ਨੇ ਕਿਹਾ ਕਿ ਉਹ ਨਸ਼ੇ ਵਿੱਚ ਹਨ।ਅਤੇ ਜਦ ਉੱਚੇ ਅਹੁਦਿਆਂ ਵਾਲੇ ਲੋਕ ...........ਸੁਣੋ ! ਇਸਨੂੰ ਗੁਆ ਨਾ ਦੇਣਾ।ਹੋ ਸੱਕਦਾ ਹੈ ਇਹ ਤੁਹਾਨੂੰ ਮੂਰਖਤਾ ਲੱਗੇ, ਪਰ ਇਹ ਸੱਚ ਹੈ।ਜਦ-ਜਦੋਂ ਉੱਚੇ ਅਹੁਦਿਆਂ ਵਾਲੇ ਲੋਕ ਇਸ ਵਿੱਚ ਆਉਣੇ ਸ਼ੁਰੂ ਹੋ ਗਏ ਤਾਂ ਉਹ ਇਨ੍ਹਾਂ ਗੱਲਾਂ ਨੂੰ ਸਹਾਰ ਨਾ ਸਕੇ।

148 ਪ੍ਰਮੇਸ਼ੁਰ ਨੂੰ ਕਿਹੜੀ ਚੀਜ ਮਹਾਨ ਬਣਾਉਂਦੀ ਹੈ, ਉਹ ਇਹ ਹੈ ਕਿ ਉਹ ਆਪਣੇ ਆਪ ਨੂੰ ਬੇਹੱਦ ਨੀਵਾਂ ਕਰ ਲੈਂਦਾ ਹੈ।ਇਹ ਹੀ ਚੀਜ ਉਸਨੂੰ ਵੱਡਾ ਬਣਾਉਂਦੀ ਹੈ। ਉਸ ਤੋਂ ਵੱਡਾ ਕੋਈ ਨਹੀਂ ਹੈ। ਅਰ ਉਸਨੇ ਆਪਣੇ ਆਪ ਨੂੰ ਏਨਾ ਨੀਵਾਂ ਬਣਾਇਆ ਜਿੰਨਾ ਕਿ ਕੋਈ ਨੀਵਾਂ ਬਣ ਸੱਕਦਾ ਹੈ । ਉਹ ਸੁਰਗ ਦਾ ਰਾਜਾ ਸੀ, ਅਤੇ ਉਹ ਸੰਸਾਰ ਦੇ ਸੱਭ ਤੋਂ ਨੀਵੇਂ ਸ਼ਹਿਰ ਯਰੀਹੋ ਵਿੱਚ ਆਇਆ।ਅਤੇ ਉਸਨੇ ਆਪਣੇ ਆਪ ਨੂੰ ਇੰਨਾ ਛੋਟਾ ਬਣਾਇਆ ਕਿ ਸ਼ਹਿਰ ਦੇ ਸੱਭ ਤੋਂ ਛੋਟੇ ਮਨੁੱਖ ਯੱਕਈ ਨੂੰ ਵੀ ਉਸਨੂੰ ਵੇਖਣ ਲਈ ਥੱਲੇ ਵੇਖਣਾ ਪਿਆ।ਇਹ ਸਹੀ ਹੈ।ਅਤੇ ਉਸਨੂੰ ਉਸ ਤੁੱਛ ਨਾਮ ਤੋਂ ਸਦਾਇਆ ਜਿਸਦ ਨਾਮ ਤੋਂ ਕਿਸੇ ਨੂੰ ਪੁਕਾਰਿਆ ਜਾ ਸੱਕਦਾ ਹੈ। ਉਸਨੂੰ " ਯਾਦੂਗਰ, ਸ਼ੈਤਾਨ, ਬਾਲਜਬੂਲ ਆਖਿਆ ਗਿਆ।" ਸੰਸਾਰ ਨੇ ਇਹੋ ਕੁਝ ਹੀ ਉਸਦੇ ਬਾਰੇ ਵਿੱਚ ਸੋਚਿਆ।ਉਹ ਬਹੁਤ ਹੀ ਭੈੜੀ ਮੌਤ ਨਾਲ ਮਰਿਆ। ਉਸਦੇ ਕੋਲ ਸਿਰ ਢਕਣ ਲਈ ਜਗ੍ਹਾ ਨਹੀਂ ਸੀ।ਹਰ ਇੱਕ ਸੰਸਥਾ ਨੇ ਉਸਨੂੰ ਰੱਦ ਦਿੱਤਾ ਸੀ।

149 ਪ੍ਰੰਤੂ ਜਦ ਖੁਦਾ ਨੇ ਉਸਨੂੰ ਉੱਚਿਆ ਕੀਤਾ, ਤਾਂ ਉਸਨੂੰ ਇੰਨਾ ਉੱਚਿਆ ਕੀਤਾ ਕਿ ਸੁਰਗ ਨੂੰ ਵੇਖਣ ਲਈ ਵੀ ਉਸਨੂੰ ਥੱਲੇ ਨੂੰ ਵੇਖਣਾ ਪੈਂਦਾ ਹੈ।ਵੇਖਿਆ, ਤੁਦਾ ਕਿਵੇਂ ਨਮਰਤਾ ਵਿੱਚ ਹੈ।ਅਤੇ ਖੁਦਾ ਨੇ ਉਸਨੂੰ ਇੰਨਾ ਉੱਤਮ ਨਾਮ ਦਿੱਤਾ ਕਿ ਸੁਰਗ ਵਿੱਚ ਸੰਪੂਰਨ ਚੀਜ਼ਾਂ ਦਾ ਨਾਮ ਉਸੇ ਦੇ ਨਾਮ ਉੱਤੇ ਹੈ।ਧਰਤੀ ਦੇ ਸੱਭ ਪਰਵਾਰਾਂ ਦਾ ਨਾਮ "ਯਿਸੂ" ਹੈ।ਸੁਰਗ ਵਿੱਚ ਸੱਭ ਪਰਿਵਾਰਾਂ ਦਾ ਨਾਮ "ਯਿਸੂ" ਹੈ।ਅਤੇ ਉਸਦਾ ਨਾਮ ਇੰਨਾ ਮਹਾਨ ਹੈ ਕਿ ਹਰ ਇੱਕ ਗੋਡਾ ਚਾਹੇ



223 ਸ਼ੈਤਾਨ ਦੀ ਅਵਿਸ਼ਵਾਸ਼ ਵਾਲੀ ਮੋਹਰ ਨਾ ਲਓ।ਹੁਣ, ਜੇ ਉਹ ਕਰ ਸੱਕਦਾ ਹੋਵੇ ਤਾਂ ਉਹ ਅੱਜ ਰਾਤ ਹੀ ਇਹਨੂੰ ਤੁਹਾਡੇ ਤੇ ਲਗਾਏਗਾ। ਸ਼ੈਤਾਨ ਕੰਧ ਨਾਲ ਲਗਾ ਕੇ ਤੁਹਾਡੇ ਕੰਨ ਵਿੱਚ ਛੇਕ ਕਰੇਗਾ ਅਤੇ ਤੁਸੀਂ ਬਾਹਰ ਨਿੱਕਲ ਜਾਓਗੇ ਅਤੇ ਕਹੋਗੇ, "ਮੈਂ ਉਸਦੇ ਬਾਰੇ ਵਿੱਚ ਨਹੀਂ ਜਾਣਦਾ ਹਾਂ।"

224 ਤੁਸੀਂ ਘਰ ਜਾਓ ਅਤੇ ਇਸਦਾ ਅਧਿਐਨ ਕਰੋ, ਅਤੇ ਫਿਰ ਇਮਾਨਦਾਰੀ ਨਾਲ ਦੁਆ ਕਰੋ। ਕਿਉਂਕਿ ਸਾਰੇ ਹਲਾਤ ਸਮੇਂ ਦੀ ਇਸ ਪਵਿੱਤਰ ਘੜੀ ਵਿੱਚ ਪੂਰੀ ਤਰ੍ਹਾਂ ਵਚਨ ਦੇ ਅਨੁਸਾਰ ਹਨ। ਇਸਨੂੰ ਸਾਲਾਂ ਤੋਂ ਪ੍ਰਮਾਣਿਤ ਕੀਤਾ ਜਾ ਰਿਹਾ ਹੈ । ਅਤੇ ਇਹ ਹੀ ਉਹ ਸਮਾਂ ਹੈ।ਅਤੇ ਇਹ ਹੀ ਉਹ ਘੜੀ ਹੈ।

225 ਅਤੇ ਹੁਣ ਤੁਸੀਂ ਆਪਣੇ ਕੰਨ ਵਿੱਚ ਸ਼ੈਤਾਨ ਇਸ ਤਰ੍ਹਾਂ ਨਾ ਕਰਨ ਦਿਓ, ਉਸਨੂੰ ਆਪਣੀ ਆਵਿਸ਼ਵਾਸ ਦੀ ਮੋਹਰ ਆਪਣੇ ਕੰਨ ਉੱਤੇ ਨਾ ਲਗਾਉਣ ਦਿਓ।ਸਮਝੇ? ਕਿਉਂਕਿ ਉਹ ਤਾਂ ਮੁੱਢੋਂ ਹੀ ਬੇਪ੍ਰਤੀਤਾ ਹੈ, ਇਸੇ ਲਈ ਉਸਨੇ ਵਚਨ ਤੇ ਅਵਿਸ਼ਵਾਸ਼ ਕੀਤਾ ਸੀ।ਇਹ ਠੀਕ ਗੱਲ ਹੈ।ਤੁਸੀਂ ਉਸਨੂੰ ਵਚਨ ਨੂੰ ਲੈ ਕੇ ਆਪਣੇ ਹੀ ਗਿਆਨ ਨਾਲ ਮਰੋੜਾ ਦੇ ਕੇ ਪ੍ਰਮੇਸ਼ੁਰ ਦੇ ਵਚਨ ਨੂੰ ਬਿਗਾੜਨ ਦੀ ਆਗਿਆ ਨਾ ਦਿਓ।ਤੁਸੀਂ ਬਸ ਦੀਨ ਬਣੇ ਰਹੋ ਅਤੇ ਕਹੋ, "ਖੁਦਾ ਨੇ ਇਸ ਤਰ੍ਹਾਂ ਕਿਹਾ ਹੈ; ਇਸਦਾ ਜਵਾਬ ਇਹ ਹੀ ਹੈ।"

226 ਸਾਨੂੰ ਬਹੁਤ ਦੇਰ ਹੋਣ ਵਾਲੀ ਹੈ, ਚੰਗਾ ਹੋਵੇਗਾ ਅਸੀਂ ਇਸਨੂੰ ਇੱਥੇ ਹੀ ਰੋਕ ਦੇਈਏ ਅਤੇ ਅੱਗੇ ਵਧੀਏ।

227 ਆਓ ਦੂਸਰੀ ਮੋਹਰ ਵੱਲ ਚੱਲੀਏ।ਜਦੋਂ ਕੋਹਿਆ ਹੋਇਆ ਅਤੇ ਜੀ ਉੱਠਿਆ ਲੇਲਾ ਇਸ ਮੋਹਰ ਨੂੰ ਖੋਲ੍ਹਦਾ ਹੈ ਤਾਂ ਦੂਸਰਾ ਜੰਤੂ ਜੋ ਕਿ ਬੈਲ ਵਾਂਗੂੰ ਸੀ ਕਹਿੰਦਾ ਹੈ, "ਆ ਅਤੇ ਵੇਖ ਕਿ ਮੋਹਰ ਵਿੱਚ ਕੀ ਭੇਤ ਹੈ।" ਸਮਝੇ ਤੁਸੀਂ ਯਾਦ ਰੱਖੋ ਕਿ ਲੇਲਾ ਹੀ ਸਾਰੀਆਂ ਮੋਹਰਾਂ ਖੋਲ੍ਹਦਾ ਹੈ।ਹੁਣ ਅਸੀਂ ਇਹ ਜਾਣ ਲਿਆ ਹੈ।ਅਤੇ ਦੂਜਾ ਜੰਤੂ ..........

228 ਜੇ ਤੁਸੀਂ ਇਸਨੂੰ ਅਮ ਕਰਕੇ ਕਲੀਸਿਯਾਈ ਯੁੱਗਾਂ ਵਿੱਚ ਵੇਖੋ, ਤਾਂ ਉਹ ਹੀ ਗੱਲ ਨਜ਼ਰ ਆਵੇਗੀ।ਦੂਸਰਾ ......ਤੁਸੀਂ ਵੇਖੋ ਕਿ ਪਹਿਲਾਂ ਜੰਤੂ ਸ਼ੇਰ ਸੀ, ਦੂਸਰਾ ਜੰਤੂ ਬੈਲ ਵਰਗਾ ਸੀ, ਜਾਂ ਕੁਝ ਇਸੇ ਤਰ੍ਹਾਂ ਦਾ ਹੀ ਸੀ।

229 ਅਤੇ ਹੁਣ ਵੇਖੋ, ਜਦ ਲੇਲਾ ਮੋਹਰ ਖੋਲ੍ਹ ਦਿੰਦਾ ਹੈ ਤਾਂ ਇਹ ਜੰਤੂ ਕਹਿੰਦਾ ਹੈ, " ਆ ਅਤੇ ਵੇਖ।" ਅਤੇ ਜਦ ਉਹ ਵੇਖਣ ਲਈ ਅੱਗੇ ਵੱਧਦਾ ਹੈ ਤਾਂ ਕੀ ਹੁੰਦਾ ਹੈ । ਆਓ ਅਸੀਂ ਵੇਖੀਏ ਕਿ ਹੁਣ ਉਹ ਕੀ ਵੇਖਦਾ ਹੈ। " ਆ ਅਤੇ ਵੇਖ।" ਇੱਥੇ ਇਸ ਵਿੱਚ ਇੱਕ ਭੇਤ ਮੋਹਰਬੰਦ ਹੈ।ਹੁਣ ਇਹ ਇੱਥੇ ਲੱਗ-ਭੱਗ ਦੋ ਹਜ਼ਾਰ ਸਾਲਾਂ ਤੋਂ ਹੈ।ਆਓ ਅਸੀਂ ਵੇਖੀਏ ਕਿ ਇਹ ਕੀ ਹੈ।

230 ਹੁਣ ਅਸੀਂ ਇੱਥੇ ਵੇਖਿਆ ਸੀ ਕਿ ਉਹ ਵੇਖਦਾ ਹੈ (ਕੀ ?) ਇੱਕ ਲਾਲ ਰੰਗ ਦਾ ਘੋੜਾ ਬਾਹਰ ਨਿੱਕਲਦਾ ਹੈ । ਹੁਣ, ਮੇਰੀ ਸਮਝ ਨਾਲ ਇਹ, ਮੇਰੀ ਸਮਝ ਮੁਤਾਬਕ ਉਹ ਵੱਡੀ ਤਲਵਾਰ ਜਿਹੜੀ ਉਹਦੇ ਹੱਥ ਵਿੱਚ ਸੀ .......ਹੁਣ ਅਗਲੇ ਪੰਦਰਾਂ-ਵੀਹ ਮਿੰਟ ਅਸੀਂ ਤਿੰਨ ਗੱਲਾਂ ਵੇਖਣਗੀਆਂ । ਆਓ ਪੜ੍ਹੀਏ ਅਤੇ ਵੇਖੀਏ ਕਿ ਉਹ ਇੱਥੇ ਕੀ ਕਹਿੰਦਾ ਹੈ ।" ਅਤੇ ਉਹ ਬਾਹਰ ਨਿੱਕਲਿਆ ........" ਚੌਥੀ ਆਇਤ ।

ਵਿੱਚ ਆਰ ਨਾਲ ਛੇਕ ਕਰ ਦਿੱਤਾ ਜਾਂਦਾ ਸੀ । ਅਤੇ ਇਹ ਇੱਕ ਚਿੰਨ੍ਹ ਹੁੰਦਾ ਸੀ ਕਿ ਉਹ ਕਦੇ ਵੀ ਵਾਪਿਸ ਨਹੀਂ ਜਾ ਸੱਕਦਾ ਹੈ।ਕੀ ਇਹ ਠੀਕ ਹੈ ?ਅਤੇ ਫਿਰ ਉਸਨੇ ਆਪਣਾ ਸਾਰਾ ਜੀਵਨ ਆਪਣੇ ਮਾਲਕ ਦੀ ਸੇਵਾ ਕਰਨੀ ਹੁੰਦੀ ਸੀ। ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਿ ਹੁਣ ਕਿੰਨੀ ਕੁ ਵਾਰ ਜੁਬਲੀ ਦੀ ਤੁਰ੍ਹੀ ਵੱਜੇਗੀ ਜਾਂ ਹੋਰ ਜੋ ਕੁਝ ਵੀ ਹੋ ਜਾਵੇ।ਉਸਨੇ ਪੱਕੇ ਤੋਰ ਤੇ ਆਪਣੇ ਅਜਾਦ ਹੋਣ ਦੇ ਜੀਵਨ ਦਾ ਹੱਕ ਵੇਚ ਦਿੱਤਾ ਹੈ।

216 ਅਤੇ ਜਦ ਕੋਈ ਮਨੁੱਖ ਖੁਸ਼ਖਬਰੀ ਦੀ ਸੱਚਾਈ ਸੱਚਾਈ ਤੋਂ ਮੂੰਹ ਫੇਰ ਲੈਂਦਾ ਹੈ ਤਾਂ ਸ਼ੈਤਾਨ ਉਸਦੇ (ਕਿੱਥੇ ਛੇਕ ਕਰ ਦਿੰਦਾ ਹੈ?) ਕੰਨ ਵਿੱਚ ਛੇਕ ਕਰ ਦਿੰਦਾ ਹੈ। ਉਹ ਉਸਨੂੰ ਬੋਲ੍ਹਾ ਕਰ ਦਿੰਦਾ ਹੈ ਜਿਸ ਨਾਲ ਉਹ ਫਿਰ ਕਦੇ ਸੱਚਾਈ ਨੂੰ ਨਹੀਂ ਸੁਣ ਸੱਕਦਾ ਹੈ ਅਤੇ ਉਹ ਆਦਮੀ ਖਤਮ ਹੋ ਜਾਂਦਾ ਹੈ।ਜੇ ਉਹ ਸੱਚਾਈ ਨੂੰ ਨਹੀਂ ਸੁਣਦਾ ਹੈ ਤਾਂ ਉਹ ਉਸੇ ਹੀ ਝੁੰਢ ਨਾਲ ਰਹਿੰਦਾ ਹੈ ਜਿਸ ਵਿੱਚ ਕਿ ਉਹ ਪਹਿਲਾਂ ਸੀ।ਨਹੀਂ ।

217 "ਤੁਸੀਂ ਸੱਚਾਈ ਨੂੰ ਜਾਣੋਗੇ ਅਰ ਸੱਚਾਈ ਤੁਹਾਨੂੰ ਅਜਾਦ ਕਰੇਗੀ।" ਵੇਖਿਆ, ਸੱਚਾਈ ਤੁਹਾਨੂੰ ਅਜਾਦ ਕਰੇਗੀ।

218 ਪ੍ਰਮੇਸ਼ੁਰ ਆਪਣੇ ਲੋਕਾਂ ਤੇ ਉਸ ਵੇਲੇ ਮੋਹਰ ਲਗਾਉਂਦਾ ਹੈ ਜਦੋਂ ਉਹ ਉਸਦੇ ਕੋਲ ਆਉਂਦੇ ਹਨ । ਪ੍ਰਮੇਸ਼ੁਰ ਉਨ੍ਹਾਂ ਤੇ ਆਪਣੀ ਮੋਹਰ ਵਾਇਦਾ ਕੀਤੇ ਵਚਨ ਨੂੰ ਉਨ੍ਹਾਂ ਵਿੱਚ ਪ੍ਰਮਾਣਿਤ ਕਰਨ ਦੇ ਰਾਹੀਂ ਲਗਾਉਂਦਾ ਹੈ । ਇਹ ਬਿਲਕੁੱਲ ਯੂਹੰਨਾ 14:12 ਦੇ ਅਨੁਸਾਰ ਹੈ। ਜੇ ਤੁਸੀਂ ਨੋਟ ਕਰਨਾ ਚਾਹੁੰਦੇ ਹੋ ਤਾਂ ਇੱਕ ਹੋਰ ਲਿਖਤ ਹੈ ਜੋ ਮਰਕੁਸ 16 ਵਿੱਚ ਹੈ, ਯਿਸੂ ਨੇ ਕਿਹਾ, " ਨਿਹਚਾ ਕਰਨ ਵਾਲਿਆਂ ਨਾਲ ਇਹ ਚਿੰਨ੍ਹ ਹੋਣਗੇ।"

219 ਆਓ ਅਸੀਂ ਇੱਕ ਮਿੰਟ ਇਸ ਨੂੰ ਕੱਢੀਏ । ਕੀ ਉਹ ਮਜ਼ਾਕ ਕਰ ਰਿਹਾ ਸੀ?[ਸੰਗਤ ਆਖਦੀ ਹੈ,"ਨਹੀਂ "-ਸੰਪਾ ]ਕੀ ਉਸਦਾ ਮਤਲਬ ਬਸ ........ਕੀ ਉਸਨੇ ਇਹ ਗੱਲ ਸਿਰਫ ਚੇਲਿਆਂ ਵਾਸਤੇ ਕਹੀ ਸੀ?ਜਿਵੇਂ ਕਿ ਕੁਝ ਲੋਕ ਸਾਨੂੰ ਕਹਿੰਦੇ ਹਨ। [ਸੰਗਤ ਆਖਦੀ ਹੈ, "ਨਹੀਂ "-ਸੰਪਾ]

220 ਵੇਖੋ । ਇਸਦਾ ਪਿਛੋਕੜ ਪੜ੍ਹੋ। " ਸਾਰੇ ਜਗਤ ਵਿੱਚ ਜਾਓ ......"ਕਿੱਥੇ ? [ਸੰਗਤ ਆਖਦੀ ਹੈ, "ਸਾਰੇ ਜਗਤ ਵਿੱਚ। "-ਸੰਪਾ] " ਸਾਰੇ ਜਗਤ ਵਿੱਚ ।" ਇਸ ਖੁਸ਼ਖਬਰੀ ਦਾ ਪ੍ਰਚਾਰ ਕਰੋ ......" ਕਿਸਨੂੰ ? [ਸੰਗਤ ਆਖਦੀ ਹੈ, " ਸੱਭਨਾਂ ਲੋਕਾਂ ਨੂੰ "-ਸੰਪਾ] "ਸਾਰੇ ਲੋਕਾਂ ਨੂੰ।" ਹਾਲੇ ਤੱਕ ਤਾਂ ਜਗਤ ਦੇ ਇੱਕ ਤਿਹਾਈ ਲੋਕਾਂ ਵਿੱਚ ਵੀ ਪ੍ਰਚਾਰ ਨਹੀਂ ਹੋਇਆ ਹੈ ।" ਜਿੱਥੇ ਕਿਤੇ ਜਗਤ ਵਿੱਚ ਇਸ ਖੁਸ਼ਖਬਰੀ ਦਾ ਪ੍ਰਚਾਰ ਹੋਵੇਗਾ ਉਥੇ ਇਹ ਚਿੰਨ੍ਹ ਹੋਣਗੇ, ਵਿਸ਼ਵਾਸ਼ ਕਰਨ ਵਾਲਿਆਂ ਦੇ ਨਾਲ ਇਹ ਚਿੰਨ੍ਹ ਹੋਣਗੇ, " ਇਹ ਚਿੰਨ੍ਹ ਬਸ ਥੋੜੇ ਜਿਹੇ ਲੋਕਾਂ ਲਈ ਹੀ ਨਹੀਂ ਹਨ।

221 ਜਿਵੇਂ ਕਿ ਇੱਕ ਵਾਰ ਇੱਕ ਆਦਮੀ ਮੈਨੂੰ ਦੱਸ ਰਿਹਾ ਸੀ, " ਪ੍ਰਮੇਸ਼ੁਰ ਨੇ ਸਿਰਫ ਬਾਰ੍ਹਾਂ ਚੇਲਿਆਂ ਨੂੰ ਹੀ ਚੰਗਾਈ ਦੇ ਵਰਦਾਨ ਦਿੱਤੇ ਸਨ । ਅਤੇ ..... ਔਹ !ਬਹੁਤ ਸਾਰੇ ਭਾਈ ਇੱਥੇ ਬੈਠੇ ਹੋਏ ਸਨ ਜਦ ਉਹ ਇਹ ਕਹਿਣ ਲਈ ਇੱਥੇ ਉੱਪਰ ਆਇਆ । ਵੇਖੋਂ, ਉਸਨੇ ਥੋੜੇ ਜਿਹੇ ਸਮੇਂ ਵਿੱਚ ਹੀ ਇਸ ਤੇ ਬਹੁਤ ਕੁਝ ਕਹਿ ਦਿੱਤਾ ਸੀ।

222 ਇਸ ਲਈ ਹੁਣ ਧਿਆਨ ਦਿਓ, " ਸਾਰੇ ਜਗਤ ਵਿੱਚ, ਸੱਭ ਲੋਕਾਂ ਵਿੱਚ . ਇਹ ਚਿੰਨ੍ਹ ਹੋਣਗੇ ।"



ਉਹ ਇੱਥੇ ਹੋਵੇ ਜਾਂ ਨਰਕ ਵਿੱਚ ਹੋਵੇ ;ਉਸਦੇ ਅੱਗੇ ਝੁਕੇਗਾ ਅਤੇ ਹਰ ਇੱਕ ਜਬਾਨ ਉਸਦਾ ਇਕਰਾਰ ਕਰੇਗੀ ਕਿ ਉਹ ਪ੍ਰਮੇਸ਼ੁਰ ਹੈ।ਨਰਕ ਉਸਦੇ ਅੱਗੇ ਝੁਕੇਗਾ।ਹਰ ਇੱਕ ਚੀਜ ਉਸਦੇ ਅੱਗੇ ਝੁਕੇਗੀ। ਪ੍ਰੰਤੂ ਪਹਿਲਾਂ ਉਹ ਨਮਰਤਾ ਵਿੱਚ ਸੀ, ਫਿਰ ਉਹ ਮਹਾਨ ਬਣਿਆ।ਸਮਝੇ? ਪ੍ਰਮੇਸ਼ੁਰ ਨੂੰ ਹੀ ਉਚਿਆਂ ਉਠਾਉਣ ਦਿਓ। "ਉਹ ਜਿਹੜਾ ਆਪਣੇ ਆਪ ਨੂੰ ਨੀਵਾਂ ਕਰਦਾ ਹੈ, ਪ੍ਰਮੇਸ਼ੁਰ ਉਸਨੂੰ ਉੱਚਾ ਉਠਾਏਗਾ।" ਵੇਖਿਆ?

150 ਹੁਣ, ਅਸੀਂ ਵੇਖਿਆ ਕਿ *ਨਿਕੁ* ਦੇ ਆਤਮਾ ਨੇ ਗਿਆਨ ਅਤੇ ਸਮਝ ਚਾਹਿਆ। ਇਸਨੇ ਤਾਂ ਅਦਨ ਦੇ ਵਾਙੂ ਪ੍ਰਮੇਸ਼ੁਰ ਦੇ ਵਚਨ ਦੇ ਵਿਰੁੱਧ ਬੁੱਧੀ ਦੇ ਨਾਲ ਦਲੀਲਾਂ ਦੇਣੀਆਂ ਸਨ, ਅਤੇ ਕਲੀਸਿਯਾ ਇਸੇ ਲਈ ਡਿੱਗ ਗਈ।ਇਹ ਕੀ ਸੀ?

151 ਆਓ ਇੱਥੇ ਅਸੀਂ ਕਲੀਸਿਯਾ ਨੂੰ ਲਈਏ ਅਤੇ ਆਪਣੇ ਵਰਗੇ ਕੁਝ ਕੁ ਲੋਕਾਂ ਦੇ ਝੁੰਢ ਨੂੰ ਲਈਏ, ਜੇ ਤੁਸੀਂ ਸੱਚੇ ਪਵਿੱਤਰ ਆਤਮਾ ਨਾਲ ਭਰੇ ਹੋਏ ਨਹੀਂ ਹੋ।ਅਤੇ ਆਓ ਲਈਏ, ਅਤੇ ਕਹੀਏ .........ਹੁਣ, ਮੇਰੇ ਦਿਲ ਵਿੱਚ ਸਾਡੇ ਸ਼ਹਿਰ ਦੇ ਮੇਅਰ ਦੇ ਵਿਰੁੱਧ ਕੁਝ ਨਹੀਂ ਹੈ। ਮੈਂ ਨਹੀਂ ਸੋਚਦਾ ਕਿ ਮੈਂ ਸ਼੍ਰੀਮਾਨ ਬਾਟਰਫ ਨੂੰ ਜਾਣਦਾ ਹਾਂ।ਕੀ ਹਾਲੇ ਵੀ ਸ਼੍ਰੀਮਾਨ ਬਾਟਰਫ ਹੀ ਸ਼ਹਿਰ ਦੇ ਮੇਅਰ ਹਨ? ਵੇਖਿਆ ਮੈਂ ਨਹੀਂ ਜਾਣਦਾ ਹਾਂ .........ਸ਼੍ਰੀਮਾਨ ਬਾਟਰਫ ਮੇਰੇ ਇੱਕ ਵਧੀਆ ਦੋਸਤ ਹਨ।ਜੇ ਅਸੀਂ ਇਹ ਕਹੀਏ ਕਿ ਸ਼ਹਿਰ ਦਾ ਮੇਅਰ, ਅਤੇ ਸਾਰੀ ਪੁਲਿਸ ਸ਼ਕਤੀ, ਅਤੇ ਫੋਜ ਦੇ ਸਾਰੇ ਉੱਚੇ ਅਫਸਰ ਇੱਥੇ ਆਉਂਦੇ ਹਨ।ਪਹਿਲੀ ਗੱਲ ਤੁਸੀਂ ਜਾਣਦੇ ਹੋ ਜੇ ਉਨ੍ਹਾਂ ਦੇ ਦਿਲ ਵਿੱਚ ਕੋਈ ਛੋਟੀ ਜਿਹੀ ਗੱਲ ਹੋਵੇ, ਅਤੇ ਉਹ ਬੋਰਡ ਦੇ ਲੋਕਾਂ ਨੂੰ ਅਤੇ ਇੱਥੇ ਆਲੇ-ਦੁਆਲੇ ਦੇ ਲੋਕਾਂ ਨੂੰ ਨਾਲ ਗੱਲਾਂ ਕਰਨੀਆਂ ਸ਼ੁਰੂ ਕਰਨ ਅਤੇ ਕਹਿਣ, " ਹੁਣ ਤੁਸੀਂ ਜਾਣਦੇ ਹੀ ਕੀ ਹੋ?ਇਸਨੂੰ ਤਾਂ ਅਲੱਗ ਢੰਗ ਦਾ ਹੋਣਾ ਚਾਹੀਦਾ ਹੈ-" ਜੇ ਤੁਸੀਂ ਆਤਮਾ ਨਾਲ ਭਰੇ ਹੋਏ ਨਹੀਂ ਹੋ ਅਤੇ ਇਸ ਪੁਲਪਿਟ ਦੇ ਪਿੱਛੇ ਸੱਚੇ ਪਵਿੱਤਰ ਆਤਮਾ ਨਾਲ ਭਰਿਆ ਹੋਇਆ ਆਦਮੀ ਨਹੀਂ ਹੈ ਤਾਂ ਪਹਿਲੀ ਗੱਲ ਤੁਸੀਂ ਜਾਣਦੇ ਹੋ ਕਿ ਤੁਸੀਂ ਉਨ੍ਹਾਂ ਦੀ ਸੁਣਨੀ ਸ਼ੁਰੂ ਕਰ ਦਿਓਗੇ । ਹੋ ਸੱਕਦਾ ਹੈ ਹੁਣ ਵਾਲੀ ਪੀੜ੍ਹੀ ਇਸ ਤਰ੍ਹਾਂ ਨਾ ਕਰੇ; ਪਰ ਅਗਲੀ ਪੀੜ੍ਹੀ ਕਰੇ।

152 ਅਤੇ ਇਸ ਤਰ੍ਹਾਂ ਇੱਥੇ ਇਹ ਸ਼ੁਰੂ ਹੋ ਜਾਵੇਗਾ।ਸਮਝੇ?ਕਿਉਂ? ਕਿਉਂਕਿ ਉਹ ਆਖਣਗੇ, "ਅਕਲ ਦੀ ਗੱਲ ਤਾਂ ਇਹੋ ਹੀ ਹੈ ।" ਤਦ ਤੁਸੀਂ ਦਲੀਲ ਸੁਣਨ ਲੱਗੋਗੇ।

153 ਮੰਨੋ ਇੱਕ ਆਦਮੀ ਇੱਥੇ ਆ ਕੇ ਕਹਿਣ ਲੱਗਦਾ ਹੈ, "ਇਹ ਗਿਰਜਾ ਤਾਂ ਬੜਾ ਛੋਟਾ ਹੈ । ਆਓ ਅਸੀਂ ਇੱਕ ਵੱਡਾ ਗਿਰਜਾ ਬਣਾਈਏ। ਮੈਂ ਤੁਹਾਡੇ ਲਈ ਇੱਥੇ ਇੱਕ ਵੱਡਾ ਗਿਰਜਾ ਬਣਾ ਕੇ ਦਿਆਂਗਾ। ਜਿਹਦੇ ਤੇ ਪੰਜਾਹ ਲੱਖ ਡਾਲਰ ਲੱਗਣਗੇ।ਅਤੇ ਮੈਂ ਇਸਦਾ ਪ੍ਰਸਾਰਣ ਕਰਾਵਾਂਗਾ।" ਤੁਸੀਂ ਜਾਣਦੇ ਹੋ ਜਦ ਉਹ ਇਸ ਤਰ੍ਹਾਂ ਕਰਦੇ ਹਨ ਤਾਂ ਉਹ ਦਸ ਵਿੱਚੋਂ ਨੌਂ ਵਾਰ ਕੁਹਾੜੇ ਤੇ ਧਾਰ ਲਗਾਉਂਦੇ ਹਨ, ਇਹ ਉਨ੍ਹਾਂ ਵਿੱਚ ਇੱਕ ਢੰਗ ਹੈ।ਪਹਿਲੀ ਗੱਲ ਤੁਸੀਂ ਜਾਣਦੇ ਹੋ ਜਦ ਉਹ ਇਸ ਤਰ੍ਹਾਂ ਕਰੇਗਾ ਤਾਂ ਤਾਂ ਉਨ੍ਹਾਂ ਹੀ ਕੰਮਾਂ ਨੂੰ ਕਰੇਗਾ ਜੋ ਖੁਦ ਉਸਨੂੰ ਭਾਉਂਦੀਆਂ ਹੋਣ।ਤਦ ਉਹ ਕਹੇਗਾ, " ਤੁਸੀਂ ਕੁਝ ਨਹੀਂ ਕਹਿ ਸੱਕਦੇ ਕਿਉਂ ਜੋ ਭਾਈ ਜਾੱਨ ਡੋਈ ਜੋ ਪਿੱਛੇ ਹਨ, ਉਹ ਇਸ ਗਿਰਜੇ ਦੀ ਆਰਥਿਕ ਸਹਾਇਤਾ ਕਰਦੇ ਹਨ।" ਸਮਝੇ? ਅਤੇ ਮੰਨ ਲਓ ਕੋਈ ਸੈਮਨਰੀ ਪਾਸ ਖਚਰਾ ਆਦਮੀ ਤੁਹਾਡੇ ਕੋਲ ਆ ਜਾਂਦਾ ਹੈ ਜੋ ਖੁਦਾ ਦੇ ਬਾਰੇ ਵਿੱਚ ਬਸ ਏਨਾ ਹੀ ਜਾਣਦਾ ਹੋਵੇ ਜਿੰਨਾ ਅਫਰੀਕਾ ਦੇ ਜੰਗਲਾਂ ਦਾ ਮਨੁੱਖ ਮਿਸਰ ਦੇ ਸਿਪਾਹੀ ਬਾਰੇ ਜਾਣਦਾ ਹੋਵੇ,

ਅਤੇ ਉਹ ਇਕੱਲਾ ਉੱਥੇ ਆਉਂਦਾ ਹੈ ਅਤੇ ਉਹ ਉਸ ਆਦਮੀ ਦੇ ਹਰ ਵੇਲੇ ਆਲੇ-ਦੁਆਲੇ ਰਹੇਗਾ ਕਿਉਂਕਿ ਉਹ ਉਸਦੇ ਲਈ ਨਵੀਂ ਕਾਰ ਅਤੇ ਇੱਧਰ-ਉੱਧਰ ਘੁੰਮਣ ਦੇ ਯੋਗ ਬਣਾਉਂਦਾ ਹੈ ਅਤੇ ਕਦੇ ਉਸ ਨੂੰ ਇਹ ਅਤੇ ਕਦੇ ਉਹ ਲੈ ਦਿੰਦਾ ਹੈ।

154 ਹੁਣ, ਬਿਲਕੁੱਲ ਇਸੇ ਤਰ੍ਹਾਂ ਹੀ ਇਹ ਸ਼ੁਰੂ ਹੋਇਆ ਸੀ।ਇਹ ਠੀਕ ਹੈ।ਬੁੱਧ ਅਤੇ ਚਤੁਰਾਈ ਤੇ ਧਿਆਨ ਦਿਓ ! ਉਨ੍ਹਾਂ ਕਿਹਾ, " ਹੁਣ ਇੱਧਰ ਵੇਖੋ, ਕੀ ਬਸ ਇਹ ਹੀ ਅਕਲ ਵਾਲੀ ਗੱਲ ਨਹੀਂ ਹੈ? ਹੁਣ ........ਇਸ ਨਾਲ ਕੀ ਫਰਕ ਪੈਂਦਾ ਹੈ ਕਿ ਸਾਡੀਆਂ ਔਰਤਾਂ ਕਿਵੇਂ ਵੀ ਵਾਲ ਬਣਾ ਲੈਣ?" ਪਰ ਬਾਈਬਲ ਆਖਦੀ ਹੈ ਕਿ ਇਸ ਨਾਲ ਫਰਕ ਪੈਂਦਾ ਹੈ।ਇਹ ਤਾਂ ਇਸ ਤਰ੍ਹਾਂ ਹੋਇਆ ਕਿ ਦੂਸਰੀਆਂ ਸੈਂਕੜੇ ਗੱਲਾਂ ਨੂੰ ਛੱਡ ਕੇ ਕਿਸੇ ਇੱਕ ਹੀ ਗੱਲ ਨੂੰ ਫੜ ਲਿਆ ਜਾਵੇ।ਸਮਝੇ ? ਇਸ ਦੇ ਨਾਲ ਫਰਕ ਪੈਂਦਾ ਹੈ।ਪ੍ਰਮੇਸ਼ੁਰ ਨੇ ਕਿਹਾ ਹੈ ਕਿ ਇਸ ਨਾਲ ਜਰੂਰ ਫਰਕ ਪੈਂਦਾ ਹੈ, ਇਸ ਲਈ ਇਸ ਨਾਲ ਫਰਕ ਪੈਂਦਾ ਹੈ।

155 ਪ੍ਰੰਤੂ, ਤੁਸੀਂ ਵੇਖੋ।ਜਦ ਉਹ ਇਸ ਵਿੱਚ ਆਉਣਾ ਸ਼ੁਰੂ ਹੋ ਜਾਂਦੇ ਹਨ,ਅਤੇ ਟਰੱਸਟੀ ਬੋਰਡ ਅਤੇ ਡੀਕਨ ਅਤੇ ਹਰ ਕੋਈ ਆ ਜਾਂਦਾ ਹੈ ਤਾਂ ਪਹਿਲੀ ਗੱਲ ਤੁਸੀਂ ਜਾਣਦੇ ਹੋ ਕਿ ਉਨ੍ਹਾਂ ਨੂੰ ਇਸਦੇ ਨਾਲ ਕੋਈ ਫਰਕ ਨਹੀਂ ਪੈਂਦਾ ਹੈ ਭਾਵੇਂ ਪਾਦਰੀ ਅੰਦਰ ਰਹੇ ਜਾਂ ਬਾਹਰ।ਇਹ ਠੀਕ ਗੱਲ ਹੈ।ਇਹ ਤਾਂ ਲੋਕ ਹੀ ਹਨ ਜਿਨ੍ਹਾਂ ਨੇ ਇਸਦੀ ਚੋਣ ਕੀਤੀ ਸੀ।

156 ਹੁਣ ਧਿਆਨ ਦਿਓ, ਉਸ ਆਤਮਾ ਨੇ ਕੰਮ ਕਰਨਾ ਸ਼ੁਰੂ ਕੀਤਾ, ਅਤੇ ਕਲੀਸਿਯਾ ਜਿਸ ਵਿੱਚ ਬਹੁਤ ਉੱਚੇ ਅਹੁਦਿਆਂ ਵਾਲੇ ਲੋਕ, ਵੱਡੇ-ਵੱਡੇ ਰਾਜਨਿਤੀ ਵਾਲੇ ਲੋਕ ਆ ਗਏ, ਅਤੇ ਉਸ ਵਿੱਚ ਬਹੁਤ ਜਿਆਦਾ ਪੈਸਾ ਆਉਣਾ ਸ਼ੁਰੂ ਹੋ ਗਿਆ ਅਰ ਥੋੜੀ ਦੇਰ ਤੋਂ ਬਾਦ ਉਨ੍ਹਾਂ ਨੇ ਸ਼ੈਤਾਨ ਦੀ ਨੀਚਤਾ ਸੁਣੀ ਅਤੇ ਉਨ੍ਹਾਂ ਉਸੇ ਨੂੰ ਅਪਨਾ ਲਿਆ।

157 ਤੇ ਠੀਕ ਇਹ ਹੀ ਕੰਮ ਹੱਵਾਹ ਨੇ ਅਦਨ ਦੇ ਬਾਗ ਵਿੱਚ ਕੀਤਾ ਸੀ।ਹੁਣ ਤੁਸੀਂ ਇਸਨੂੰ ਸੁਣੋ।ਇਹ ਸਹੀ ਹੈ।ਇੱਕ ਪ੍ਰਾਣਕ ਤੀਵੀਂ,ਆਦਮ ਦੀ ਦੁਲਹਨ ਨੂੰ ਵੇਖੋ, ਇਸ ਤੋਂ ਪਹਿਲਾਂ ਕਿ ਉਹ ਆਦਮ ਦੀ ਪਤਨੀ ਬਣਦੀ ਉਹ ਖੁਦਾ ਦੇ ਵਚਨ ਤੇ ਬਹਿਸ ਕਰਨ ਦੁਆਰਾ ਖੁਦਾ ਦੇ ਵਚਨ ਦੇ ਵਿਰੁੱਧ ਸ਼ੈਤਾਨ ਦੀ ਯਜਨਾ ਵਿੱਚ ਡਿੱਗ ਪਈ।ਇਸ ਤੋਂ ਪਹਿਲਾਂ ਕਿ ਆਦਮ ਹੱਵਾਹ ਨੂੰ ਪਤਨੀ ਵਾਂਗੂ ਜਾਣਦਾ ਸ਼ੈਤਾਨ ਨੇ ਉਸਨੂੰ ਉੱਥੇ ਹਰਾ ਦਿੱਤਾ।ਇਹ ਸਹੀ ਹੈ।ਤੁਸੀਂ ਇਸਦੇ ਬਾਰੇ ਵਿੱਚ *ਦੁਲਹਨ ਰੂਪੀ ਰੁੱਖ ਦੀ ਬਹਾਲੀ* ਸੰਦੇਸ਼ ਵਿੱਚ ਸੁਣ ਚੁੱਕੇ ਹੋ।ਉਹ ਸੰਦੇਸ਼ ਇਸਦੇ ਬਾਰੇ ਵਿੱਚ ਹੀ ਦੱਸਦਾ ਹੈ।ਠੀਕ ਹੈ।ਹੁਣ ਧਿਆਨ ਦਿਓ, ਹੱਵਾਹ ਉੱਥੇ ਦਲੀਲਾਂ ਕਾਰਨ ਹੀ ਡਿੱਗੀ ਸੀ।ਹੁਣ ਉਸ ਸ਼ੈਤਾਨ ਨੇ ਦਲੀਲ ਦੇਣ ਦੀ ਕੋਸ਼ਿਸ਼ ਕੀਤੀ ਸੀ।

ਹੱਵਾਹ ਨੇ ਕਿਹਾ, "ਪਰ ਪ੍ਰਮੇਸ਼ੁਰ ਨੇ ਆਖਿਆ ਹੈ ........."

158 ਉਸਨੇ ਆਖਿਆ, "ਤੁਸੀਂ ਜਾਣਦੇ ਹੋ ਪ੍ਰੰਤੂ ਖੁਦਾ ਬਿਲਕੁੱਲ ਵੀ ਇਸ ਤਰ੍ਹਾਂ ਨਹੀਂ ਕਰੇਗਾ।ਸਮਝੇ ? ਤੁਸੀਂ ਬੁੱਧੀਮਾਨ ਬਣਨਾ ਚਾਹੁੰਦੇ ਹੋ । ਤੁਸੀਂ ਕੁਝ ਜਾਨਣਾ ਚਾਹੁੰਦੇ ਹੋ।ਕਿਉਂ ਤੁਸੀਂ ਗੂੰਗੇ ਬੱਚੇ ਨਾਲੋਂ ਵੱਧ ਕੁਝ ਨਹੀਂ ਹੋ।ਤੁਹਾਨੂੰ ਕੁਝ ਜਾਣ ਲੈਣ ਦੀ ਲੋੜ ਹੈ।" ਕੀ ਇਹ ਸ਼ੈਤਾਨ ਨਹੀਂ ਹੈ !ਹੇ, ਮੇਰੇ ਪ੍ਰਭੂ!



210 ਜਦ ਸ਼ੈਤਾਨ ਆਪਣੇ ਲੋਕਾਂ ਵਿੱਚ ਅਵਤਾਰ ਲੈ ਲੈਂਦਾ ਹੈ ਤਾਂ ਉਹ ਕੀ ਕਰਦਾ ਹੈ? ਹੁਸ਼ਿਆਰੀ ਕਰਨਾ ਉਸਦਾ ਸੱਭ ਤੋਂ ਵੱਡਾ ਕੰਮ ਹੈ ।ਉਹ ਚਲਾਕ ਹੈ। ਤੁਸੀਂ ਮੈਨੂੰ ਬਾਈਬਲ ਵਿੱਚੋਂ ਵਿਖਾਓ ਕਿ ਕਿਸ ਵੇਲੇ ਖੁਦਾ ਨੇ ਅਕਲਮੰਦਾਂ ਅਤੇ ਗਿਆਨੀਆਂ ਨਾਲ ਵਿਵਹਾਰ ਕੀਤਾ ਹੈ।ਤੁਸੀਂ ਇਸਦੀ ਖੋਜ ਕਰੋ ਅਤੇ ਦੇਖੋ ਕਿ ਹਮੇਸ਼ਾਂ ਹੀ ਇਸੇ ਤਰ੍ਹਾਂ ਨਹੀਂ ਹੋਇਆ ਹੈ ਕਿ ਗਿਆਨੀ ਲੋਕ ਸ਼ੈਤਾਨ ਦੇ ਸ਼ਿਕੰਜੇ ਵਿੱਚ ਰਹੇ ਹਨ।ਇਹ ਸਖਤ ਗੱਲ ਹੈ, ਪ੍ਰੰਤੂ ਇਹ ਸੱਚ ਹੈ।ਮੈਂ ਤੁਹਾਨੂੰ ਵੰਗਾਰਦਾ ਹਾਂ ਕਿ ਤੁਸੀਂ ਹਾਬਲ ਦੀ ਵੰਸ਼ਾਵਲੀ ਅਤੇ ਕਾਇਨ ਦੀ ਵੰਸ਼ਾਵਲੀ ਵਿੱਚ ਉਨ੍ਹਾਂ ਚੋਦਾਂ ਪੀੜ੍ਹੀਆਂ ਨੂੰ ਵੇਖੋ ਜੋ ਉਨ੍ਹਾਂ ਦੀਆਂ ਚੱਲੀਆਂ ਆ ਰਹੀਆਂ ਹਨ, ਅਤੇ ਵੇਖੋ ਕਿ ਕਿਸ ਦੀ ਵੰਸ਼ਾਵਲੀ ਵਿੱਚ ਤੇਜ, ਚਲਾਕ ਲੋਕ ਸਨ, ਅਤੇ ਕਿਹਦੀ ਵੰਸ਼ਾਵਲੀ ਵਿੱਚ ਦੀਨ ਲੋਕ ਸਨ।ਆਹ-ਆਹਾਹਾ।

211 ਯਿਸੂ ਨੇ ਕਿਉਂ ਇਸ ਤਰ੍ਹਾਂ ਦੇ ਲੋਕਾਂ ਨੂੰ ਚੁਣਿਆ ਸੀ? ਯਿਸੂ ਨੇ ਆਪਣੀ ਕਲੀਸਿਯਾ ਦਾ ਮੋਹਰੀ ਬਣਾਉਣ ਲਈ ਇੱਕ ਮਛੇਰੇ ਨੂੰ ਚੁਣਿਆ ਸੀ, ਉਸ ਆਦਮੀ ਨੂੰ ਚੁਣਿਆ ਸੀ ਜਿਹੜਾ ਆਪਣਾ ਨਾਮ ਵੀ ਨਹੀਂ ਲਿਖ ਸੱਕਦਾ ਸੀ।ਇਹ ਸੱਚ ਹੈ।ਗਿਆਨ ਕੁਝ ਨਹੀਂ ਹੈ ; ਇਹ ਤਾਂ ਮਸੀਹ ਦੇ ਵਿਰੁੱਧ ਹੈ।ਦੁਨੀਆਦਾਰੀ ਦਾ ਗਿਆਨ ਹਮੇਸ਼ਾਂ ਹੀ ਮਸੀਹ ਦੇ ਵਿਰੁੱਧ ਰਿਹਾ ਹੈ।ਯਿਸੂ ਨੇ ਸਾਨੂੰ ਕਦੇ ਵੀ ਇਹ ਨਹੀਂ ਕਿਹਾ ਸੀ ਜਾ ਕੇ ਸੈਮਨਰੀ ਬਣਾਓ ਅਤੇ ਬਾਈਬਲ ਸਕੂਲ ਚਾਲੂ ਕਰੋ ;ਉਸਨੇ ਕਦੇ ਵੀ ਇਸ ਤਰ੍ਹਾਂ ਨਹੀਂ ਕਿਹਾ ਸੀ।ਉਸਨੇ ਤਾਂ ਕਿਹਾ ਸੀ, " ਵਚਨ ਪ੍ਰਚਾਰ ਕਰੋ!ਖੁਸ਼ਖਬਰੀ ਦਾ ਪ੍ਰਚਾਰ ਕਰੋ!"ਅਤੇ ਫਿਰ ਉਸਨੇ ਕੀ ਇਹ ਨਹੀਂ ਕਿਹਾ ਸੀ, " ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਚਿੰਨ੍ਹ ਹੋਣਗੇ ......." ਵੇਖੋ ਤੁਹਾਨੂੰ ਕਰਨਾ ਹੋਵੇਗਾ ......ਦੂਜੇ ਸ਼ਬਦਾਂ ਵਿੱਚ ਉਸਨੇ ਕਿਹਾ ਸੀ, " ਸੱਭ ਕੌਮਾਂ ਵਿੱਚ ਜਾਓ ਅਤੇ ਪ੍ਰਮੇਸ਼ੁਰ ਦੀ ਸ਼ਕਤੀ ਦਾ ਪ੍ਰਗਟਾਵਾ ਕਰੋ।"

212 ਹੁਣ ਧਿਆਨ ਦਿਓ।ਸ਼ੈਤਾਨ ਦਾ ਕੰਮ ਬੁੱਧੀ ਦੇ ਤਰਕਾਂ ਨਾਲ ਵਚਨ ਨੂੰ ਬਿਗਾੜਨਾ ਹੈ।ਹੇ ਮੇਰੇ ਖੁਦਾ !ਔਹ !ਫਿਰ ਉਹ ਆਪਣੇ ਲੋਕਾਂ ਤੋਂ ਮੁੱਢਲੇ ਵਚਨ ਦਾ ਇਨਕਾਰ ਕਰਵਾਉਣ ਰਾਹੀਂ ਆਪਣੇ ਲੋਕਾਂ ਤੇ ਆਪਣੀ ਮੋਹਰ ਲਗਾਉਂਦਾ ਹੈ।ਹੁਣ ਇਸਨੂੰ .......

213 ਕੀ ਤੁਸੀਂ -ਕੀ ਤੁਸੀਂ ਮੇਰੇ ਨਾਲ ਥੋੜੀ ਦੇਰ ਹੋਰ ਧੀਰਜ ਕਰੋਗੇ ਅਤੇ ਇਸਨੂੰ ਸਮਝੋਗੇ?ਮੈਂ ਨਹੀਂ ਚਾਹੁੰਦਾ ਕਿ ਤੁਸੀਂ ਇਸਨੂੰ ਗੁਆ ਦਿਓ।ਮੈਂ ਤੁਹਾਨੂੰ ਨਮੂਨਾ ਵਿਖਾਉਂਦਾ ਹਾਂ ਤਾਂ ਕਿ ਤੁਸੀਂ ਇਸਨੂੰ ਸਾਰੇ ਨਮੂਨਿਆਂ ਵਿੱਚ ਅਤੇ ਵਚਨ ਵਿੱਚ ਅਤੇ ਸਾਰੀਆਂ ਗੱਲਾਂ ਵਿੱਚ ਸਮਝ ਸਕੋ।ਤੁਸੀਂ ਦੁਬਧਾ ਵਿੱਚ ਪੈ ਕੇ ......ਇਸਨੂੰ ਬੇ ਧਿਆਨ ਨਾ ਕਰ ਦੇਣਾ।

214 ਪੁਰਾਣੇ ਨੇਮ ਵਿੱਚ ਜਦ ਕਿਸੇ ਮਨੁੱਖ ਨੂੰ ਗੁਲਾਮ ਬਣਨ ਲਈ ਵੇਚ ਦਿੱਤਾ ਜਾਂਦਾ ਸੀ ਤਾਂ ਪੰਜਾਹ ਸਾਲਾਂ ਪਿੱਛੋਂ ਜੁਬਲੀ (ਅਨੰਦ ) ਦਾ ਵਰ੍ਹਾ ਆਉਂਦਾ ਸੀ।ਉਣੰਜਾ ਸਾਲ ਤਾਂ ਉਸੇ ਤਰ੍ਹਾਂ ਪਰ ਪੰਜਾਵਾਂ ਸਾਲ ਜੁਬਲੀ ਦਾ ਸਾਲ ਹੁੰਦਾ ਸੀ।ਅਤੇ ਜਦ ਗੁਲਾਮ ਇਹ ਸੁਣਦਾ ਤਾਂ ਉਹ ਅਜਾਦ ਹੋ ਕੇ ਜਾ ਸੱਕਦਾ ਸੀ, ਫਿਰ ਉਸਨੂੰ ਕੋਈ ਵੀ ਅਜਾਦ ਹੋਣ ਤੋਂ ਨਹੀਂ ਰੋਕ ਸੱਕਦਾ ਸੀ।ਤਦ ਉਹ ਆਪਣਾ ਖੁਰਪਾ ਸੁੱਟ ਦਿੰਦਾ ਸੀ ਅਤੇ ਕਹਿੰਦਾ ਸੀ, " ਬਥੇਰੀ ਦੇਰ ਗੁਲਾਮੀ ਕੀਤੀ ਪਰ ਹੁਣ ਮੈਂ ਵਾਪਸ ਆਪਣੇ ਘਰ ਜਾਣਾ ਚਾਹੁੰਦਾ ਹਾਂ, ਕਿਉਂਕਿ ਤੁਰ੍ਹੀ ਫੂਕੀ ਗਈ ਹੈ।" ਇਹ ਸਹੀ ਗੱਲ ਹੈ।

215 ਪ੍ਰੰਤੂ ਜੇ ਉਹ ਮੁੜ ਕੇ ਨਹੀਂ ਜਾਣਾ ਚਾਹੁੰਦਾ ਸੀ ਅਤੇ ਉਹ ਆਪਣੇ ਮਾਲਕ ਨਾਲ ਹੀ ਰਹਿਣ ਲਈ ਖੁਸ਼ ਸੀ ਤਾਂ ਉਸਨੂੰ ਹੈਕਲ ਵਿੱਚ ਲਿਆਂਦਾ ਜਾਂਦਾ ਸੀ ਅਤੇ ਉਸ ਦੇ ਕੰਨ ਦੀ ਪਾਪੜੀ

203 ਪ੍ਰਮੇਸ਼ੁਰ ਆਪਣੇ ਲੋਕਾਂ ਵਿਚੋਂ ਇਸ ਤਰ੍ਹਾਂ ਤਸਲੀਸ ਵਿੱਚ ਕੰਮ ਕਰਦਾ ਹੈ।ਧਰਮੀ ਠਹਿਰਾਏ ਜਾਣਾ ; ਪਵਿੱਤਰ ਠਹਿਰਾਏ ਜਾਣਾ; ਅਤੇ ਆਪਣੇ ਲੋਕਾਂ ਵਿੱਚ ਪਵਿੱਤਰ ਆਤਮਾ ਦੇ ਬਪਤਿਸਮੇ ਦੁਆਰਾ ਉਹ ਖੁਦ ਆਪ ਦੇਹਧਾਰੀ ਹੋ ਜਾਂਦਾ ਹੈ।

204 ਬਿਲਕੁੱਲ ਇਸੇ ਤਰ੍ਹਾਂ ਹੀ ਸ਼ੈਤਾਨ ਮਸੀਹ ਦੀ ਨਕਲ ਕਰਦਾ ਹੈ । ਔਹ, ਸ਼ੈਤਾਨ ਆਪਣੇ ਆਪ ਨੂੰ ਦੇਹਧਾਰੀ ਕਰਦਾ ਹੈ ......ਹੁਣ ਵੇਖੋ । ਸ਼ੈਤਾਨ.......

205 ਜਦ ਮਸੀਹ ਆਪਣੇ ਆਪ ਨੂੰ ਆਪਣੇ ਲੋਕਾਂ ਵਿੱਚ ਦੇਹਧਾਰੀ ਕਰ ਲੈਂਦਾ ਹੈ, ਤਾਂ ਉਹ ਹੀ ਜੀਵਨ ਜੋ ਮਸੀਹ ਵਿੱਚ ਸੀ ਉਸ ਆਦਮੀ ਵਿੱਚ ਹੁੰਦਾ ਹੈ।

206 ਕੀ ਹੋਵੇਗਾ ਜੇ ਤੁਸੀਂ ਕਿਸੇ ਅੰਗੂਰ ਦੀ ਵੇਲ ਵਿੱਚੋਂ ਜੀਵਨ ਕੱਢ ਕੇ ਉਸਨੂੰ ਕਿਸੇ ਕੱਦੂ ਦੀ ਵੇਲ ਵਿੱਚ ਪਾ ਦਿਓ? ਉਹ ਵੇਲ ਅਗਾਂਹ ਨੂੰ ਫਿਰ ਕੱਦੂ ਨਹੀਂ ਪੈਦਾ ਕਰੇਗੀ ; ਇਸਨੂੰ ਅੰਗੂਰ ਲੱਗਣਗੇ।ਕੀ ਹੋਵੇ ਜੇ ਆੜੂ ਦਾ ਜੀਵਨ ਕੱਢ ਕੇ ਨਾਖਾਂ ਦੇ ਬੂਟੇ ਵਿੱਚ ਪਾ ਦਿੱਤਾ ਜਾਵੇ।ਕੀ ਉਸ ਤੇ ਨਾਖਾਂ ਲੱਗਣਗੀਆਂ ? ਨਹੀਂ।ਇਹਨੂੰ ਆੜੂ ਲੱਗਣਗੇ।ਜੀਵਨ ਸਾਫ ਦੱਸਦਾ ਹੈ ਕਿ ਉਹ ਕੀ ਹੈ।ਸਮਝੇ?

207 ਜਦ ਤੁਸੀਂ ਲੋਕਾਂ ਨੂੰ ਇਹ ਕਹਿੰਦੇ ਹੋਏ ਸੁਣਦੇ ਹੋ ਕਿ ਉਨ੍ਹਾਂ ਨੇ ਪਵਿੱਤਰ ਆਤਮਾ ਪਾਇਆ ਹੈ ਅਤੇ ਉਹ ਇਸ ਵਚਨ ਦਾ ਇਨਕਾਰ ਕਰਦੇ ਹਨ, ਤਾਂ ਇਸ ਵਿੱਚ ਕੋਈ ਖਰਾਬੀ ਹੈ।ਪਵਿੱਤਰ ਆਤਮਾ ਨੇ ਹੀ ਇਹ ਵਚਨ ਲਿਖਿਆ ਹੈ।

208 ਅਤੇ ਯਿਸੂ ਨੇ ਕਿਹਾ, " ਜੇ ਕਿਸੇ ਮਨੁੱਖ ਅੰਦਰ ਮੇਰਾ ਆਤਮਾ ਹੈ ਤਾਂ ਉਹ ਮੇਰੇ ਕੰਮਾਂ ਨੂੰ ਕਰੇਗਾ।"ਕੀ ਤੁਸੀਂ ਇਸਨੂੰ ਪੜ੍ਹਨਾ ਚਾਹੁੰਦੇ ਹੋ? ਕੀ ਤੁਸੀਂ ਇਸਨੂੰ ਲਿਖਣਾ ਚਾਹੁੰਦੇ ਹੋ? ਇਹ ਸੰਤ ਯੂਹੰਨਾ 14:12 ਹੈ। " ਉਹ ਜਿਹੜਾ ਮੇਰੇ 'ਤੇ ਨਿਹਚਾ ਕਰਦਾ ਹੈ ਉਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਵੀ ਕਰੇਗਾ, ਬਲਕਿ ਇਸ ਤੋਂ ਵੀ ਵੱਡੇ-ਵੱਡੇ ਕੰਮ ਕਰੇਗਾ, ਕਿਉਂਕਿ ਮੈਂ ਪਿਤਾ ਦੇ ਕੋਲ ਜਾਂਦਾ ਹਾਂ।" ਸਮਝੇ? ਤਦ ਉਹ ਉਸਨੂੰ ਧਰਮੀ ਠਹਿਰਾਉਂਦਾ ਹੈ ਅਤੇ ਉਸਨੂੰ ਸ਼ੁੱਧ ਕਰਦਾ ਹੈ ਤਾਂ ਕਿ ਉਹ ਖੁਦਾ ਦੇ ਸਾਹਮਣੇ ਖੜਾ ਹੋ ਸਕੇ।ਉਹ ਸਿਆਹੀ ਦੀ ਬੂੰਦ ਉੱਥੇ ਡਿੱਗਦੀ ਹੈ ਅਤੇ ਉਹ ਉਸਨੂੰ ਜੀਵਨ-ਮੌਤ ਦੀ ਰੇਖਾ ਤੋਂ ਉਸ ਪਾਸੇ ਜੀਵਨ ਵੱਲ ਲੈ ਜਾਂਦਾ ਹੈ।ਸਮਝੇ?

209 ਹੁਣ ਧਿਆਨ ਦਿਓ।ਜਦ ਸ਼ੈਤਾਨ ਆਪਣੇ ਆਪ ਨੂੰ ਆਪਣੇ ਲੋਕਾਂ ਵਿਚ ਦੇਹਧਾਰੀ ਕਰ ਲੈਂਦਾ ਹੈ ਤਾਂ ਉਹ ਉਹੀ ਕੰਮ ਕਰਦਾ ਹੈ ਜਿਹੜੇ ਸ਼ੈਤਾਨ ਨੇ ਕੀਤੇ ਸਨ।ਕੀ ਤੁਸੀਂ ਵੇਖਦੇ ਹੋ ਕਿ ਸ਼ੈਤਾਨ ਨੇ ਕੀ ਕੀਤਾ ਸੀ।ਉਹ ਉਸ ਨਿਰਦੋਸ਼ ਔਰਤ ਨੂੰ ਭਰਮਾਉਣ ਲਈ ਉਸਦੇ ਕੋਲ ਗਿਆ ਸੀ। ਬਿਲਕੁੱਲ ਇਸੇ ਤਰ੍ਹਾਂ ਹੀ ਇਹਨਾਂ ਦੁਸ਼ਟਾਂ ਵਿੱਚੋਂ ਕੁਝ ਦੁਸ਼ਟ ਕਰਦੇ ਹਨ।ਉਹ ਕਿਸੇ ਅਜਿਹੀ ਜਗ੍ਹਾ ਤੇ ਆਉਂਦੇ ਹਨ ਜਿੱਥੇ ਕਿ ਪਾਦਰੀ ਸਹਿਬ ਕਿਤੇ ਬਾਹਰ ਗਏ ਹੋਣ ਅਤੇ ਉਹ ਕਹਿੰਦੇ ਹਨ," ਔਹ, ਕੀ ਤੁਸੀਂ ਸਾਡੇ ਨਾਲ ਸੰਗਤੀ ਕਰੋਗੇ!" ਆਹਹ ! ਆਹਹ ! ਇਹ ਸ਼ੈਤਾਨ ਦਾ ਕੰਮ ਹੈ । ਹੁਣ, ਇਹ ਸੱਚ ਹੈ ! ਅਤੇ ਜਦ ਸ਼ੈਤਾਨ ਇੱਕ ਦੁਸ਼ਟ ਬਣਨ ਲਈ ਕਲੀਸਿਯਾ ਵਿੱਚ ਦੇਹਧਾਰੀ ਹੋ ਜਾਂਦਾ ਹੈ ਤਾਂ ਉਸ ਕਲੀਸਿਯਾ ਦੇ ਲੋਕ ਖੂਨ ਅਤੇ ਕਤਲ ਅਤੇ ਅਜਿਹੇ ਹੀ ਦੂਸਰੇ ਕੰਮ ਕਰਦੇ ਹਨ। ਕਿਉਂਕਿ ਸ਼ੈਤਾਨ ਤਾਂ ਮੁੱਢੋਂ ਹੀ ਹਤਿਆਰਾ ਹੈ; ਝੂਠਾ ਹੈ ਅਤੇ ......ਸਮਝੇ? ਠੀਕ ਹੈ।



159 ਕੀ ਅੱਜ ਦੇ ਅਧੁਨਿਕ ਲੋਕਾਂ ਦਾ ਵੀ ਹਾਲ ਇਹੋ ਹੀ ਨਹੀਂ ਹੈ, ਜਿਹੜੇ ਕਹਿੰਦੇ ਹਨ, " ਉਹ ਤਾਂ ਪਵਿੱਤਰ ਲੋਟ-ਪੋਟ (ਪਵਿੱਤਰ ਪਖੰਡੀ) ਹੋਣ ਵਾਲਿਆਂ ਦਾ ਝੁੰਡ ਹੈ।ਵੇਖੋ ਤੁਸੀਂ, ਉਨ੍ਹਾਂ ਵੱਲ ਕੋਈ ਵੀ ਧਿਆਨ ਨਾ ਦੇਣਾ।ਉੱਥੇ ਨਾ ਜਾਣਾ ......ਸਮਝੇ ?"

160 ਹੁਣ ਤੁਸੀਂ ਪ੍ਰਾਣਿਕ ਮਨੁੱਖ ਜਾਤੀ ਦੀ ਪਹਿਲੀ ਦੁਲਹਨ ਨੂੰ ਵੇਖੋ, ਇਸ ਤੋਂ ਪਹਿਲਾਂ ਕਿ ਉਸਦਾ ਪਤੀ ਉਸਦੇ ਕੋਲ ਆਉਂਦਾ ਉਹ ਸ਼ੈਤਾਨ ਦੇ ਝੂਠ ਨੂੰ ਸੁਣਨ ਕਾਰਨ ਕਿਰਪਾ ਤੋਂ ਡਿੱਗ ਗਈ ਸੀ, ਜਦਕਿ ਖੁਦਾ ਪਹਿਲਾਂ ਹੀ ਉਸਦੇ ਆਲੇ-ਦੁਆਲੇ ਆਪਣੇ ਵਚਨ ਦੀ ਘੇਰਾਬੰਦੀ ਕਰ ਚੁੱਕਾ ਸੀ।ਜੇ ਉਹ ਵਚਨ ਦੇ ਪਿੱਛੇ ਹੀ ਰਹਿੰਦੀ ਤਾਂ ਉਹ ਕਦੇ ਵੀ ਨਾ ਡਿੱਗਦੀ।ਹੁਣ ਇਹ ਗੱਲ ਸੁਭਾਵਕ ਤੋਰ ਤੇ ਪਾਈ ਜਾਂਦੀ ਹੈ । ਧਿਆਨ ਦਿਓ, ਸੁਭਾਵਕ ਤੀਵੀਂ ਵਿੱਚ ਪਾਈ ਜਾਂਦੀ ਹੈ।

161 ਅਤੇ ਸਰਾਪ ਕੀ ਸੀ, ਅਸਲੀ ਸਰਾਪ ਤਾਂ ਖੁਦਾ ਦੇ ਵਚਨ ਦੀ ਘੇਰਾਬੰਦੀ ਤੋਂ ਬਾਹਰ ਹੋ ਜਾਣ ਨਾਲ ਆਉਂਦਾ ਹੈ ?

162 ਹੁਣ ਯਾਦ ਰੱਖੋ, ਉਸਨੇ ਵਚਨ ਦਾ ਲੱਗ-ਭੱਗ ਅਠਾਨਵੇਂ ਪ੍ਰਤੀਸ਼ਤ ਵਿਸ਼ਵਾਸ਼ ਕੀਤਾ ਸੀ। ਪ੍ਰੰਤੂ ਤੁਸੀਂ ਤਾਂ ਬਸ ਇੱਕ ਗੱਲ ਹੀ ਛੱਡਣੀ ਹੁੰਦੀ ਹੈ।ਸਮਝੇ? ਉਸਨੇ ਸਾਰੇ ਹੀ ਵਚਨ ਦਾ ਯਕੀਨ ਕੀਤਾ ਸੀ।ਬਿਲਕੁੱਲ ।ਉਸਨੇ ਇਹ ਕਿਹਾ, ਅਤੇ ਸ਼ੈਤਾਨ ਨੇ ਸਵੀਕਾਰ ਕੀਤਾ ਕਿ ਉਹ ਠੀਕ ਹੈ। ਜੇ ਉਹ ਬਸ ਤੁਹਾਨੂੰ ਇੱਕ ਕੋਨੇ ਵਿੱਚ ਲਿਜਾ ਸੱਕਦਾ ਹੈ ਤਾਂ ਇਹ ਹੀ ਉਹ ਚਾਹੁੰਦਾ ਹੈ। ਸਮਝੇ? ਤੁਹਾਨੂੰ ਬਸ ਇੱਕ ਹੀ ਕੰਮ ਕਰਨ ਦੀ ਲੋੜ ਹੈ ਕਿ ਤੁਸੀਂ ਗੋਲੀ ਨੂੰ ਨਿਸ਼ਾਨੇ ਤੋਂ ਥੋੜਾ ਜਿਹਾ ਭੁਆਂ ਕੇ ਮਾਰੋ ਅਤੇ ਉਹ ਨਿਸ਼ਾਨੇ ਤੋਂ ਖੁੰਝ ਜਾਵੇਗੀ। ਸਮਝੇ? ਬਸ ਏਨਾ ਹੀ ਬਥੇਰਾ ਹੈ। ਹੁਣ ਉਹ ਵਚਨ ਦਾ ਕਾਫੀ ਕੁਝ ਵਿਸ਼ਵਾਸ਼ ਕਰਦੀ ਸੀ ਪ੍ਰੰਤੂ ਤਦ ਵੀ ਉਹ ਇਸ ਤੋਂ ਖੁੰਝ ਗਈ ਸੀ।

163 ਅਤੇ ਇਸਦਾ ਇਹ ਨਤੀਜਾ ਇਸ ਲਈ ਸੀ ਕਿਉਂਕਿ ਉਸਨੇ ਇੱਕ ਛੋਟੀ ਜਿਹੀ ਦਲੀਲ ਦੀ ਖਾਤਰ ਵਚਨ ਨੂੰ ਤਿਆਗ ਦਿੱਤਾ ਸੀ।

164 ਚੰਗਾ, ਹੁਣ ਤੁਸੀਂ ਕਹਿੰਦੇ ਹੋ, " ਔਰਤਾਂ ਦੇ ਬਾਰੇ ਵਿੱਚ ਕੀ ਖਿਆਲ ਹੈ?" ਜਾਂ " ਤੂੰ ਉਨ੍ਹਾਂ ਦੇ ਬਾਰੇ ਵਿੱਚ ਇਸ ਤਰ੍ਹਾਂ ਕਿਉਂ ਬੋਲਣਾ ਚਾਹੁੰਦਾ ਹੈਂ?" ਪ੍ਰੰਤੂ ਇਨ੍ਹਾਂ ਵਿੱਚੋਂ ਕਿਸੇ ਛੋਟੀ ਜਿਹੀ ਗੱਲ ਨੂੰ ਦੱਸਦਾ ਹੈ, ਤੁਸੀਂ ਕਹਿੰਦੇ ਹੋ, " ਇਹਦੇ ਨਾਲ ਕੀ ਫਰਕ ਪੈਂਦਾ ਹੈ,ਭਾਵੇਂ ਉਹ ਮੁੱਢਲਾ ਸਬੂਤ ਹੀ ਕਿਉਂ ਨਾ ਹੋਵੇ?" ਇਸ ਨਾਲ ਕੁਝ ਫਰਕ ਪੈਂਦਾ ਹੈ ! ਤੁਸੀਂ ਸਮਝੇ ........

165 ਇਸਨੂੰ ਤਾਂ ਸਿੱਧਾ ਕੀਤਾ ਜਾਣਾ ਹੈ।ਅਸੀਂ ਇਸਤੇ ਕਲੀਸਿਯਾ ਦੇ ਸੱਤਾਂ ਯੁੱਗਾਂ ਦੇ ਦਰਮਿਆਨ ਅੰਦਾਜਾ ਲਗਾ ਚੁੱਕੇ ਹਾਂ।ਪਰ ਉਹ ਸਮਾਂ ਆ ਗਿਆ ਹੈ ਜਦ ਖੁਦਾ ਇਹਨੂੰ ਕਹਿੰਦਾ ਹੈ।ਉਹ ਇਸਦੇ ਬਾਰੇ ਕੰਹਿਦਾ ਹੀ ਨਹੀਂ ਪਰ ਇਸਨੂੰ ਵਿਖਾਉਂਦਾ ਹੈ, ਇਸਦੀ ਪਛਾਣ ਕਰਾਉਂਦਾ ਹੈ ਅਤੇ ਇਸਨੂੰ ਪ੍ਰਮਾਣਿਤ ਕਰਦਾ ਹੈ ਕਿ ਇਹ ਸੱਚ ਹੈ।ਇਹ ਠੀਕ ਹੈ।ਜੇ ਉਹ ਇਸ ਤਰ੍ਹਾਂ ਨਹੀਂ ਕਰਦਾ ਹੈ ਤਾਂ ਉਹ ਬਿਲਕੁੱਲ ਵੀ ਖੁਦਾ ਨਹੀਂ ਹੈ।ਖੁਦਾ ਆਪਣੇ ਵਚਨ ਦੇ ਪਿੱਛੇ ਖੜਾ ਹੁੰਦਾ ਹੈ।

166 ਹੁਣ ਧਿਆਨ ਦਿਓ।ਸੁਭਾਵਿਕ ਤੀਵੀਂ ਨੇ ਸਭਾਵਿਕ ਮੌਤ ਪੈਦਾ ਕੀਤੀ ਸੀ, ਕਿਉਂਕਿ ਉਸਨੇ ਆਪਣੇ ਆਪਨੂੰ ਅਕਲਮੰਦ ਬਣਾਉਣ ਲਈ ਦਲੀਲਾਂ ਉੱਤੇ ਕੰਨ ਲਾਇਆ, ਉਸਨੇ ਆਪਣੇ ਆਪ ਨੂੰ ਵਚਨ ਦੇ ਪਿੱਛੇ ਰੱਖਣ ਅਤੇ ਜੋ ਖੁਦਾ ਨੇ ਉਸਨੂੰ ਕਰਨ ਨੂੰ ਕਿਹਾ ਸੀ ਉਹ ਕਰਨ ਦੀ

ਬਜਾਏ ਆਪਣੇ ਆਪ ਨੂੰ ਬੁੱਧੀਮਾਨ ਬਣਾਇਆ ਸੀ। ਉਹ ਗਿਆਨ ਚਾਹੁੰਦੀ ਸੀ ਅਤੇ ਅਕਲਮੰਦ ਬਣਨਾ ਚਾਹੁੰਦੀ ਸੀ, ਅਤੇ ਉਸਨੇ ਦਲੀਲਾਂ ਨੂੰ ਸੁਣਿਆ ਸੀ ਅਤੇ ਉਸਨੇ ਸੰਪੂਰਣ ਮਨੁੱਖ ਜਾਤੀ ਨੂੰ ਗੁਆ ਦਿੱਤਾ । ਸਮਝੇ ?

167 ਹੁਣ ਇਸ ਸਮੇਂ ਆਤਮਿਕ ਤੀਵੀਂ, ਮਸੀਹ ਦੀ ਦੁਲਹਨ ਨੇ ਜਿਹੜੀ ਪੈਂਤੀਕੁਸਤ ਦੇ ਦਿਨ ਰਸੂਲੀ ਕਲੀਸਿਯਾ ਦੇ ਅਨੁਭਵ ਨਾਲ ਅਰੰਭ ਹੋਈ ਸੀ, ਨੀਸੀਆ ਸਭਾ ਵਿੱਚ ਬਿਲਕੁੱਲ ਉਸੇ ਚੀਜ਼ ਨੂੰ ਗੁਆ ਦਿੱਤਾ। ਲੀ, ਤੁਸੀਂ ਤਾਂ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੇ ਹੋ।ਅਤੇ ਨੀਸੀਆ ਦੀ ਸਭਾ ਵਿੱਚ ਜਦ ਉਸਨੇ ਕੰਨਸਟਨਟਾਈਨ ਬਾਦਸ਼ਾਹ ਦੇ ਬਖਸ਼ੇ ਹੋਏ ਵੱਡੇ-ਵੱਡੇ ਗਿਰਜਿਆਂ ਦੀ ਖਾਤਰ ਆਪਣਾ ਜਨਮ ਸਿੱਧ ਅਧਿਕਾਰ ਵੇਚ ਦਿੱਤਾ ਅਤੇ ਉਸਨੇ ਆਪਣਾ ਅਧਿਆਤਮਿਕ ਅਧਿਕਾਰ ਰੋਮ ਦੇ ਕੁਝ ਅਕੀਦਿਆਂ ਦੀ ਖਾਤਰ ਵੇਚ ਸੁੱਟਿਆ।ਹੁਣ ਇਹ ਗੱਲ ਕੈਥੋਲਿਕਾਂ ਨੂੰ ਸੁਣਨੀ ਬਹੁਤ ਔਖੀ ਲੱਗਦੀ ਹੈ।ਪ੍ਰੰਤੂ ਪ੍ਰੋਟੈਸਟੈਂਟਾਂ ਨੇ ਵੀ ਠੀਕ ਇਹੋ ਕੁਝ ਹੀ ਕੀਤਾ ਅਤੇ ਉਹ ਬਾਈਬਲ ਵਿੱਚ ਆਪਣੇ ਆਪ ਨੂੰ "ਉਸ ਵੱਡੀ ਕੰਜਰੀ ਦੀਆਂ ਧੀਆਂ "ਦੇ ਰੂਪ ਵਿੱਚ ਦਰਸਾਉਂਦੇ ਹਨ। ਇਹ ਬਿਲਕੁੱਲ ਸੱਚ ਹੈ, ਉਨ੍ਹਾਂ ਵਿੱਚੋਂ ਹਰ ਇੱਕ ਉਸਦੀ ਧੀ ਹੈ !ਉਨ੍ਹਾਂ ਲਈ ਕੋਈ ਵੀ ਬਹਾਨਾ ਨਹੀਂ ਹੈ।

168 ਪਰ ਸਦਾ ਹੀ ਅਜਿਹਾ ਹੋਇਆ ਕਿ ਇਨ੍ਹਾਂ ਸੱਭ ਦੇ ਨਾਲ-ਨਾਲ ਚੱਲਦੇ ਇੱਕ ਛੋਟਾ ਜਿਹਾ ਬਕੀਆ ਹੁੰਦਾ ਹੈ ਜੋ ਦੁਲਹਨ ਨੂੰ ਬਣਾਉਂਦੇ ਹਨ।

169 ਧਿਆਨ ਦਿਓ, ਇਸ ਤੋਂ ਪਹਿਲਾਂ ਕਿ ਉਸਦਾ ਪਤੀ ਉਸਨੂੰ ਪ੍ਰਾਪਤ ਕਰਦਾ ਉਸਨੇ ਆਪਣੇ ਜਨਮ ਸਿੱਧ ਅਧਿਕਾਰਾਂ ਨੂੰ ਗੁਆ ਦਿੱਤਾ ਸੀ।ਸਮਝੇ? ਵਿਆਹ ਤੋਂ ਪਹਿਲਾਂ ਹੀ ਉਸਨੇ ਆਪਣਾ ਗੁਆ ਲਿਆ ਸੀ।

170 ਅਤੇ ਹੁਣ ਤੁਹਾਨੂੰ ਯਾਦ ਹੈ ਕਿ ਉਸ ਲਾਉਦੀਕੀਆ ਯੁੱਗ ਵਿੱਚ .........ਉਸਨੇ ਉੱਥੇ ਕਿਹਾ," ਮੈਂ ਰਾਣੀ ਵਾਂਗੂੰ ਬੈਠੀ ਹਾਂ ।ਮੈਨੂੰ ਕਿਸੇ ਵੀ ਚੀਜ਼ ਦੀ ਥੁੜ ਨਹੀਂ ਹੈ।" " ਮੈਂ ਧਨੀ ਹਾਂ ਅਤੇ ਮੇਰੇ ਕੋਲ ਸਭਨਾਂ ਵਸਤਾਂ ਦੀ ਭਰਮਾਰ ਹੈ ।ਅਤੇ, ਔਹ, ਸਾਰਾ ਸੰਸਾਰ ਮੇਰੇ ਵੱਲ ਵੇਖਦਾ ਹੈ । ਮੈਂ ਵੱਡੀ ਪਵਿੱਤਰ ਕਲੀਸਿਯਾ ਅਤੇ ਆਦਿ-ਆਦਿ ਹਾਂ ।ਅਸੀਂ ਇਸ ਤਰ੍ਹਾਂ ਦੇ ਹਾਂ, " ਸਾਰਾ ਯੁੱਗ ਹੀ ਇਸ ਤਰ੍ਹਾਂ ਦਾ ਹੈ।

171 ਅਤੇ ਉਸਨੇ ਕਿਹਾ, "ਕਿ ਤੁਸੀਂ ਨਹੀਂ ਜਾਣਦੇ ਹੋ ਕਿ ਤੂੰ ਅੰਨ੍ਹਾ, ਨੰਗਾ ਮੰਦਭਾਗਾ, ਦੁਖੀ ਅਤੇ ਕੰਗਾਲ ਹੈਂ ਤੇ ਜਾਣਦਾ ਵੀ ਨਹੀਂ।" ਅਤੇ ਹੁਣ ਜੇ ਪਵਿੱਤਰ ਆਤਮਾ ਕੰਹਿਦਾ ਹੈ ਕਿ ਅੰਤ ਦੇ ਦਿਨਾਂ ਵਿੱਚ ਇਸ ਤਰ੍ਹਾਂ ਦੀ ਹਾਲਤ ਹੋਵੇਗੀ, ਤਾਂ ਇਸੇ ਤਰ੍ਹਾਂ ਦੀ ਹੀ ਹਾਲਤ ਹੈ।

172 ਹੁਣ ਵੇਖੋ।ਹੁਣ ਜਦ ਉਸਨੇ ਉੱਥੇ ਪਿੱਛੇ ਆਪਣੇ ਜਨਮ ਸਿੱਧ ਅਧਿਕਾਰਾਂ ਨੂੰ ਵੇਚ ਦਿੱਤਾ, ਵਚਨ ਦੇ ਆਪਣੇ ਗੁਣਾਂ ਦੇ ਅਧਿਕਾਰਾਂ ਨੂੰ ਵੇਚ ਦਿੱਤਾ ਤਾਂ ਉਸਨੇ ਕੀ ਕੀਤਾ ਸੀ ? ਜਦ ਹੱਵਾਹ ਨੇ ਇਹ ਕੀਤਾ ਸੀ ਤਾਂ ਸਾਰੀ ਰਚਨਾ ਦਾ ਪਤਨ ਹੋ ਗਿਆ ; ਸਾਰੀ ਸਰਿਸ਼ਟੀ ਉਹਦੇ ਦੁਆਰਾ ਡਿੱਗ ਗਈ।

173 ਹੁਣ ਧਿਆਨ ਦਿਓ, ਹੁਣ ਜਦ ਕਲੀਸਿਯਾ ਨੇ ਇਸ ਤਰ੍ਹਾਂ ਕੀਤਾ, ਜਦ ਉਸਨੇ ਪਾਕ ਰੂਹ ਅਤੇ ਵਚਨ ਨੂੰ ਕਬੂਲ ਕਰਨ ਦੀ ਬਜਾਏ ਅਕੀਦਿਆਂ ਨੂੰ ਕਬੂਲ ਕੀਤਾ ਤਾਂ ਇਸ ਨੇ ਸਾਰੀ ਪ੍ਰਣਾਲੀ



ਹਨ, ਕੀ ਤੁਸੀਂ ਉਸ ਦੀਆਂ ਅੱਖਾਂ ਨੂੰ ਨਹੀਂ ਖੋਲ੍ਹੋਗੇ? " ਮੈਨੂੰ ਅੰਨ੍ਹਾ ਕਰ ਦੇ ! ਮੈਨੂੰ ਅੰਨ੍ਹਾ ਕਰ ਦੇ!" ਇਹ ਉਹ ਹੀ ਪੁਰਾਣਾ ਸ਼ੈਤਾਨ ਹੈ । ਸਮਝੇ? "ਸਲੀਬ ਤੋਂ ਹੇਠਾਂ ਉੱਤਰ ਆ ਫਿਰ ਅਸੀਂ ਵਿਸ਼ਵਾਸ਼ ਕਰਾਂਗੇ।" " ਜੇ ਤੂੰ ਪ੍ਰਮੇਸ਼ੁਰ ਦਾ ਪੁੱਤਰ ਹੈਂ ਤਾਂ ਇਨ੍ਹਾਂ ਪੱਥਰਾਂ ਨੂੰ ਰੋਟੀਆਂ ਬਣਾ ਦੇ।" ਵੇਖਿਆ, ਇਹ ਉਹ ਹੀ ਸ਼ੈਤਾਨ ਹੈ।

198 ਵੇਖੋ, ਤੁਸੀਂ ਅਜਿਹਿਆਂ ਤੋਂ ਪਰੇ ਰਹੋ । ਨਹੀਂ । ਇਸੇ ਤਰ੍ਹਾਂ ਹੀ ਯਿਸੂ ਨੇ ਕੀਤਾ ਸੀ। ਉਸਨੇ ਉਨ੍ਹਾਂ ਵਿੱਚੋਂ ਕਿਸੇ ਦਾ ਵੀ ਮਖੌਲ ਨਹੀਂ ਉਡਾਇਆ ਸੀ।

199 ਉਨ੍ਹਾਂ ਨੇ ਉਸਦੇ ਹੱਥ ਉੱਤੇ ਕੱਪੜਾ ਲਪੇਟਿਆ ......ਉਸ ਦੀਆਂ ਬੇਸ਼ਕੀਮਤੀ ਅੱਖਾਂ ਤੇ *ਇਸ* ਤਰ੍ਹਾਂ ਕੱਪੜਾ ਲਪੇਟਿਆ । ਅਤੇ ਉਨ੍ਹਾਂ ਨੇ ਇੱਕ ਸੋਟੀ ਲਈ ਅਤੇ ਉਸਦੇ ਸਿਰ ਤੇ ਮਾਰੀ ਅਤੇ ਕਿਹਾ, "ਜੇ ਤੂੰ ਨਬੀ ਹੈਂ ਤਾਂ ਦਸ ਤੈਨੂੰ ਕਿਸਨੇ ਮਾਰਿਆ ਹੈ?" ਉਨ੍ਹਾਂ ਨੇ ਸੋਟੀ ਇੱਕ ਦੂਸਰੇ ਨਾਲ ਬਦਲ ਲਈ। " ਹੁਣ, ਤੂੰ ਸਾਨੂੰ ਦੱਸ ਕਿ ਤੈਨੂੰ ਕਿਹਨੇ ਮਾਰਿਆ ਹੈ, ਅਤੇ ਅਸੀਂ ਨਿਹਚਾ ਕਰਾਂਗੇ ਕਿ ਤੂੰ ਨਬੀ ਹੈਂ।" ਪ੍ਰੰਤੂ ਉਸਨੇ ਕਦੇ ਵੀ ਆਪਣਾ ਮੂੰਹ ਨਹੀਂ ਖੋਲ੍ਹਿਆ।ਉਹ ਉੱਥੇ ਸ਼ਾਂਤ ਬੈਠਾ ਰਿਹਾ।ਉਸਨੇ ਮਖੌਲ ਨਹੀਂ ਉਡਾਇਆ । ਤੁਸੀਂ ਵੇਖਦੇ ਹੋ ਕਿ ਉਹ ਬਸ ਉਹ ਹੀ ਕਰਦਾ ਹੈ ਜੋ ਉਸਦਾ ਪਿਤਾ ਕਹਿੰਦਾ ਹੈ।ਸਮਝੇ? ਉਨ੍ਹਾਂ ਨੂੰ ਕਰਨ ਦਿਓ।ਤੁਸੀਂ ਫਿਕਰ ਨਾ ਕਰੋ।ਉਨ੍ਹਾਂ ਦਾ ਵੇਲਾ ਆ ਰਿਹਾ ਹੈ । ਜੀ ਹਾਂ, ਸ਼੍ਰੀ ਮਾਨ ਜੀ। ਹੁਣ, ਉਨ੍ਹਾਂ ਨੇ ਉਸਦੇ ਕੱਪੜੇ ਨੂੰ ਛੂਹਿਆ ਅਤੇ ਉਨ੍ਹਾਂ ਨੂੰ ਕਿਸੇ ਵੀ ਸ਼ਕਤੀ ਦਾ ਅਹਿਸਾਸ ਨਹੀਂ ਹੋਇਆ।

200 ਪ੍ਰੰਤੂ ਇੱਕ ਗਰੀਬੜੀ ਜਿਹੀ ਤੀਵੀਂ ਜਿਹਦੀ ਕਿ ਇੱਕ ਲੋੜ ਸੀ, ਉਸਨੇ ਬਸ ਉਸਦਾ ਕੱਪੜਾ ਛੂਇਆ।ਉਹ ਪਿੱਛੇ ਮੁੜਿਆ ਅਤੇ ਉਸਨੇ ਪੁੱਛਿਆ, " ਕਿਸਨੇ ਮੈਨੂੰ ਛੂਹਿਆ ਹੈ ?" ਆ-ਹਾਹਾ।ਇਹ ਕੀ ਸੀ? ਇਹ ਇੱਕ ਅਲੱਗ ਤਰ੍ਹਾਂ ਨਾਲ ਛੂਹਣਾ ਸੀ।ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਉਸਨੂੰ ਕਿਸ ਤਰ੍ਹਾਂ ਛੂੰਹਦੇ ਹੋ, ਤੁਸੀਂ ਸਮਝੇ, ਵੇਖਿਆ, ਜਿਸ ਤਰ੍ਹਾਂ ਤੁਸੀਂ ਵਿਸ਼ਵਾਸ਼ ਕਰਦੇ ਹੋ।ਹੁਣ, ਤੁਸੀਂ ਸਮਝੇ?

201 ਹੁਣ ਜਿਵੇਂ ਕਿ ਸ਼ੈਤਾਨ ਕਰ ਰਿਹਾ ਹੈ .......ਹੁਣ ਉਸਨੇ ਆਪਣੇ ਆਪ ਨੂੰ ਮਸੀਹ ਵਿਰੋਧੀ ਤੋਂ ਇੱਕ ਝੂਠੇ ਨਬੀ ਵਿੱਚ ਬਦਲ ਲਿਆ।ਅਤੇ ਯਹੂਦੀਆਂ ਦੇ ਦਿਨਾਂ ਵਿੱਚ, ਮੁੱਢਲੀ ਕਲੀਸਿਯਾ ਵਿੱਚ ਉਹ "ਮਸੀਹ ਵਿਰੋਧੀ " ਹੈ।ਹਨੇਰ ਯੁੱਗ ਦੇ ਸਮੇਂ ਵਿੱਚ ਉਹ " ਝੂਠਾ ਨਬੀ " ਬਣ ਜਾਂਦਾ ਹੈ।ਵੇਖੋ ਇੱਥੇ ਉਹ ਆਪਣੇ " ਬਦੀਆਂ ਦੇ ਕਟੋਰੇ ਨਾਲ ਹੈ "?ਹੁਣ, ਇਹ ਹੁਣ ਦੇ ਕਲੀਸਿਯਾਈ ਯੁੱਗ ਲਈ ਹੈ।

202 ਪ੍ਰੰਤੂ ਇਸ ਯੁੱਗ ਵਿੱਚ ਜਦ ਕਲੀਸਿਯਾ ਸੁਰਗੀ ਘਰ ਚਲੀ ਜਾਂਦੀ ਹੈ ਤਾਂ ਉਹ ਪਸ਼ੂ ਬਣ ਜਾਂਦਾ ਹੈ, ਉਹ ਲਾਲ ਅਜਗਰ ਬਣ ਜਾਂਦਾ ਹੈ।ਹੇ ਮੇਰੇ ਪ੍ਰਭੂ!ਕੀ ਤੁਸੀਂ ਨਹੀਂ ਸਮਝ ਰਹੇ ਹੋ ਕਿ ਮੇਰੇ ਕਹਿਣ ਦਾ ਕੀ ਮਤਲਬ ਹੈ? ਫਿਰ ਉਹ ਆਪਣੇ ਲੋਕਾਂ ਵਿੱਚ ਦੇਹਧਾਰੀ ਹੋ ਜਾਂਦਾ ਹੈ।ਉਸਦੇ ਆਪਣੇ ਲੋਕ ਹਨ ਜੋ ਉਸਦੀ ਸ਼ਕਤੀ ਨਾਲ ਬੱਝੇ ਹੋਏ ਹਨ। ਅਤੇ ਇਹ ਝੂਠਾ ਨਬੀ ਅਪਣੇ ਹੀ ਲੋਕਾਂ ਵਿੱਚ ਭਵਿੱਖਬਾਣੀ ਕਰਦਾ ਹੈ।ਲਿਖਿਆ ਹੈ, " ਉਨ੍ਹਾਂ ਨੂੰ ਇੱਕ ਧੋਖਾ ਦੇਣ ਵਾਲਾ ਆਤਮਾ ਦਿੱਤਾ ਜਾਵੇਗਾ ਤਾਂ ਕਿ ਉਹ ਝੂਠ ਨੂੰ ਸੱਚ ਮੰਨਣ ਅਤੇ ਇਹਦੇ ਦੁਆਰਾ ਹੀ ਸਜਾ ਪਾਉਣ।" " ਉਹ ਭਗਤੀ ਦਾ ਰੂਪ ਤਾਂ ਧਾਰਦੇ ਹਨ ਪਰ ਉਸਦੇ ਵਚਨ ਤੋਂ ਇਨਕਾਰੀ ਹਨ।"

ਹੁਣ ਵੇਖੋ, ਪਹਿਲਾਂ ਉਹ "ਮਸੀਹ ਵਿਰੋਧੀ " ਬਣਦਾ ਹੈ।

190 ਹੁਣ ਉਹ ਸਿਰਫ ਆਤਮਾ ਵਿੱਚ ਹੀ ਮਸੀਹ ਵਿਰੋਧੀ ਨਹੀਂ ਹੋ ਸੱਕਦਾ ਸੀ।ਪ੍ਰੰਤੂ ਬਾਦ ਵਿੱਚ ਉਹ ਮਸੀਹ ਵਿਰੋਧੀ ਬਣਿਆ ਅਤੇ ਉਸ ਆਤਮਾ ਨੇ ਇੱਕ ਮਨੁੱਖ ਲਿਆ ਜੋ ਬਿਲਕੁੱਲ ਉਨ੍ਹਾਂ ਹੀ ਗੱਲਾਂ ਨੂੰ ਸਿਖਾਉਂਦਾ ਸੀ ਜਿਹੜੇ ਮਸੀਹ ਵਿਰੋਧੀ ਆਤਮਾ ਕਰ ਰਿਹਾ ਸੀ, ਅਤੇ ਫਿਰ ਉਹ ਮਸੀਹ ਵਿਰੋਧੀ ਆਤਮਾ ਇੱਕ "ਝੂਠਾ ਨਬੀ " ਬਣ ਗਿਆ । ਉਸ ਮਨੁੱਖ ਦੇ ਬਾਰੇ ਕੀ ਗੱਲ ਹੈ ਜੋ ਕਿ ਮਿਸ਼ਨ ਵਿੱਚ ਹੈ ? ਤੁਸੀਂ ਆਪਣੇ ਆਪ ਤੇ ਲਾਗੂ ਕਰੋ।ਇਹ ਸੱਚ ਹੈ ਮੈਂ ਨਹੀਂ ਜਾਣਦਾ ਹਾਂ ਕਿ ਤੁਸੀਂ ਇਸਦੇ ਬਾਰੇ ਵਿੱਚ ਕੀ ਸੋਚਦੇ ਹੋ।

191 ਹੁਣ, ਅੰਤ ਵਿੱਚ ਉਹ "ਇੱਕ ਪਸ਼ੂ " ਬਣ ਜਾਂਦਾ ਹੈ ।ਹੁਣ ਤੁਸੀਂ ਉਡੀਕ ਕਰੋ, ਅਤੇ ਅਸੀਂ ਥੋੜੀ ਦੇਰ ਬਾਦ ਇਸਦੇ ਵਿੱਚ ਜਾਵਾਂਗੇ।ਠੀਕ ਹੈ।

192 ਹੁਣ, ਸ਼ੈਤਾਨ ਦੀ ਤਸਲੀਸ ਇਸ ਤਰ੍ਹਾਂ ਚੱਲਦੀ ਹੈ, ਸ਼ੈਤਾਨ ਹਮੇਸ਼ਾਂ ਸ਼ੈਤਾਨ ਹੀ ਹੈ।ਸ਼ੈਤਾਨ, " ਮਸੀਹ ਵਿਰੋਧੀ ਆਤਮਾ ।" ਮਸੀਹ ਵਿਰੋਧੀ ਆਤਮਾ, ਮਨੁੱਖ ਵਿੱਚ ਆ ਕੇ " ਝੂਠਾ ਨਬੀ " ਬਣ ਜਾਂਦੀ ਹੈ।ਫਿਰ ਇਹ " ਪਸ਼ੂ " ਬਣ ਜਾਂਦੀ ਹੈ।ਸਮਝੇ? ਜਦੋਂ ......ਮਸੀਹ ਵਿਰੋਧੀ ਵਿੱਚ ਕੋਈ ਪ੍ਰੇਤ ਆਤਮਾ ਨਹੀਂ ਸੀ ; ਪ੍ਰੰਤੂ ਜਦ ਸ਼ੈਤਾਨ ਆਪ ਬਾਹਰ ਨਿੱਕਲ ਕੇ ਆਉਂਦਾ ਹੈ ਤਾਂ ਉਹ ਥੱਲੇ ਆਉਂਦਾ ਹੈ, ਅਤੇ ਉਸ ਜਗ੍ਹਾ ਨੂੰ ਸੰਭਾਲ ਲੈਂਦਾ ਹੈ ਜਿੱਥੇ ਪ੍ਰੇਤ ਆਤਮਾ ਸੀ ।ਤਦ ਸ਼ੈਤਾਨ ਮਨੁੱਖ ਵਿੱਚ ਦੇਹਧਾਰੀ ਹੋ ਜਾਂਦਾ ਹੈ।ਉਹ ਤਾਂ ਬਸ ਆਪਣੇ ਆਪ ਨੂੰ ਦੁਹਰਾਉਂਦਾ ਹੈ।

193 ਯਹੂਦਾ ਇਸਕਰਿਯੋਤੀ ਇਹੋ ਕੁਝ ਹੀ ਸੀ।ਅਤੇ ਉਸਨੇ ਕੀ ਕੀਤਾ ਸੀ? ਕੀ ਉਹ ਉਨ੍ਹਾਂ ਲੋਕਾਂ ਵਿੱਚੋਂ ਹੀ ਇੱਕ ਨਹੀਂ ਸੀ ਜਿਹੜੇ ਮਸੀਹ ਦੇ ਵਿਰੁੱਧ ਸਨ? ਕਿਉਂ, ਉਹ ਖਜਾਨਚੀ ਸੀ, ਉਹ ਮਸੀਹ ਦੇ ਨਾਲ-ਨਾਲ ਚੱਲਿਆ ਸੀ। ਉਹ ਉਨ੍ਹਾਂ ਦੇ ਨਾਲ ਚੱਲਿਆ ਸੀ, ਅਤੇ ਉਹ ਬਾਹਰ ਗਿਆ ਸੀ, ਅਤੇ ਉਸਨੇ ਭੂਤਾਂ ਨੂੰ ਕੱਢਿਆ ਸੀ ਅਤੇ ਉਸਨੇ ਵੀ ਉਹੋ ਕੁਝ ਕੀਤਾ ਸੀ ਜੋ ਬਾਕੀ ਚੇਲਿਆਂ ਨੇ ਕੀਤਾ ਸੀ।

194 ਅਤੇ ਮਸੀਹ ਦੇਹਧਾਰੀ ਪ੍ਰਮੇਸ਼ੁਰ ਸੀ ; ਪ੍ਰਮੇਸ਼ੁਰ ਦੇਹ ਵਿੱਚ, ਇਮਾਨੂਏਲ ਸੀ।ਅਤੇ ਯਹੂਦਾ ਵਿਨਾਸ਼ ਦਾ ਪੁੱਤਰ ਸੀ।ਅਤੇ ਯਿਸੂ ਪ੍ਰਮੇਸ਼ੁਰ ਦਾ ਪੁੱਤਰ ਸੀ।ਦੇਹਧਾਰੀ ਪ੍ਰਮੇਸ਼ੁਰ ; ਦੇਹਧਾਰੀ ਸ਼ੈਤਾਨ।

195 ਕੁਝ ਲੋਕ ਉਸ ਵੇਲੇ ਤਿੰਨ ਸਲੀਬਾਂ ਵੇਖਦੇ ਹਨ। ਪ੍ਰੰਤੂ ਉੱਥੇ ਚਾਰ ਸਨ। ਤਿੰਨ ਗੋਲਗੱਥਾ ਉੱਤੇ ਸਨ ਜਿਹੜੀਆਂ ਕਿ ਅਸੀਂ ਵੇਖਦੇ ਹਾਂ ।ਯਿਸੂ ਵਿੱਚਕਾਰ ਸੀ ਇੱਕ ਚੋਰ ਉਸਦੇ ਖੱਬੇ ਪਾਸੇ ਅਤੇ ਇੱਕ ਸੱਜੇ ਪਾਸੇ ਸੀ।

196 ਅਤੇ ਵੇਖੋ, ਇੱਕ ਡਾਕੂ ਨੇ ਦੂਜੇ ਡਾਕੂ ਨੂੰ ਕਿਹਾ ਜਾਂ ਇੱਕ ਡਾਕੂ ਨੇ ਯਿਸੂ ਨੂੰ ਕਿਹਾ, " ਜੇ ਤੂੰ ......" ਹੁਣ, ਤੁਸੀਂ ਜਾਣਦੇ ਹੋ ਉਹ ਵਚਨ ਹੈ।ਪ੍ਰੰਤੂ, "ਜੇ ਤੂੰ ਵਚਨ ਹੈਂ ਤਾਂ ਕੀ ਤੂੰ ਆਪਣੇ ਆਪ ਨੂੰ ਨਹੀਂ ਬਚਾਵੇਂਗਾ ? ਕੀ ਤੂੰ ਇਸ ਮਾਮਲੇ ਵਿੱਚ ਕੁਝ ਨਹੀਂ ਕਰੇਗਾ?"

197 ਬਿਲਕੁੱਲ ਇਹ ਹੀ ਗੱਲ ਅੱਜ ਹੈ। ਕੀ ਤੁਸੀਂ ਉਨ੍ਹਾਂ ਪੁਰਾਣੇ ਸ਼ੈਤਾਨਾਂ ਨੂੰ ਇਹ ਕਹਿੰਦੇ ਹੋਏ ਨਹੀਂ ਸੁਣਿਆ, "ਜੇ ਤੁਸੀਂ ਰੱਬੀ ਚੰਗਾਈ ਤੇ ਵਿਸ਼ਵਾਸ਼ ਕਰਦੇ ਹੋ, ਤਾਂ *ਇੱਥੇ* ਕਿਸੇ ਦੀਆਂ ਅੱਖਾਂ



ਨੂੰ ਸਰਾਪਤ ਕਰ ਦਿੱਤਾ।ਹਰ ਇੱਕ ਮਿਸ਼ਨ ਦੇ ਗਿਰਜੇ ਦੀ ਰੂਪ ਰੇਖਾ ਜੋ ਕਦੇ ਸੀ ਜਾਂ ਕਦੇ ਹੋਵੇਗੀ ਇਸੇ ਕਾਰਨ ਹੀ ਸਰਾਪੀ ਹੋਏ ਹਨ ਅਤੇ ਡਿੱਗ ਗਏ ਕਿਉਂਕਿ ਉੱਥੇ ਕੋਈ ਹੋਰ ਰਾਹ ਨਹੀਂ ਸੀ।

174 ਜਦ ਕਦੇ ਵੀ ਤੁਸੀਂ ਕਿਸੇ ਮਸਲੇ ਦੇ ਨਿਪਟਾਰੇ ਲਈ ਕੁਝ ਲੋਕਾਂ ਦਾ ਸਮੂਹ ਇੱਕਠਾ ਕਰੋ ਤਾਂ ਕਿਸੇ ਦਾ ਵਿਚਾਰ ਤਾਂ *ਇਸ* ਤਰਫ ਅਤੇ ਕਿਸੇ ਦਾ ਵਿਚਾਰ *ਉਸ* ਤਰਫ ਹੁੰਦਾ ਹੈ ਅਤੇ ਕਿਸੇ ਦਾ *ਇਸ* ਤਰਫ ਹੁੰਦਾ ਹੈ, ਅਤੇ ਫਿਰ ਉਹ ਕੀਤੇ ਗਏ ਫੈਸਲਿਆਂ ਨੂੰ ਪਰਖਦੇ ਹਨ, ਅਤੇ ਫਿਰ ਜਿਹੜੀ ਚੀਜ਼ ਆਉਂਦੀ ਹੈ ਉਹ ਉਹ ਹੀ ਹੁੰਦੀ ਹੈ ਜੋ ਤੁਹਾਨੂੰ ਮਿਲਦੀ ਹੈ।

175 ਨੀਸੀਆ ਦੀ ਸਭਾ ਵੇਲੇ ਇਹੋ ਕੁਝ ਹੀ ਉਨ੍ਹਾਂ ਨੇ ਕੀਤਾ ਸੀ।ਇਹੋ ਕੁਝ ਹੀ ਮੈਥੋਡਿਸਟ, ਪ੍ਰੈਸਬਾਈਟੇਰੀਅਨ, ਚਰਚ ਆੱਫ ਕ੍ਰਾਈਸਟ ਅਤੇ ਉਨ੍ਹਾਂ ਬਾਕੀ ਸਾਰਿਆਂ ਨੇ ਕੀਤਾ ਹੈ। ਅਤੇ ਉਨ੍ਹਾਂ ਨੂੰ ਇਸ ਨਾਲ ਕੋਈ ਵੀ ਲੈਣਾ ਦੇਣਾ ਨਹੀਂ ਹੈ ਕਿ ਖੁਦਾ ਕਿਸੇ ਮਨੁੱਖ ਤੇ ਕੀ ਪ੍ਰਗਟ ਕਰਦਾ ਹੈ ਤੇ ਉਹ ਉਸੇ ਹੀ ਢੰਗ ਦੀ ਸਿੱਖਿਆ ਦੇਣਗੇ ਜਿਵੇਂ ਕਿ ਉਨ੍ਹਾਂ ਨੇ ਘੜੇ-ਘੜਾਏ ਅਕੀਦੇ ਤੇ ਸਿਧਾਂਤ ਸਿੱਖੇ ਹਨ, ਨਹੀਂ ਤਾਂ ਉਹ ਤੁਹਾਨੂੰ ਆਪਣੀ ਜੱਥੇਬੰਦੀ ਵਿੱਚੋਂ ਬਾਹਰ ਕੱਢ ਦੇਣਗੇ।ਹੁਣ ਤੁਸੀਂ ਮੇਰੇ ਨਾਲ ਉਨ੍ਹਾਂ ਬਾਰੇ ਕੋਈ ਗੱਲ ਨਾ ਕਰੋ ਮੈਂ ਆਪ ਉਨ੍ਹਾਂ ਦੇ ਅੰਦਰ ਰਹਿ ਕੇ ਵੇਖਿਆ ਹੈ ਤੇ ਮੈਂ ਉਹਨਾਂ ਦੀਆਂ ਗੱਲਾਂ ਨੂੰ ਜਾਣਦਾ ਹਾਂ।

176 ਅਤੇ ਬਿਲਕੁੱਲ ਇਸੇ ਤਰ੍ਹਾਂ ਹੀ ਹੋਇਆ ਹੈ, ਸਾਰੀ ਚੀਜ਼ ਉੱਤੇ ਹੀ ਸਰਾਪ ਪਿਆ ਹੋਇਆ ਹੈ।ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਦੂਤ ਨੇ ਇਹ ਕਿਹਾ, " ਹੇ ਮੇਰੀ ਪਰਜਾ ਉਨ੍ਹਾਂ ਵਿੱਚੋਂ ਬਾਹਰ ਨਿੱਕਲ ਆ, ਮਤੇ ਤੂੰ ਉਹਦੀਆਂ ਬਵਾਂ ਵਿੱਚ ਭਾਗੀ ਹੋਵੇਂ।" ਕਿਉਂ ਜੋ ਉਹ ਜਾ ਰਹੀ ਹੈ .......ਉਹ ਸਰਾਪੀ ਹੈ, ਉਸ ਦੇ ਉੱਤੇ ਪ੍ਰਮੇਸ਼ੁਰ ਦੇ ਕ੍ਰੋਧ ਦਾ ਸਰਾਪ ਪੈਣ ਵਾਲਾ ਹੈ ਕਿਉਂਕਿ ਉਸਨੇ ਆਪਣੀ ਪਵਿੱਤਰਤਾ ਅਤੇ ਅਧਿਕਾਰ ਵੇਚ ਦਿੱਤੇ ਹਨ। ਸਮਝੇ ? ਪ੍ਰੰਤੂ .......ਹੇ ਮੇਰੇ ਖੁਦਾ !

177 ਪ੍ਰੰਤੂ ਯਾਦ ਰੱਖੋ।ਇਸ ਸਾਰੇ ਹਾਲ ਨੂੰ ਵੇਖ ਕੇ ਫਿਰ ਵੀ ਖੁਦਾ ਨੇ ਅੰਤ ਦੇ ਦਿਨਾਂ ਲਈ ਯੋਏਲ 2: 25 ਵਿੱਚ ਵਾਇਦਾ ਕੀਤਾ ਹੈ ਕਿ, " ਅੰਤਲੇ ਦਿਨਾਂ ਵਿੱਚ........." ਜੇ ਤੁਸੀਂ ਚਾਹੋ ਤਾਂ ਇਸਨੂੰ ਨੋਟ ਕਰ ਸੱਕਦੇ ਹੋ।

178 ਜਿੱਥੇ ਉਸਨੇ ਕਿਹਾ, " ਜੋ ਕੁਝ ਟੋਕੇ ਤੋਂ ਬਚਿਆ ਉਹਨੂੰ ਸਲਾ ਖਾ ਗਈ ਅਤੇ ਜੋ ਸਲਾ ਤੋਂ ਬਚਿਆ ਉਹਨੂੰ ਟਪੂਸੀ ਮਾਰ ਟਿੱਡੀ ਖਾ ਗਈ ........." ਅਤੇ ਇਸੇ ਤਰ੍ਹਾਂ ਇਹ ਆਗਾਂਹ ਵੱਧਦਾ ਗਿਆ, ਅਤੇ ਫਿਰ ਇਹ ਖੂਨ ਚੂਸਣ ਵਾਲੇ ਜੰਤੂ ਕਲੀਸਿਯਾ ਨੂੰ ਖਾਂਦੇ ਹੀ ਗਏ ਜਦ ਤੱਕ ਕਿ ਅੰਤ ਵਿੱਚ ਹੋਰ ਕੁਝ ਨਹੀਂ ਬਲਕਿ ਇੱਕ ਟੁੰਡ ਹੀ ਰਹਿ ਗਿਆ।ਧਿਆਨ ਦਿਓ, ਜੋ ਕੁਝ ਰੋਮਨ ਕੈਥੋਲਿਕਾਂ ਨੇ ਛੱਡਿਆ ਉਹਨੂੰ ਲੂਥਰ ਖਾ ਗਏ ;ਜੋ ਲੂਥਰਾਂ ਨੇ ਛੱਡਿਆ ਉਹਨੂੰ ਮੈਥੋਡਿਸਟਾਂ ਨੇ ਖਾ ਲਿਆ ਅਤੇ ਜੋ ਕੁਝ ਮੈਥੋਡਿਸਟਾਂ ਕੋਲੋਂ ਬਚਿਆ ਉਸਨੂੰ ਪੈਂਟੀਕਾਸਟਲਾਂ ਨੇ ਖਾ ਲਿਆ, ਜਦ ਤੱਕ ਕਿ ਇਹ ਇੱਕ ਟੁੰਡ ਨਾ ਬਣ ਗਿਆ।

179 ਅਤੇ ਕੀ ਤੁਸੀਂ ਇਸਦੇ ਬਾਰੇ ਵਿੱਚ ਜਾਣਦੇ ਹੋ ? ਤੁਸੀਂ ਇਨ੍ਹਾਂ ਕੀੜਿਆਂ (ਜੰਤੂਆਂ)ਨੂੰ ਫੜੋ, ਟੋਕਾ ਅਤੇ ਸਲਾ, ਅਤੇ ਬਾਕੀ, ਅਤੇ ਤੁਸੀਂ ਉਨ੍ਹਾਂ ਦਾ ਪਿੱਛਾ ਕਰੋ ਅਤੇ ਤੁਹਾਨੂੰ ਪਤਾ ਲੱਗੇਗਾ ਕਿ ਉਹ ਇੱਕ ਹੀ ਕੀੜਾ ਹੈ ਜੋ ਵੱਖ-ਵੱਖ ਹਾਲਤਾਂ ਵਿੱਚ ਹੈ।

180 ਤੁਸੀਂ ਆਪਣੇ ਵਿਸ਼ੇ ਨੂੰ ਫੜ ਕੇ ਰੱਖੋ।ਇਹੋ ਕੁਝ ਹੀ ਮੋਹਰਾਂ ਹਨ।ਇਹ ਇੱਕ ਹੀ ਕੀੜਾ ਹੈ। ਜਦ ਅਸੀਂ ਇਨ੍ਹਾਂ ਨੂੰ ਪ੍ਰਗਟ ਕਰਾਂਗੇ ਤਾਂ ਤੁਸੀਂ ਇਸਨੂੰ ਵੇਖੋਗੇ । ਇਹ ਹਮੇਸ਼ਾਂ ਇੱਕ ਹੀ ਕੀੜਾ ਸੀ । ਇਹ ਚਾਰ ਕੀੜੇ ਜਿਨ੍ਹਾਂ ਦਾ ਇੱਥੇ ਵਰਣਨ ਕੀਤਾ ਗਿਆ ਹੈ ; ਉਹ ਇੱਕ ਹੀ ਕੀੜੇ ਦੇ ਅਲੱਗ-ਅਲੱਗ ਰੂਪ ਹਨ।ਇਹ ਇੱਕ ਹੀ ਆਤਮਾ ਹੈ। ਜੋ ਇੱਕ ਨੇ ਛੱਡਿਆ ਉਸਨੂੰ ਦੂਸਰੇ ਨੇ ਖਾ ਲਿਆ; ਅਤੇ ਜੋ *ਇਸ* ਨੇ ਛੱਡਿਆ, ਦੂਸਰੇ ਨੇ ਉਸਨੂੰ ਖਾ ਲਿਆ ; ਇਸੇ ਤਰ੍ਹਾਂ ਹੀ ਅੱਗੇ ਖਾਂਦੇ ਗਏ, ਇੱਥੋਂ ਤੱਕ ਕਿ ਇਹ ਟੂੰਡ ਬਣ ਕੇ ਹੀ ਰਹਿ ਗਿਆ।

181 ਪ੍ਰੰਤੂ ਯੋਏਲ ਨਬੀ ਨੇ ਆਖਿਆ ਹੈ, " ਯਹੋਵਾਹ ਇਉਂ ਆਖਦਾ ਹੈ, ਮੈਂ ਸਾਰੇ ਸਾਲਾਂ ਦਾ ਜੋ ਕੀੜਿਆਂ ਨੇ ਖਾ ਲਿਆ ਸੀ ਤੁਹਾਨੂੰ ਬਹਾਲ ਕਰ ਦਿਆਂਗਾ।"

182 ਇਹ ਕੀ ਗੱਲ ਹੈ? ਉਹ ਇਸਨੂੰ ਕਿਵੇਂ ਕਰੇਗਾ; ਕੀ ਅਜਿਹਾ ਉਸ ਮਸੀਹ ਵਿਰੋਧੀ ਦੇ ਹੱਥੋਂ ਹੋਇਆ ਜੋ ਮਸੀਹ ਦੀ ਸਿੱਖਿਆ ਦੇ ਵਿਰੁੱਧ ਰਿਹਾ ਹੈ ਜਿਹਨੇ ਵਚਨ ਦੀ ਜਗ੍ਹਾ ਤੇ ਅਕੀਦਿਆਂ ਨੂੰ ਅਪਨਾ ਲਿਆ ? ਜਿਵੇਂ ਕਿ ਬਾਈਬਲ ਆਖਦੀ ਹੈ ਕਿ ਉਨ੍ਹਾਂ ਸਾਰੇ ਸਾਲਾਂ ਵਿੱਚ ਸੁਧਾਰਕਾਂ ਨੇ ਉਸੇ ਬਿਗਾੜ ਨੂੰ ਸੁਧਾਰਿਆ।

183 "ਪ੍ਰੰਤੂ ਅੰਤ ਦੇ ਦਿਨਾਂ ਵਿੱਚ ਤੁਰ੍ਹੀ ਵਜਾਉਣ ਦੇ ਦਿਨਾਂ ਵਿੱਚ ......." ਪ੍ਰਕਾਸ਼ ਦੀ ਪੋਥੀ 10:1-7, ਵਿੱਚ ਉਸਨੇ ਕਿਹਾ, " ਅੰਤ ਦੇ ਦਿਨਾਂ ਵਿੱਚ ਸੱਤਵੇਂ ਦੂਤ ਦੀ ਅਵਾਜ਼ ਦੇ ਦਿਨੀਂ ਜਦ ਉਹ ਤੁਰ੍ਹੀ ਵਜਾਵੇਗਾ ਪ੍ਰਮੇਸ਼ੁਰ ਦੇ ਭੇਤ ਸੰਪੂਰਣ ਹੋ ਜਾਣਗੇ।" ਮਲਾਕੀ 4 ਵਿੱਚ ਆਖਿਆ ਗਿਆ ਹੈ, " ਇਸ ਤੋਂ ਪਹਿਲਾਂ ਕਿ ਯਹੋਵਾਹ ਦਾ ਵੱਡਾ ਅਤੇ ਭੈਦਾਇਕ ਦਿਨ ਜੋ ਤੰਦੂਰ ਵਾਗੂੰ ਸਾੜੇ ਜਾਣ ਵਾਲਾ ਹੈ, ਆਵੇ ਮੈਂ ਏਲੀਯਾਹ ਨਬੀ ਨੂੰ ਤੁਹਾਡੇ ਲਈ ਘੱਲਾਂਗਾ ਜੋ ਬਾਲਕਾਂ ਦੇ ਦਿਲਾਂ ਨੂੰ ਪਿੱਤਰਾਂ ਦੇ ਵਿਸ਼ਵਾਸ਼ ਵੱਲ ਮੋੜੇਗਾ।" ਮੁੱਢਲੇ ਵਿਸ਼ਵਾਸ਼ ਵੱਲ, ਰਸੂਲਾਂ ਦੇ ਵਿਸ਼ਵਾਸ਼ ਵੱਲ, ਪੈਂਤੀਕੁਸਤ ਵੱਲ ਮੋੜੇਗਾ ਜਿਸਦਾ ਕਿ ਬਹਾਲ ਕਰਨ ਦਾ ਵਾਇਦਾ ਕੀਤਾ ਗਿਆ ਹੈ । ਹੁਣ ਇਹ ਗੱਲ ਓਨੀ ਹੀ ਸਾਫ ਹੈ ਜਿੰਨਾ ਕਿ ਵਚਨ ਦੀਆਂ ਲਿਖਤਾਂ ਨੇ ਬਿਆਨ ਕੀਤਾ ਹੈ।ਅਰ ਜੇ ਅਸੀਂ ਅੰਤ ਦੇ ਦਿਨਾਂ ਵਿੱਚ ਹਾਂ ਤਾਂ ਜਰੂਰ ਕੁਝ ਹੋਣ ਵਾਲਾ ਹੈ।ਸਮਝੇ?ਅਤੇ ਇਹ ਹੋ ਰਿਹਾ ਹੈ, ਅਤੇ ਅਸੀਂ ਇਸਨੂੰ ਵੇਖ ਰਹੇ ਹਾਂ।

184 ਸ਼ੈਤਾਨ ਦੀ ਤਸਲੀਸ ਵੱਲ ਧਿਆਨ ਦਿਓ।ਇਹ ਇੱਕ ਹੀ ਆਦਮੀ ਹੈ ਜੋ ਆਉਂਦਾ ਹੈ; ਅਤੇ ਉਹ ਇੱਕ ਸ਼ਕਲ ਤੋਂ ਦੂਸਰੀ ਸ਼ਕਲ ਬਦਲਦਾ ਹੈ। ਬਿਲਕੁੱਲ ਇਸੇ ਤਰ੍ਹਾਂ ਹੀ ਉਨ੍ਹਾਂ ਕੀੜਿਆਂ ਨੇ ਕੀਤਾ ਸੀ, ਉਨ੍ਹਾਂ ਨੇ ਤਾਂ ਬਸ ਇੱਕ ਸ਼ਕਲ ਤੋਂ ਦੂਸਰੀ ਸ਼ਕਲ ਧਾਰੀ ਸੀ ।ਨਿਕੁਲਾਈ, "ਆਤਮਿਕ ਮਸੀਹ ਵਿਰੋਧੀ " ਹੈ।ਪੋਪ, "ਝੂਠਾ ਨਬੀ " ਹੈ। "ਪਸ਼ੂ ", ਸ਼ੈਤਾਨ ਆਪ ਅਵਤਾਰਧਾਰੀ ਹੈ।ਉਹ ਇਹ ਨਹੀਂ ਕਰ ਸੱਕਦਾ ਹੈ .......

185 ਹੁਣ ਤੁਸੀਂ ਇਸਨੂੰ ਬਸ ਆਪਣੇ ਦਿਮਾਗ ਵਿੱਚ ਬਿਠਾ ਰੱਖੋ ਜਦਕਿ ਤੁਸੀਂ ਇਸਨੂੰ ਸਮਝਦੇ ਹੋ । ਤੁਸੀਂ ਇਨ੍ਹਾਂ ਘੋੜ ਸਵਾਰਾਂ ਨੂੰ ਉੱਥੇ ਤੱਕ ਨਿੱਕਲਦੇ ਹੋਏ ਵੇਖਣ ਜਾ ਰਹੇ ਹੋ। ਮੈਂ ਇੱਥੇ ਤੁਹਾਡੇ ਲਈ ਇੱਕ ਤਸਵੀਰ ਵਿਖਾ ਰਿਹਾਂ ਹਾਂ। ਜੇ ਮੈਂ ਇਹਨੂੰ ਬਲੈਕ ਬੋਰਡ ਤੇ ਬਣਾਇਆ ਹੁੰਦਾ ਤਾਂ ਤੁਸੀਂ ਇਸਨੂੰ ਵਧੀਆ ਢੰਗ ਨਾਲ ਸਮਝ ਸੱਕਦੇ ਸੀ। ਵੇਖੋ, ਮੈਂ ਇਹਨੂੰ ਧਿਆਨ ਨਾਲ ਵੇਖ ਰਿਹਾ ਹਾਂ।



186 ਹੁਣ ਪਹਿਲਾਂ ।ਤੁਸੀਂ ਇਸਨੂੰ ਯਾਦ ਰੱਖੋ ।ਪਹਿਲੀ ਗੱਲ, ਉਹ "ਮਸੀਹ ਵਿਰੋਧੀ ਆਤਮਾ " ਹੈ । ਯੂਹੰਨਾ ਨੇ ਇੰਝ ਹੀ ਆਖਿਆ ਹੈ। " ਛੋਟੇ ਬੱਚਿਓ, ਮਸੀਹ ਵਿਰੋਧੀ ਦਾ ਆਤਮਾ ਤਾਂ ਹੁਣ ਵੀ ਅਣਆਗਿਆਕਾਰੀ ਦੇ ਪੁੱਤਰਾਂ ਵਿੱਚ ਕੰਮ ਕਰੀ ਜਾ ਰਿਹਾ ਹੈ।" ਵੇਖੋ, ਇਸ ਤੋਂ ਬਾਦ ਉਹ ਬੀਜ ਵੱਧਣਾ ਸ਼ੁਰੂ ਕਰ ਦਿੰਦਾ ਹੈ।ਇਸ ਤੋਂ ਬਾਦ ਅਗਲੇ ਕਲੀਸਿਯਾ ਦੇ ਯੁੱਗ ਵਿੱਚ ਉਹ ਇੱਕ ਤਰ੍ਹਾਂ ਦਾ " ਅਖਾਣ "(ਕਥਨ) ਬਣ ਜਾਂਦਾ ਹੈ।ਅਤੇ ਉਸ ਤੋਂ ਅਗਲੇ ਕਲੀਸਿਯਾ ਦੇ ਯੁੱਗ ਵਿੱਚ ਉਹ ਇੱਕ "ਮੱਤ" ਬਣ ਗਿਆ ।ਉਸ ਤੋਂ ਅਗਲੇ ਕਲੀਸਿਯਾਈ ਯੁੱਗ ਵਿੱਚ ਉਹਨੂੰ ਮੁਕਟ ਪਹਿਨਾ ਦਿੱਤਾ ਜਾਂਦਾ ਹੈ।ਹੁਣ ਕੀ ਇਹ ਗੱਲ ਏਨੀ ਸਪੱਸ਼ਟ ਨਹੀਂ ਜਿੰਨੀ ਕਿ ਸਾਨੂੰ ਪੜ੍ਹਨ ਨੂੰ ਮਿਲਦੀ ਹੈ, ਜਿਹਨੂੰ ਤੁਸੀਂ ਕਿਸੇ ਵੀ ਥਾਂ ਤੋਂ ਪੜ੍ਹ ਸੱਕਦੇ ਹੋ ? ਸਮਝੇ?ਵੇਖੋ, ਉਹ ਆਉਂਦਾ ਹੈ।

187 ਹੁਣ ਪਹਿਲਾਂ ਉਹ ਕੀ ਕਹਾਇਆ ? " ਮਸੀਹ ਵਿਰੋਧੀ ਆਤਮਾ ", ਕਿਉਂਕਿ ਉਹ ਵਚਨ ਦੇ ਵਿਰੁੱਧ ਸੀ। ਇਹੋ ਹੀ ਉਸਨੇ ਸ਼ੁਰੂ ਕੀਤਾ ਸੀ। ਬਿਲਕੁੱਲ ਇਹ ਹੀ ਸੱਭਨਾਂ ਨੇ ਕੀਤਾ ਸੀ, ਸਾਰੇ ਪ੍ਰਮੇਸ਼ੁਰ ਦੇ ਵਚਨ ਤੋਂ ਦੂਰ ਚਲੇ ਗਏ ਸਨ।ਇਹ ਇਸ ਲਈ ਨਹੀਂ ਹੋਇਆ ਕਿਉਂਕਿ ਹੋ ਸੱਕਦਾ ਹੈ ਕਿ ਇੱਕ ਦਿਨ ਹੱਵਾਹ ਨੇ ਕਾਇਨ ਨੂੰ ਡਾਟਿਆਂ ਜਾਂ ਮਾਰਿਆ ਹੋਵੇ। ਸਮਝੇ? ਇਹ ਉਹ ਨਹੀਂ ਸੀ ਜੋ ਉਸਨੇ ਕੀਤਾ ਸੀ। ਪਹਿਲਾਂ ਕੰਮ ਜਿਹੜਾ ਹੋਇਆ ਉਹ ਇਹ ਸੀ ਕਿ ਉਹ ਸਾਰੇ ਵਚਨ ਤੋਂ ਫਿਰ ਗਈ ਸੀ।ਉਹ ਵਚਨ ਤੋਂ ਲਾਂਭੇ ਹੋ ਗਈ।ਅਤੇ ਜਿਹੜਾ ਪਹਿਲਾ ਕੰਮ ਜੀਉਂਦੇ ਪ੍ਰਮੇਸ਼ੁਰ ਦੀ ਕਲੀਸਿਯਾ ਨੇ ਕੀਤਾ, ਮਸੀਹ ਦੀ ਦੁਲਹਨ ਵਿੱਚ ਸ਼ੁਰੂ ਹੋਇਆ ਉਹ ਵੇਸ਼ਵਾਪਨ ਸੀ।ਉਹ ਵਚਨ ਤੋਂ ਲਾਂਭੇ ਹੋ ਗਈ ਸੀ ; ਅਤੇ ਉਹਨੇ ਖ਼ੁਦਾ ਦਾ ਵਚਨ ਕਬੂਲ ਕਰਨ ਦੀ ਬਜਾਏ ਰੋਮਨ ਅਕੀਦੇ ਨੂੰ ਕਬੂਲ ਕੀਤਾ ।ਹਰ ਇੱਕ ਜੱਥੇਬੰਦੀ ਨੂੰ ਕੀ ਹੋਇਆ? ਉਨ੍ਹਾਂ ਨੇ ਵੀ ਬਿਲਕੁੱਲ ਇਹੋ ਹੀ ਕੰਮ ਕੀਤਾ।

188 ਹੁਣ, ਪ੍ਰੰਤੂ ਉਸਨੇ ਵਾਇਦਾ ਕੀਤਾ ਹੈ ਕਿ ਅੰਤ ਦੇ ਦਿਨਾਂ ਵਿੱਚ ਫਿਰ ਦੁਬਾਰਾ ਬਹਾਲ ਕਰਨ ਦਾ ਰਾਹ ਬਣਾਏਗਾ।ਪ੍ਰਭੂ ਦਾ ਵਚਨ ਧਰਤੀ ਤੇ ਬਰਸਾਇਆ ਜਾਵੇਗਾ ਜਿਵੇਂ ਕਿ ਉਸਨੇ ਸ਼ੁਰੂ ਵਿੱਚ ਕੀਤਾ ਸੀ, ਅਤੇ ਔਹ, ਉਹ ਫਿਰ ਬਹਾਲ ਕਰੇਗਾ ਜਿੱਥੋਂ ਇਹ ਸ਼ੁਰੂ ਹੋਇਆ ਸੀ।" ਵਚਨ ਦੇ ਵਿਰੁੱਧ।" ਅਤੇ ਜਦੋਂ ਇਹ ਮਨੁੱਖ ਪ੍ਰਮੇਸ਼ੁਰ ਦੇ ਆਤਮਾ ਨਾਲ ਮਸ੍ਹਾ ਹੋ ਕੇ ਆਏਗਾ, ਤਾਂ ਉਹ ਕੀ ਕਰੇਗਾ? ਉਹ ਬਾਲਕਾਂ ਦੇ ਵਿਸ਼ਵਾਸ ਨੂੰ ਪੇਵਾਂ ਦੇ ਵਿਸ਼ਵਾਸ਼ ਵੱਲ ਮੋੜੇਗਾ।" ਉਹ ਇਸੇ ਢੰਗ ਨਾਲ ਹੀ ਇਸਨੂੰ ਮੁੱਢਲੀ ਹਾਲਤ ਵਿੱਚ ਲੈ ਕੇ ਆਵੇਗਾ।ਅਤੇ ਤੁਹਾਨੂੰ ਉਹ ਹੀ ਵਚਨ ਮਿਲਦਾ ਹੈ, ਤੁਹਾਨੂੰ ਇਹ ਉਸੇ ਤਰ੍ਹਾਂ ਦਾ ਮਿਲਦਾ ਹੈ ਜਿਸ ਤਰ੍ਹਾਂ ਦਾ ਇਹ *ਇੱਥੇ* ਹੈ, ਅਤੇ ਇਹ ਉਨ੍ਹਾਂ ਹੀ ਕੰਮਾਂ ਨੂੰ ਕਰੇਗਾ।

189 ਯਿਸੂ ਨੇ ਕਿਹਾ ਸੀ, " ਜੇ ਕੋਈ ਮੇਰਾ ਮਨੁੱਖ ਹੋਵੇ !ਅਤੇ ਉਹ ਜਿਹੜਾ ਮੇਰੇ ਤੇ ਵਿਸ਼ਵਾਸ਼ ਕਰਦਾ ਹੈ ਇਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਵੀ ਕਰੇਗਾ ।" ਅਤੇ ਜਦੋਂ ਲੋਕਾਂ ਨੇ ਉਸਨੂੰ ਕੁਝ ਕਰਨ ਲਈ ਕਿਹਾ ਤਾਂ ਉਸਨੇ ਕਿਹਾ, " ਮੈਂ ਉਹ ਹੀ ਕਰਦਾ ਹਾਂ ਜੋ ਪਿਤਾ ਮੈਨੂੰ ਵਿਖਾਉਂਦਾ ਹੈ। ਮੈਂ ਤਦ ਤੱਕ ਕੁਝ ਨਹੀਂ ਕਰਦਾ ਹਾਂ ਜਦ ਤੱਕ ਕਿ ਮੈਂ ਪਿਤਾ ਨੂੰ ਕਰਦੇ ਹੋਈ ਨਾ ਵੇਖ ਲਵਾਂ।ਜਿਹੜੇ ਕੰਮ ਮੈਂ ਪਿਤਾ ਨੂੰ ਕਰਦੇ ਹੋਏ ਨੂੰ ਵੇਖਦਾ ਹਾਂ ਉਹ ਹੀ ਕੰਮ ਮੈਂ ਵੀ ਕਰਦਾ ਹਾਂ।" ਸਮਝੇ? ਕੀ ਤੁਸੀਂ ਇਸਨੂੰ ਨਹੀਂ ਸਮਝਦੇ ਹੋ? ਕਿਉਂ ਕੀ ਇਹ ਅਖਬਾਰ ਪੜ੍ਹਨ ਵਾਂਗ ਨਹੀਂ ਹੈ।ਸਮਝੇ?